@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 11 September 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 11 ਸਤੰਬਰ 2025, 27 ਭਾਦੋਂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 302, qpatrika@gmail.com ਫੋਨ : 9971359517 www.qaumipatrika.org

## RDX ਦੀ ਧਮਕੀ ਤੋਂ ਬਾਅਦ ਤਖ਼ਤ ਸ੍ਰੀ ਪਟਨਾ ਸਾਹਿਬ ਗੁਰਦੁਆਰਾ ਦੀ ਵਧਾਈ ਸੁਰੱਖਿਆ

ਪਟਨਾ 10 ਸਤੰਬਰ। ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਗੁਰਦੁਆਰਾ ਸਾਹਿਬ ਵਿੱਚ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਗੁਰਦੁਆਰੇ ਦੀ ਸੁਰੱਖਿਆ ਵਿਚ ਵਾਧਾ ਕਰ ਦਿੱਤਾ ਗਿਆ ਹੈ। ਇਸ ਗੱਲ ਦੀ ਜਾਣਕਾਰੀ ਪੁਲਸ ਵਲੋਂ ਮੰਗਲਵਾਰ ਨੂੰ ਦਿੱਤੀ ਗਈ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜਨਮ ਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨੂੰ ਸੋਮਵਾਰ ਵਾਲੇ ਦਿਨ ਇੱਕ ਧਮਕੀ ਭਰਿਆ ਈਮੇਲ ਮਿਲਿਆ ਸੀ। ਪਟਨਾ ਪੂਰਬੀ ਦੇ ਪੁਲਸ ਸੁਪਰਡੈਂਟ ਪਰਿਚੈ ਕੁਮਾਰ ਨੇ ਕਿਹਾ ਕਿ ਈਮੇਲ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਵਿਚ ਲੰਗਰ ਹਾਲ ਵਿਚ ਵਿਸਫੋਟਕ ਰੱਖੇ ਗਏ ਹਨ। ਉਨ੍ਹਾਂ ਨੇ ਦੱਸਿਆ ਕਿ ਇਸ ਮਾਮਲੇ ਦੇ ਸਬੰਧ ਵਿਚ ਗੁਰਦੁਆਰੇ ਦੇ ਕੰਪਲੈਕਸ ਦੀ ਸੁਰੱਖਿਆ ਤੁਰੰਤ ਵਧਾ ਦਿੱਤੀ ਗਈ ਹੈ ਅਤੇ ਬੰਬ ਸਕੁਐਡ ਅਤੇ ਡੌਗ ਸਕੁਐਡ ਤਾਇਨਾਤ ਕਰ ਦਿੱਤੇ ਗਏ ਹਨ। ਪੁਲਸ ਮੁਤਾਬਕ ਇਸ ਮਾਮਲੇ ਦੀ ਜਾਂਚ ਕਰਦੇ ਸਮੇਂ ਹੁਣ ਤੱਕ ਕਿਸੇ ਤਰ੍ਹਾਂ ਦੀ ਕੋਈ ਸ਼ੱਕੀ ਵਸਤੂ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਪਹਿਲੀ ਨਜ਼ਰੇ ਇਹ ਮੇਲ ਇੱਕ ਝੂਠੀ ਧਮਕੀ ਜਾਪਦੀ ਹੈ। ਇੱਕ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਸਾਈਬਰ ਸੈੱਲ ਮੇਲ ਦੇ ਸਰੋਤ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

## 'ਆਪਰੇਸ਼ਨ ਸਿੰਦੂਰ' ਦੌਰਾਨ 400 ਵਿਗਿਆਨੀਆਂ ਨੇ 24 ਘੰਟੇ ਕੀਤਾ ਕੰਮ : ਇਸਰੋ

ਨਵੀਂ ਦਿੱਲੀ 10 ਸਤੰਬਰ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਮੁਖੀ ਵੀ. ਨਾਰਾਇਣਨ ਨੇ ਮੰਗਲਵਾਰ ਨੂੰ ਦੱਸਿਆ ਕਿ 'ਆਪਰੇਸ਼ਨ ਸਿੰਦੂਰ' ਦੌਰਾਨ ਧਰਤੀ ਨਿਰੀਖਣ ਅਤੇ ਸੰਚਾਰ ਸੈਟੇਲਾਈਟਾਂ ਦੇ ਮਾਧਿਅਮ ਨਾਲ ਮਦਦ ਪ੍ਰਦਾਨ ਕਰਨ ਲਈ 400 ਤੋਂ ਵੱਧ ਵਿਗਿਆਨੀਆਂ ਨੇ 24 ਘੰਟੇ ਕੰਮ ਕੀਤਾ। ਅਖਿਲ ਭਾਰਤੀ ਪ੍ਰਬੰਧਨ ਸੰਘ (ਏਆਈਐੱਮਏ) ਦੇ 52ਵੇਂ ਰਾਸ਼ਟਰੀ ਪ੍ਰਬੰਧਨ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਨਾਰਾਇਣਨ ਨੇ ਕਿਹਾ ਕਿ ਇਸਰੋ ਨੇ ਰਾਸ਼ਟਰੀ ਸੁਰੱਖਿਆ ਜ਼ਰੂਰਤਾਂ ਲਈ ਸੈਟੇਲਾਈਟ ਡਾਟਾ ਉਪਲੱਬਧ ਕਰਵਾਇਆ। ਉਨ੍ਹਾਂ ਕਿਹਾ,''ਆਪਰੇਸ਼ਨ ਸਿੰਦੂਰ ਦੌਰਾਨ ਸਾਰੇ ਸੈਟੇਲਾਈਟ 24 ਘੰਟੇ ਸਰਗਰਮ ਸਨ ਅਤੇ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰ ਰਹੇ ਸਨ।'' ਨਾਰਾਇਣਨ ਨੇ ਕਿਹਾ,''400 ਤੋਂ ਵੱਧ ਵਿਗਿਆਨੀ ਦਿਨ-ਰਾਤ, ਪੂਰੀ ਸਮਰੱਥਾ ਨਾਲ ਕੰਮ ਕਰ ਰਹੇ ਸਨ ਅਤੇ ਮਿਸ਼ਨ ਦੌਰਾਨ ਸਾਰੇ ਧਰਤੀ ਨਿਰੀਖਣ ਅਤੇ ਸੰਚਾਰ ਸੈਟੇਲਾਈਟ ਪੂਰੀ ਤਰ੍ਹਾਂ ਸਰਗਰਮ ਸਨ।'' ਇਸਰੋ ਮੁਖੀ ਨੇ ਦੱਸਿਆ ਕਿ 'ਆਪਰੇਸ਼ਨ ਸਿੰਦੂਰ' ਦੌਰਾਨ ਹਥਿਆਰਬੰਦ ਸੰਘਰਸ਼ਾਂ 'ਚ ਪੁਲਾੜ ਖੇਤਰ ਦੀ ਭੂਮਿਕਾ 'ਤੇ ਵਿਸ਼ੇਸ਼ ਧਿਆਨ ਗਿਆ। ਇਸ ਦੌਰਾਨ ਡਰੋਨ ਅਤੇ ਸਵਦੇਸ਼ੀ 'ਆਕਾਸ਼ ਤੀਰ' ਵਰਗੀ ਹਵਾਈ ਰੱਖਿਆ ਪ੍ਰਣਾਲੀਆਂ ਦੀਆਂ ਸਮਰੱਥਾਵਾਂ ਦੀ ਵਿਆਪਕ ਜਾਂਚ ਹੋਈ। ਇਸਰੋ ਮੁਖੀ ਨੇ ਦੱਸਿਆ ਕਿ ਮਨੁੱਖੀ ਪੁਲਾੜ ਮਿਸ਼ਨ 'ਗਗਨਯਾਨ' ਪ੍ਰਾਜੈਕਟ ਦੇ ਅਧੀਨ ਇਸਰੋ ਬਿਨਾਂ ਚਾਲਕ ਦਲ ਵਾਲੇ ਤਿੰਨ ਮਿਸ਼ਨ ਸੰਚਾਲਿਤ ਕਰੇਗਾ, ਜਿਨ੍ਹਾਂ 'ਚ ਪਹਿਲਾ ਮਿਸ਼ਨ ਇਸ ਸਾਲ ਦਸੰਬਰ 'ਚ ਹੋਣ ਦੀ ਉਮੀਦ ਹੈ। ਇਸ ਤੋਂ ਬਾਅਦ 2 ਹੋਰ ਮਨੁੱਖ ਰਹਿਤ ਮਿਸ਼ਨ ਹੋਣਗੇ। ਨਾਰਾਇਣਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸਰੋ ਨੂੰ 2035 ਤੱਕ ਭਾਰਤ ਦਾ ਆਪਣਾ ਪੁਲਾੜ ਸਟੇਸ਼ਨ ਸਥਾਪਤ ਕਰਨ ਅਤੇ 2040 ਤੱਕ ਚੰਦਰਮਾ 'ਤੇ ਇਕ ਭਾਰਤੀ ਪੁਲਾੜ ਯਾਤਰੀ ਉਤਾਰਨ ਦਾ ਟੀਚਾ ਦਿੱਤਾ ਹੈ।



# 'ਭਾਰਤ-ਅਮਰੀਕਾ ਕਰੀਬੀ ਦੋਸਤ, ਮੈਂ ਗੱਲਬਾਤ ਕਰਨ ਲਈ ਉਤਸੁਕ ਹਾਂ': ਪ੍ਰਧਾਨ ਮੰਤਰੀ ਮੋਦੀ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 10 ਸਤੰਬਰ। ਇੱਕ ਪਾਸੇ, ਜਿੱਥੇ ਰੂਸੀ ਤੇਲ ਖਰੀਦ ਅਤੇ ਟੈਰਿਫ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ ਜਾਰੀ ਹੈ, ਉੱਥੇ ਹੀ ਦੂਜੇ ਪਾਸੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਸਬੰਧਾਂ ਨੂੰ ਲੈ ਕੇ ਸਕਾਰਾਤਮਕ ਸੰਕੇਤ ਦਿੱਤੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਗੱਲਬਾਤ ਦੇ ਸਕਾਰਾਤਮਕ ਮੁਲਾਂਕਣ ਦਾ ਗਰਮਜੋਸ਼ੀ ਨਾਲ ਜਵਾਬ ਦਿੰਦੇ ਹੋਏ ਵਿਸ਼ਵਾਸ ਪ੍ਰਗਟ ਕੀਤਾ ਕਿ ਚੱਲ ਰਹੀ ਗੱਲਬਾਤ ਦੋਵਾਂ ਦੇਸ਼ਾਂ ਵਿਚਕਾਰ ਸਾਂਝੇਦਾਰੀ ਦੀ ਅਥਾਹ ਸੰਭਾਵਨਾ ਨੂੰ ਖੋਲ੍ਹਣ ਦਾ ਰਾਹ ਪੱਧਰਾ ਕਰੇਗੀ। ਪ੍ਰਧਾਨ ਮੰਤਰੀ ਮੋਦੀ ਨੇ ਐਕਸ 'ਤੇ ਇਸ ਸਬੰਧ ਵਿਚ ਇਕ ਪੋਸਟ ਸਾਂਝੀ ਕੀਤੀ ਹੈ, ਜਿਸ ਵਿਚ ਉਹਨਾਂ ਕਿਹਾ ਕਿ ਭਾਰਤ ਅਤੇ ਅਮਰੀਕਾ ਕਰੀਬੀ ਦੋਸਤ ਅਤੇ ਕੁਦਰਤੀ ਭਾਈਵਾਲ ਹਨ। ਦੋਵੇਂ ਦੇਸ਼ ਵਪਾਰਕ ਗੱਲਬਾਤ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ, ਮੈਂ ਰਾਸ਼ਟਰਪਤੀ ਟਰੰਪ ਨਾਲ ਗੱਲ ਕਰਨ ਲਈ ਵੀ



ਉਤਸੁਕ ਹਾਂ। ਅਸੀਂ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਇੱਕ ਉੱਜਵਲ ਅਤੇ ਖੁਸ਼ਹਾਲ ਭਵਿੱਖ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਾਂਗੇ। ਸਾਡੇ ਦੋਵੇਂ ਦੇਸ਼ ਵਿਸ਼ਵ ਪੱਧਰ 'ਤੇ ਮਹੱਤਵਪੂਰਨ ਭਾਈਵਾਲ ਹਨ। ਮੈਨੂੰ ਵਿਸ਼ਵਾਸ ਹੈ ਕਿ ਸਾਡੇ ਸਾਂਝੇ ਯਤਨ ਭਾਰਤ ਅਤੇ ਅਮਰੀਕਾ ਦੇ ਨਾਗਰਿਕਾਂ ਲਈ ਇੱਕ ਸੁਨਹਿਰੀ ਅਤੇ ਖੁਸ਼ਹਾਲ ਭਵਿੱਖ ਨੂੰ ਯਕੀਨੀ ਬਣਾਉਣਗੇ। ਦੱਸ ਦੇਈਏ ਕਿ ਮੋਦੀ ਦਾ ਇਹ ਬਿਆਨ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਉਸ ਬਿਆਨ ਤੋਂ ਕੁਝ ਘੰਟਿਆਂ ਬਾਅਦ ਆਇਆ, ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਗੱਲਬਾਤ ਨੂੰ ਸਫਲਤਾਪੂਰਵਕ ਪੂਰਾ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਆਵੇਗੀ ਅਤੇ ਉਹ ਆਉਣ ਵਾਲੇ ਹਫ਼ਤਿਆਂ ਵਿੱਚ ਆਪਣੇ ਬਹੁਤ ਚੰਗੇ ਦੋਸਤ ਮੋਦੀ ਨਾਲ ਗੱਲ ਕਰਨ ਲਈ ਉਤਸੁਕ ਹਨ। ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇੱਕ ਪੋਸਟ ਰਾਹੀਂ ਕਿਹਾ ਸੀ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਰੁਕਾਵਟਾਂ ਨੂੰ ਦੂਰ ਕਰਨ ਲਈ ਗੱਲਬਾਤ ਚੱਲ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਨੂੰ 'ਬਹੁਤ ਵਧੀਆ ਦੋਸਤ' ਦੱਸਦੇ ਹੋਏ ਟਰੰਪ ਨੇ ਇਹ ਵੀ ਕਿਹਾ ਕਿ ਉਹ ਆਉਣ ਵਾਲੇ ਹਫ਼ਤਿਆਂ ਵਿੱਚ ਉਨ੍ਹਾਂ ਨਾਲ ਸਿੱਧੀ ਗੱਲਬਾਤ ਲਈ ਉਤਸ਼ਾਹਿਤ ਹਨ।

## ਦਿੱਲੀ ਗੁਰਦੁਆਰਾ ਕਮੇਟੀ ਨੇ ਘੋਨੇਵਾਲ 'ਚ ਧੁੱਸੀ ਬੰਨ੍ਹ ਨੂੰ ਪੂਰਨ ਵਾਲੀ ਸੰਗਤ ਲਈ ਲਗਾਇਆ ਲੰਗਰ: ਕਾਲਕਾ, ਕਾਹਲੋਂ

ਅੰਮ੍ਰਿਤਸਰ 10 ਸਤੰਬਰ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਘੋਨੇਵਾਲ ਵਿਚ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਵਿਚ ਪਏ ਪਾੜ ਨੂੰ ਪੂਰਨ ਵਿਚ ਲੱਗੀ ਸੰਗਤ ਵਾਸਤੇ ਗੁਰੂ ਕਾ ਲੰਗਰ ਲਗਾਇਆ ਅਤੇ ਜਦੋਂ ਤੱਕ ਇਹ ਪਾੜ ਨਹੀਂ ਪੂਰਿਆ ਜਾਂਦਾ, ਇਲਾਕੇ ਵਿਚ ਕਾਰ ਸੇਵਾ ਗੁਰੂ ਕਾ ਬਾਗ ਦੇ ਬਾਬਾ ਸਤਨਾਮ ਸਿੰਘ ਤੇ ਸਾਥੀਆਂ ਵੱਲੋਂ ਜਾਰੀ ਰਹੇਗੀ, ਓਨਾ ਚਿਰ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਗੁਰੂ ਕਾ ਲੰਗਰ ਅਤੇ ਹੋਰ ਸੇਵਾਵਾਂ ਨਿਰੰਤਰ ਚਲਦੀਆਂ ਰਹਿਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਘੋਨੇਵਾਲ ਵਿਚ ਤਕਰੀਬਨ 500 ਮੀਟਰ ਲੰਬਾ ਤੇ 40 ਫੁੱਟ ਡੂੰਘਾ ਪਾੜ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਵਿਚ ਪੈ ਗਿਆ ਸੀ ਜਿਸ ਨਾਲ ਅਜਨਾਲਾ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਵਿਚ 10 ਕਿਲੋਮੀਟਰ ਤੱਕ ਹੜ੍ਹਾਂ ਦੀ ਮਾਰ ਪਈ ਹੈ। ਉਨ੍ਹਾਂ ਦੱਸਿਆ ਕਿ ਇਸ ਪਾੜ ਕਾਰਨ ਹੀ ਇਹ ਸਾਰਾ ਇਲਾਕਾ ਪਾਣੀ ਦੀ ਮਾਰ ਹੇਠ ਆਇਆ ਜਿਸ ਨਾਲ ਨਾ ਸਿਰਫ ਫਸਲਾਂ ਡੁੱਬੀਆਂ ਹਨ ਬਲਕਿ ਘਰਾਂ ਦੇ ਘਰ ਤਬਾਹ ਹੋ ਗਏ ਹਨ। ਹੁਣ ਬਾਬਾ ਸਤਨਾਮ ਸਿੰਘ ਦੇ ਮਾਰਗ ਦਰਸ਼ਨ ਹੇਠ ਸਿਰਫ ਪੰਜਾਬ ਹੀ ਨਹੀਂ ਬਲਕਿ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼ ਤੇ ਦਿੱਲੀ ਤੱਕ ਦੀ ਸੰਗਤ ਅਤੇ ਸਥਾਨਕ ਪ੍ਰਸ਼ਾਸਨ ਰਲ ਕੇ ਇਸ ਪਾੜ ਨੂੰ ਪੂਰਨ ਦੀ ਸੇਵਾ ਵਿਚ ਲੱਗਾ ਹੋਇਆ ਹੈ ਕਿ ਅਗਲੇ ਕੁਝ ਦਿਨਾਂ ਵਿਚ ਇਹ ਪਾੜ ਸਫਲਤਾ ਨਾਲ ਪੂਰ ਲਿਆ ਜਾਵੇਗਾ।

# ਦਿੱਲੀ ਦੀ ਇਤਿਹਾਸਕ ਜਿੱਤ ਮਜ਼ਦੂਰਾਂ ਦੀ ਸਖ਼ਤ ਮਿਹਨਤ ਅਤੇ ਮੋਦੀ ਜੀ ਦੀ ਗਰੰਟੀ ਦਾ ਨਤੀਜਾ ਹੈ: ਮੁੱਖ ਮੰਤਰੀ ਰੇਖਾ ਗੁਪਤਾ

**ਕੌਮੀ ਪਤ੍ਰਿਕਾ**
**ਨਰੇਸ਼ ਮਲਹੋਤਰਾ**

ਨਵੀਂ ਦਿੱਲੀ, 10 ਸਤੰਬਰ: ਕੱਲ੍ਹ ਨਵੀਂ ਦਿੱਲੀ ਦੇ ਐਨਡੀਐਮਸੀ ਕਨਵੈਨਸ਼ਨ ਸੈਂਟਰ ਵਿਖੇ ਇੱਕ ਇਤਿਹਾਸਕ ਮੌਕੇ 'ਤੇ, ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ 'ਭਾਜਪਾ ਦਿੱਲੀ ਜਿੱਤ ਮੋਦੀ ਕੀ ਗਰੰਟੀ' ਕਿਤਾਬ ਜਾਰੀ ਕੀਤੀ। ਇਹ ਕਿਤਾਬ ਭਾਜਪਾ ਦਿੱਲੀ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਸ਼੍ਰੀਮਤੀ ਰਿਚਾ ਪਾਂਡੇ ਮਿਸ਼ਰਾ ਦੁਆਰਾ ਲਿਖੀ ਗਈ ਹੈ ਅਤੇ ਪ੍ਰਭਾਤ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। ਇਹ ਕਿਤਾਬ 27 ਸਾਲਾਂ ਬਾਅਦ ਦਿੱਲੀ ਵਿੱਚ ਭਾਰਤੀ ਜਨਤਾ ਪਾਰਟੀ ਦੀ ਬੇਮਿਸਾਲ ਜਿੱਤ ਦੇ ਸਫ਼ਰ ਦਾ ਬਿਰਤਾਂਤ ਹੈ। ਇਹ ਭਾਜਪਾ ਵਰਕਰਾਂ ਦੇ ਸੰਘਰਸ਼, ਸੰਗਠਨ ਦੀ ਤਾਕਤ, ਲੋਕਾਂ ਦੇ ਵਿਸ਼ਵਾਸ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਗਰੰਟੀ ਨੂੰ ਵਿਸਥਾਰ ਵਿੱਚ ਦਰਸਾਉਂਦੀ ਹੈ। ਪ੍ਰੋਗਰਾਮ ਦੀ ਸ਼ੁਰੂਆਤ ਦੀਪ ਜਗਾਉਣ ਨਾਲ ਹੋਈ, ਇਸ ਤੋਂ ਬਾਅਦ ਕਿਤਾਬ ਰਿਲੀਜ਼ ਕੀਤੀ ਗਈ ਅਤੇ ਇਸ 'ਤੇ ਆਧਾਰਿਤ ਇੱਕ



ਵਿਸ਼ੇਸ਼ ਵੀਡੀਓ ਪੇਸ਼ਕਾਰੀ ਕੀਤੀ ਗਈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਆਪਣੇ ਸੰਬੋਧਨ ਵਿੱਚ ਕਿਹਾ, ਇਹ ਜਿੱਤ ਕਿਸੇ ਇੱਕ ਵਿਅਕਤੀ ਦੀ ਨਹੀਂ ਹੈ, ਸਗੋਂ ਹਜ਼ਾਰਾਂ ਵਰਕਰਾਂ ਦੀ ਹੈ ਜਿਨ੍ਹਾਂ ਨੇ ਛੋਟੇ ਤੋਂ ਛੋਟੇ ਕੰਮ ਤੋਂ ਲੈ ਕੇ ਵੱਡੀਆਂ ਜ਼ਿੰਮੇਵਾਰੀਆਂ ਤੱਕ ਹਰ ਕੰਮ ਵਿੱਚ ਆਪਣਾ ਪੂਰਾ ਸਮਰਪਣ ਅਤੇ ਤਾਕਤ ਲਗਾਈ ਹੈ। 2015 ਅਤੇ 2020 ਵਿੱਚ ਹਾਰ ਤੋਂ ਬਾਅਦ ਵੀ, ਵਰਕਰਾਂ ਨੇ ਹਿੰਮਤ ਨਹੀਂ ਹਾਰੀ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੇ ਸੱਦੇ ਨੇ ਦਿੱਲੀ ਦੇ ਲੋਕਾਂ ਦੇ ਮਨਾਂ ਵਿੱਚ ਵਿਸ਼ਵਾਸ ਪੈਦਾ ਕੀਤਾ ਅਤੇ ਇਸ ਜਿੱਤ ਨੇ ਸਾਬਤ ਕਰ ਦਿੱਤਾ ਕਿ ਸਖ਼ਤ ਮਿਹਨਤ, ਸੰਗਠਨ ਅਤੇ ਇਮਾਨਦਾਰੀ ਹਮੇਸ਼ਾ ਸਫਲ ਹੁੰਦੀ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ, ਅੱਜ ਮੈਂ ਮੁੱਖ ਮੰਤਰੀ ਵਜੋਂ ਨਹੀਂ ਸਗੋਂ ਇੱਕ ਵਰਕਰ ਵਜੋਂ ਬੋਲ ਰਿਹਾ ਹਾਂ। ਇਹ ਸਰਕਾਰ ਹਰ ਵਰਕਰ ਦੀ ਸਖ਼ਤ ਮਿਹਨਤ ਅਤੇ ਲੋਕਾਂ ਦੇ ਵਿਸ਼ਵਾਸ ਦਾ ਨਤੀਜਾ ਹੈ।

Contd..........page-3

# ਅਸ਼ਵਨੀ ਵੈਸ਼ਨਵ ਨੇ ਸੈਮੀਕੰਡਕਟਰਾਂ ਸੰਬੰਧੀ ਸਰਕਾਰ ਦੀ ਯੋਜਨਾ ਬਾਰੇ ਦੱਸਿਆ

ਵੈੱਬ ਡੈਸਕ 10 ਸਤੰਬਰ। ਆਈਟੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਸੈਮੀਕੰਡਕਟਰ ਉਦਯੋਗ ਬਾਰੇ ਸਰਕਾਰ ਦੀਆਂ ਇੱਛਾਵਾਂ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਤਕਨਾਲੋਜੀ ਦੇ ਮਾਮਲੇ ਵਿੱਚ ਵੱਡੇ ਬਦਲਾਅ ਲਿਆਉਣ ਵਾਲਾ ਹੈ ਬਲਕਿ ਇਹ ਨਵੇਂ ਰੁਜ਼ਗਾਰ ਦੇ ਮੌਕਿਆਂ ਅਤੇ ਉਦਯੋਗਿਕ ਵਿਕਾਸ ਲਈ ਵੀ ਮਹੱਤਵਪੂਰਨ ਹੋਵੇਗਾ। ਇੱਕ ਇੰਟਰਵਿਊ ਵਿੱਚ ਉਨ੍ਹਾਂ ਕਿਹਾ ਕਿ ਅੱਜ ਵਿਕਾਸ ਦੇ ਮਾਮਲੇ ਵਿੱਚ ਸੈਮੀਕੰਡਕਟਰਾਂ ਦੀ ਭੂਮਿਕਾ 20ਵੀਂ ਸਦੀ ਵਿੱਚ ਸਟੀਲ ਵਰਗੀ ਹੈ। ਉਨ੍ਹਾਂ ਨੇ ਜੀਐਸਟੀ ਸੁਧਾਰਾਂ ਸਮੇਤ ਕਈ ਹੋਰ ਮੁੱਦਿਆਂ ਬਾਰੇ ਵੀ ਕਈ ਮਹੱਤਵਪੂਰਨ ਗੱਲਾਂ ਦੱਸੀਆਂ। ਵੈਸ਼ਨਵ ਨੇ ਕਿਹਾ ਕਿ ਚਿੱਪ ਨਿਰਮਾਣ ਦਾ ਆਟੋਮੋਬਾਈਲ, ਖਪਤਕਾਰ ਇਲੈਕਟ?ਰਾਨਿਕਸ ਅਤੇ ਬੁਨਿਆਦੀ ਢਾਂਚੇ ਸਮੇਤ ਕਈ ਪ੍ਰਮੁੱਖ ਖੇਤਰਾਂ 'ਤੇ ਬਹੁਤ ਵੱਡਾ ਪ੍ਰਭਾਵ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਭਾਰਤ ਵਿੱਚ ਇੱਕ ਉਦਯੋਗਿਕ ਕ੍ਰਾਂਤੀ ਸ਼ੁਰੂ ਹੋਵੇਗੀ ਜੋ ਸੈਮੀਕੰਡਕਟਰਾਂ 'ਤੇ ਅਧਾਰਤ ਹੋਵੇਗੀ। ਇੰਡੀਆ ਸੈਮੀਕੰਡਕਟਰ ਮਿਸ਼ਨ (ISM) ਦੀ ਨੀਤੀ ਦਾ ਐਲਾਨ 1 ਜਨਵਰੀ, 2022 ਨੂੰ ਕੀਤਾ ਗਿਆ ਸੀ। ਉਦੋਂ ਤੋਂ ਅਸੀਂ ਬਹੁਤ ਅੱਗੇ ਵਧ ਚੁੱਕੇ ਹਾਂ। ਅੱਜ ਸਾਡੇ ਕੋਲ 10 ਯੂਨਿਟ ਹਨ। ਇਨ੍ਹਾਂ ਵਿੱਚੋਂ 5 ਵਿੱਚ ਨਿਰਮਾਣ ਚੱਲ ਰਿਹਾ ਹੈ। ਅਸਾਮ ਪਲਾਂਟ 'ਤੇ ਵੀ ਕੰਮ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਜੇਕਰ ਤੁਸੀਂ ਇਸਨੂੰ ਵਿਆਪਕ ਦ੍ਰਿਸ਼ਟੀਕੋਣ ਤੋਂ ਦੇਖਦੇ ਹੋ, ਤਾਂ ਅਸੀਂ ਹਰ ਖੇਤਰ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਵਿੱਚ ਆਟੋਮੋਬਾਈਲ ਸੈਕਟਰ, ਟੈਲੀਕਾਮ ਸੈਕਟਰ, ਖਪਤਕਾਰ ਉਪਕਰਣ, ਪਾਵਰ ਇਲੈਕਟ?ਰਾਨਿਕਸ ਅਤੇ ਰਣਨੀਤਕ ਅਤੇ ਰੱਖਿਆ ਖੇਤਰ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਇਸ ਉਦਯੋਗ ਨਾਲ ਜੁੜੀਆਂ ਸੰਭਾਵਨਾਵਾਂ ਦਾ ਲਾਭ ਉਠਾਉਣਾ ਹੈ। ਅਗਲੇ 20-25 ਸਾਲਾਂ ਵਿੱਚ ਵਿਕਾਸ ਲਈ ਇੱਕ ਮਜ਼ਬੂਤ ??ਨੀਂਹ ਬਣਾਉਣ ਦੀ ਜ਼ਰੂਰਤ ਹੈ। ਇਸ ਲਈ ਤਿੰਨ ਚੀਜ਼ਾਂ ਮਹੱਤਵਪੂਰਨ ਹਨ। ਪਹਿਲਾ, ਸਾਡੀ ਪ੍ਰਤਿਭਾ ਪਾਈਪਲਾਈਨ ਬਹੁਤ ਮਜ਼ਬੂਤ ??ਹੈ। ਦੂਜਾ, ਭਾਰਤ ਵਿੱਚ ਇੱਕ ਪੂਰਾ ਈਕੋਸਿਸਟਮ ਹੋਣਾ ਚਾਹੀਦਾ ਹੈ। ਇਸਦਾ ਮਤਲਬ ਹੈ ਕਿ 500 ਅਜਿਹੇ ਵਿਸ਼ੇਸ਼ ਰਸਾਇਣ ਉਪਲਬਧ ਹੋਣੇ ਚਾਹੀਦੇ ਹਨ, ਜੋ ਨਿਰਮਾਣ ਵਿੱਚ ਵਰਤੇ ਜਾਂਦੇ ਹਨ। 50 ਵਿਸ਼ੇਸ਼ ਗੈਸਾਂ ਹੋਣੀਆਂ ਚਾਹੀਦੀਆਂ ਹਨ, ਜੋ ਸੈਮੀਕੰਡਕਟਰ ਉਦਯੋਗ ਵਿੱਚ ਵਰਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕਈ ਤਰ੍ਹਾਂ ਦੇ ਉਪਕਰਣਾਂ ਅਤੇ ਹੁਨਰਾਂ ਦੀ ਲੋੜ ਹੁੰਦੀ ਹੈ। ਇਹ ਵੀ ਮਹੱਤਵਪੂਰਨ ਹੈ ਕਿ ਸਾਡੇ ਦੁਆਰਾ ਮਨਜ਼ੂਰ ਕੀਤੀਆਂ ਗਈਆਂ ਇਕਾਈਆਂ ਲਈ ਇੱਕ ਸਪਸ਼ਟ ਬਾਜ਼ਾਰ ਅਤੇ ਡਿਮਾਂਡ ਹੋਣੀ ਚਾਹੀਦੀ।

# ਪੰਜਾਬ ਪੁਲਸ ਨੂੰ ਲੈ ਕੇ ਮਾਨ ਸਰਕਾਰ ਦਾ ਇਤਿਹਾਸਕ ਫ਼ੈਸਲਾ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 10 ਸਤੰਬਰ। ਪੁਲਸ ਜਾਂਚ 'ਚ ਕਾਰਜਕੁਸ਼ਲਤਾ ਤੇ ਨਵੀਆਂ ਚੁਣੌਤੀਆਂ ਦੇ ਟਾਕਰੇ ਖ਼ਾਸ ਤੌਰ 'ਤੇ ਐੱਨ.ਡੀ.ਪੀ.ਐੱਸ. ਕੇਸਾਂ ਤੇ ਹੋਰ ਸੰਗਠਿਤ ਅਪਰਾਧਾਂ ਸਬੰਧੀ ਮਾਮਲਿਆਂ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਸਿੱਝਣ ਤੇ ਥਾਣਿਆਂ ਨੂੰ ਮਜ਼ਬੂਤ ਕਰਨ ਵਾਸਤੇ ਮੰਤਰੀ ਮੰਡਲ ਨੇ ਅਹਿਮ ਫ਼ੈਸਲਾ ਲਿਆ ਹੈ। ਜਿਸ ਤਹਿਤ ਪੰਜਾਬ ਪੁਲਸ ਦੇ ਜ਼ਿਲ੍ਹਾ ਕੇਡਰ 'ਚ 1600 ਨਵੀਆਂ ਨਾਨ-ਗਜ਼ਟਿਡ ਅਫ਼ਸਰਾਂ (ਐੱਨ. ਜੀ. ਓ.) ਦੀਆਂ ਅਸਾਮੀਆਂ (ਏ.ਐੱਸ.ਆਈ., ਐੱਸ.ਆਈ. ਅਤੇ ਇੰਸਪੈਕਟਰ) ਸਿਰਜਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਇਸ ਫ਼ੈਸਲੇ ਮੁਤਾਬਕ ਪੰਜਾਬ ਪੁਲਸ ਦੇ ਜ਼ਿਲ੍ਹਾ ਕੇਡਰ 'ਚ ਐੱਨ.ਜੀ.ਓ. ਦੀਆਂ 1600 ਨਵੀਆਂ ਅਸਾਮੀਆਂ (150 ਇੰਸਪੈਕਟਰ, 450 ਸਬ ਇੰਸਪੈਕਟਰ ਤੇ 1000 ਏ.ਐੱਸ.ਆਈ.) ਸਿਰਜੀਆਂ ਜਾਣਗੀਆਂ ਤੇ ਇਹ ਅਸਾਮੀਆਂ ਤਰੱਕੀ ਰਾਹੀਂ ਭਰੀਆਂ ਜਾਣਗੀਆਂ, ਜਿਸ ਦੇ ਨਤੀਜੇ ਵਜੋਂ ਖ਼ਾਲੀ ਹੋਣ ਵਾਲੀਆਂ ਕਾਂਸਟੇਬਲਾਂ ਦੀਆਂ 1600 ਅਸਾਮੀਆਂ 'ਤੇ ਵੀ ਭਰਤੀ ਕੀਤੀ ਜਾਵੇਗੀ। ਇਸ ਸਬੰਧੀ ਫ਼ੈਸਲਾ ਪੁਲਸ ਵਿਭਾਗ ਦੀਆਂ



ਲੋੜਾਂ ਨੂੰ ਧਿਆਨ 'ਚ ਰੱਖਦਿਆਂ ਲਿਆ ਗਿਆ ਹੈ ਤਾਂ ਕਿ ਜ਼ਮੀਨੀ ਪੱਧਰ 'ਤੇ ਢੁੱਕਵੀਂ ਤਾਇਨਾਤੀ ਦੇ ਨਾਲ-ਨਾਲ ਐੱਨ.ਡੀ.ਪੀ.ਐੱਸ. ਐਕਟ ਦੇ ਕੇਸਾਂ, ਘਿਨੌਣੇ ਅਪਰਾਧਾਂ ਦੇ ਕੇਸਾਂ, ਸਾਈਬਰ ਅਪਰਾਧ ਤੇ ਹੋਰ ਆਰਥਿਕ ਅਪਰਾਧਾਂ ਦੇ ਕੇਸਾਂ ਦੀ ਜਾਂਚ 'ਚ ਕਾਰਜਕੁਸ਼ਲਤਾ ਤੇ ਨਿਗਰਾਨੀ ਯਕੀਨੀ ਬਣਾਉਣ ਲਈ ਕੀਤਾ ਗਿਆ। ਮੰਤਰੀ ਮੰਡਲ ਨੇ ਸੂਬੇ 'ਚ ਖਣਿਜ ਸਰੋਤਾਂ ਦੇ ਯੋਜਨਾਬੱਧ ਵਿਕਾਸ ਤੇ ਇਨ੍ਹਾਂ ਦੀ ਖੋਜ ਦੇ ਕੰਮਾਂ ਦੀ ਨਿਗਰਾਨੀ ਲਈ ਪੰਜਾਬ ਸਟੇਟ ਮਿਨਰਲ ਐਕਸਪਲਾਰੇਸ਼ਨ ਟਰੱਸਟ (ਐੱਸ. ਐੱਮ. ਈ. ਟੀ.) ਦੇ ਗਠਨ ਨੂੰ ਵੀ ਸਹਿਮਤੀ ਦੇ ਦਿੱਤੀ। ਇਹ ਟਰੱਸਟ ਵਿਜ਼ਨ, ਮਿਸ਼ਨ ਪਲਾਂਟ, ਖੋਜ ਲਈ ਮਾਸਟਰ ਪਲਾਨ ਤਿਆਰ ਕਰੇਗਾ, ਜੰਗਲਾਤ ਖ਼ੇਤਰ ਦੀ ਖੋਜ ਲਈ ਫੰਡ ਜੁਟਾਏਗਾ, ਸਰਵੇਖਣ ਸਹੂਲਤ, ਸਮਰੱਥਾ ਵਧਾਉਣ ਵਾਲੇ ਪ੍ਰੋਗਰਾਮ ਕਰਵਾਵੇਗਾ, ਖੋਜ ਤੇ ਵਿਕਾਸ ਸਰਗਰਮੀਆਂ ਉਲੀਕੇਗਾ, ਵਿਭਾਗੀ ਲੈਬਾਰਟਰੀ ਨੂੰ ਮਜ਼ਬੂਤ ਤੇ ਅਪਗ੍ਰੇਡ ਕਰੇਗਾ, ਅਧਿਕਾਰੀਆਂ ਤੇ ਤਕਨੀਕੀ ਵਿਅਕਤੀਆਂ ਦੀ ਨਿਯੁਕਤੀ, ਸਟੇਟ ਮਿਨਰਲ ਡਾਇਰੈਕਟਰੀ ਵਿਕਸਤ ਕਰੇਗਾ, ਨਵੀਨਤਾਕਾਰੀ ਨੂੰ ਉਤਸ਼ਾਹਤ ਕਰੇਗਾ, ਖੋਜ ਪ੍ਰਾਜੈਕਟਾਂ ਲਈ ਲਾਜਿਸਟਿਕ ਸਹਿਯੋਗ ਮੁਹੱਈਆ ਕਰੇਗਾ ਅਤੇ ਤਕਨਾਲੋਜੀ ਤੇ ਹੋਰ ਮੰਤਵਾਂ ਦੀ ਵਰਤੋਂ ਰਾਹੀਂ ਮਾਈਨਿੰਗ ਤੇ ਸਬੰਧਤ ਸਰਗਰਮੀਆਂ ਦੀ ਨਿਗਰਾਨੀ ਕਰੇਗਾ।

## ਅੰਬਾਲਾ ਕੈਂਟ ਇੰਡਸਟ੍ਰੀਅਲ ਏਰਿਆ ਵਿੱਚ ਸਥਾਈ ਪਾਣੀ ਨਿਕਾਸੀ ਤਹਿਤ 50 ਕਰੋੜ ਦੀ ਪਰਿਯੋਜਨਾ: ਵਿਜ

ਚੰਡੀਗੜ੍ਹ, 10 ਸਤੰਬਰ: ਹਰਿਆਣਾ ਦੇ ਊਰਜਾ, ਟਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਅੰਬਾਲਾ ਕੈਂਟ ਇੰਡਸਟ੍ਰੀਅਲ ਏਰਿਆ ਵਿੱਚ ਸਥਾਈ ਤੌਰ 'ਤੇ ਪਾਣੀ ਨਿਕਾਸੀ ਲਈ ਵਾਟਰ ਡਿਸਪੋਜਲ ਟੈਂਕ ਬਣਾਏ ਜਾਣਗੇ ਅਤੇ ਵੱਡੀ ਪਾਇਪਲਾਇਨ ਅਤੇ ਹਾਈਪਾਰਵ ਪੰਪ ਲਗਾਏ ਜਾਣਗੇ ਤਾਂ ਜੋ ਪਾਣੀ ਨੂੰ ਟਾਂਗਰੀ ਨਦੀਂ ਵਿੱਚ ਪਾਇਆ ਜਾ ਸਕੇ। ਇਸ ਕੰਮ 'ਤੇ ਲਗਭਗ 50 ਕਰੋੜ ਰੁਪਏ ਖਰਚ ਹੋਣਗੇ ਅਤੇ ਇਸ ਦੇ ਲਈ ਜਨਸਿਹਤ ਵਿਭਾਗ ਤੇ ਐਚਐਸਆਈਆਈਡੀਸੀ ਦੇ ਅਧਿਕਾਰੀਆਂ ਨੂੰ ਵਿਸਤਾਰ ਪਰਿਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਸ੍ਰੀ ਵਿਜ ਨੇ ਮੰਗਲਵਾਰ ਨੂੰ ਅੰਬਾਲਾ ਕੈਂਟ ਦੇ ਇੰਡਸਟ੍ਰੀਅਲ ਏਰਿਆ ਵਿੱਚ ਪਾਣੀ ਦੇ ਨਿਕਾਸੀ ਪ੍ਰਬੰਧਾਂ ਦਾ ਜਾਇਜਾ ਲਿਆ ਅਤੇ ਅਧਿਕਾਰੀਆਂ ਨੂੰ ਕਿਹਾ ਕਿ ਇੱਥੋਂ ਜਲਦੀ ਤੋਂ ਜਲਦੀ ਪਾਣੀ ਨਿਕਾਸੀ ਹੋਵੇ। ਉਨ੍ਹਾਂ ਨੇ ਦਸਿਆ ਕਿ ਬੀਤੇ ਤਿੰਨ ਦਿਨਾਂ ਤੋਂ ਲਗਾਤਾਰ ਨਿਰੀਖਣ ਕੀਤਾ ਜਾ ਰਿਹਾ ਹੈ ਅਤੇ ਉਮੀਦ ਹੈ ਕਿ ਕੱਲ ਸ਼ਾਮ ਤੱਕ ਪੂਰਾ ਪਾਣੀ ਨਿਕਲ ਜਾਵੇਗਾ। ਕਾਰੋਬਾਰੀਆਂ ਦੀ ਸੁਰੱਖਿਆ ਸਬੰਧੀ ਚਿੰਤਾ 'ਤੇ ਸ੍ਰੀ ਵਿਜ ਨੇ ਇੰਡਸਟ੍ਰੀਅਲ ਏਰਿਆ ਦੀ ਚਾਰਦੀਵਾਰੀ 'ਤੇ ਸਟ?ਰੀਟ ਲਾਇਟ ਲਗਾਉਣ ਲਈ ਆਪਣੇ ਸਵੈਛਿੱਕ ਫੰਡ ਤੋਂ 30 ਲੱਖ ਰੁਪਏ ਜਾਰੀ ਕੀਤੇ ਹਨ।



ਉਨ੍ਹਾਂ ਨੇ ਕਿਹਾ ਕਿ ਇੰਡਸਟ੍ਰੀਅਲ ਏਰਿਆ ਏਸੋਸਇਏਸ਼ਨ ਨੂੰ ਚਾਹੀਦਾ ਹੈ ਕਿ ਚਾਰਦੀਵਾਰੀ 'ਤੇ ਸੀਸੀਟੀਵੀ ਕੈਮਰੇ ਵੀ ਲਗਵਾਉਣ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਇੰਡਸਟ੍ਰੀਅਲ ਏਰਿਆ ਸਾਡੇ ਖੇਤਰ ਦੀ ਲਾਇਫਲਾਇਨ ਹੈ ਅਤੇ ਇੱਥੇ ਹਜਾਰਾਂ ਲੋਕਾਂ ਨੂੰ ਰੁਜਗਾਰ ਮਿਲਦਾ ਹੈ, ਇਸ ਲਈ ਇਸ ਦੀ ਸੁਰੱਖਿਆ ਅਤੇ ਸਹੂਲਤ ਦੋਨੋਂ ਜਰੂਰੀ ਹਨ। ਚੋਰੀ ਦੀ ਵੱਧਦੀ ਘਟਨਾਵਾਂ ਨੂੰ ਦੇਖਦੇ ਹੋਏ ਸ੍ਰੀ ਵਿਜ ਨੇ ਅੰਬਾਲਾ ਐਸਪੀ ਨੂੰ ਖੇਤਰ ਵਿੱਚ ਪੁਲਿਸ ਸਟਾਫ ਸਥਾਈ ਤੌਰ 'ਤੇ ਤੈਨਾਤ ਕਰਨ ਦੇ ਨਿਰਦੇਸ਼ ਦਿੱਤੇ। ਮੌਕੇ 'ਤੇ ਡੀਐਸਪੀ ਕੈਂਟ ਅਤੇ ਥਾਨਾ ਮਹੇਸ਼ਨਗਰ ਦੇ ਐਸਐਚਓ ਨੂੰ ਵੀ ਨਿਗਰਾਨੀ ਵਧਾਉਣ ਦੇ ਆਦੇਸ਼ ਦਿੱਤੇ। ਇਸ ਮੌਕੇ 'ਤੇ ਇੰਡਸਟ੍ਰੀਅਲ ਏਰਿਆ ਦੇ ਕਈ ਕਾਰੋਬਾਰੀ ਅਤੇ ਜਨਸਿਹਤ, ਐਚਐਸਆਈਆਈਡੀਸੀ, ਨਗਰ ਪਰਿਸ਼ਦ ਅਤੇ ਸਿੰਚਾਈ ਵਿਭਾਗ ਸਮੇਤ ਹੋਰ ਵਿਭਾਗ ਦੇ ਅਧਿਕਾਰੀ ਮੌਜੂਦ ਰਹੇ।

## ਅਰਵਿੰਦ ਕੇਜਰੀਵਾਲ ਨੂੰ ਵਿਦੇਸ਼ ਜਾਣ ਦੀ ਮਿਲੀ ਇਜਾਜ਼ਤ

ਨੈਸ਼ਨਲ ਡੈਸਕ 10 ਸਤੰਬਰ। ਸੁਲਤਾਨਪੁਰ ਦੀ ਇੱਕ ਐਮਪੀ-ਐਮਐਲਏ ਅਦਾਲਤ ਨੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਮਾਮਲੇ ਦਾ ਸਾਹਮਣਾ ਕਰ ਰਹੇ 'ਆਪ' ਮੁਖੀ ਅਰਵਿੰਦ ਕੇਜਰੀਵਾਲ ਨੂੰ ਵਿਦੇਸ਼ ਯਾਤਰਾ 'ਤੇ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਕੇਜਰੀਵਾਲ ਦੇ ਵਕੀਲ ਰੁਦਰ ਪ੍ਰਤਾਪ ਸਿੰਘ ਮਦਾਨ ਨੇ ਮੰਗਲਵਾਰ ਨੂੰ ਕਿਹਾ ਕਿ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਸਬੰਧਤ ਮਾਮਲੇ ਦੀ ਸੁਣਵਾਈ 8 ਸਤੰਬਰ ਨੂੰ ਹੋਈ ਸੀ, ਜਿਸ ਤੋਂ ਬਾਅਦ ਐਡੀਸ਼ਨਲ ਚੀਫ਼ ਜੁਡੀਸ਼ੀਅਲ ਮੈਜਿਸਟ?ਰੇਟ ਸ਼ੁਭਮ ਵਰਮਾ ਨੇ ਫੈਸਲਾ ਸੁਰੱਖਿਅਤ ਰੱਖ ਲਿਆ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਇਜਾਜ਼ਤ ਦੇ ਦਿੱਤੀ। 8 ਸਤੰਬਰ ਨੂੰ ਮਦਨ ਨੇ ਪੱਤਰਕਾਰਾਂ ਨੂੰ ਦੱਸਿਆ ਸੀ ਕਿ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਵਿਰੁੱਧ ਅਮੇਠੀ ਵਿੱਚ ਚੋਣ ਜ਼ਾਬਤੇ ਦੀ ਉਲੰਘਣਾ ਦਾ ਮਾਮਲਾ ਦਰਜ ਕੀਤਾ ਗਿਆ ਹੈ। ਮਦਨ ਨੇ ਕਿਹਾ, ਪਹਿਲਾਂ, ਅਦਾਲਤ ਨੇ ਕੇਜਰੀਵਾਲ ਨੂੰ ਆਪਣਾ ਪਾਸਪੋਰਟ ਇਸ ਸ਼ਰਤ 'ਤੇ ਰੀਨਿਊ ਕਰਨ ਦੀ ਇਜਾਜ਼ਤ ਦਿੱਤੀ ਸੀ ਕਿ ਉਹ ਵਿਦੇਸ਼ ਯਾਤਰਾ 'ਤੇ ਜਾਣ ਤੋਂ ਪਹਿਲਾਂ ਅਦਾਲਤ ਦੀ ਇਜਾਜ਼ਤ ਲੈਣਗੇ। ਅੱਜ, ਅਸੀਂ ਅਦਾਲਤ ਨੂੰ ਬੇਨਤੀ ਕੀਤੀ ਕਿ ਉਹ ਇਸ ਸ਼ਰਤ ਨੂੰ ਹਟਾ ਦੇਵੇ, ਕਿਉਂਕਿ ਉਨ੍ਹਾਂ ਨੂੰ ਵਿਦੇਸ਼ ਯਾਤਰਾ 'ਤੇ ਜਾਣਾ ਪੈਂਦਾ ਹੈ। ਸੁਣਵਾਈ ਹੋਈ ਅਤੇ ਆਦੇਸ਼ ਰਾਖਵਾਂ ਰੱਖਿਆ ਗਿਆ। ਅਗਸਤ ਵਿੱਚ, ਅਦਾਲਤ ਨੇ ਕੇਜਰੀਵਾਲ ਨੂੰ ਆਪਣਾ ਪਾਸਪੋਰਟ ਰੀਨਿਊ ਕਰਨ ਦੀ ਇਜਾਜ਼ਤ ਦਿੱਤੀ ਅਤੇ ਉਨ੍ਹਾਂ ਨੂੰ ਅਦਾਲਤ ਦੀ ਪੂਰਵ ਆਗਿਆ ਤੋਂ ਬਿਨਾਂ ਦੇਸ਼ ਨਾ ਛੱਡਣ ਦਾ ਨਿਰਦੇਸ਼ ਦਿੱਤਾ। ਕੇਜਰੀਵਾਲ ਵਿਰੁੱਧ ਇਹ ਮਾਮਲਾ 2014 ਦੀਆਂ ਲੋਕ ਸਭਾ ਚੋਣਾਂ ਨਾਲ ਸਬੰਧਤ ਹੈ। ਉਸ ਸਮੇਂ ਕੇਜਰੀਵਾਲ 'ਆਪ' ਉਮੀਦਵਾਰ ਕੁਮਾਰ ਵਿਸ਼ਵਾਸ ਲਈ ਪ੍ਰਚਾਰ ਕਰਨ ਲਈ ਅਮੇਠੀ ਆਏ ਸਨ। ਇਸ ਦੌਰਾਨ ਉਨ੍ਹਾਂ ਵਿਰੁੱਧ ਅਮੇਠੀ ਜ਼ਿਲ੍ਹੇ ਦੇ ਗੌਰੀਗੰਜ ਅਤੇ ਮੁਸਾਫਿਰਖਾਨਾ ਥਾਣਿਆਂ ਵਿੱਚ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਵਿੱਚ ਦੋ ਮਾਮਲੇ ਦਰਜ ਕੀਤੇ ਗਏ ਸਨ। ਕੇਜਰੀਵਾਲ ਇਨ੍ਹਾਂ ਮਾਮਲਿਆਂ ਵਿੱਚ ਜ਼ਮਾਨਤ 'ਤੇ ਹਨ। ਇਸ ਸਮੇਂ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਇਸ ਮਾਮਲੇ ਦੀ ਕਾਰਵਾਈ ਮੁਅੱਤਲ ਹੈ।



# 'ਸਾਡਾ ਨਾਅਰਾ 'ਵੋਟ ਚੋਰ, ਗੱਦੀ ਛੋੜ' ਪੂਰੇ ਦੇਸ਼ 'ਚ ਸਾਬਤ ਹੋਇਆ': ਰਾਹੁਲ ਗਾਂਧੀ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਲਖਨਊ 10 ਸਤੰਬਰ। ਕਾਂਗਰਸ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਕਿਹਾ ਕਿ ਵੋਟ ਚੋਰ, ਗੱਦੀ ਛੋੜ ਦਾ ਮੁੱਖ ਨਾਅਰਾ ਪੂਰੇ ਦੇਸ਼ ਵਿੱਚ ਸਾਬਤ ਹੋ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਹੋਰ ਵੀ ਨਾਟਕੀ ਤਰੀਕਿਆਂ ਨਾਲ ਸਾਬਤ ਹੋਵੇਗਾ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਬੁੱਧਵਾਰ ਨੂੰ ਆਪਣੇ ਸੰਸਦੀ ਹਲਕੇ ਰਾਏਬਰੇਲੀ ਦੇ ਦੋ ਦਿਨਾਂ ਦੌਰੇ 'ਤੇ ਉੱਤਰ ਪ੍ਰਦੇਸ਼ ਪਹੁੰਚੇ। ਇਸ ਦੌਰਾਨ ਉਹ ਕਈ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਗੇ ਅਤੇ ਵਿਕਾਸ ਪ੍ਰਾਜੈਕਟਾਂ ਦੀ ਸਮੀਖਿਆ ਕਰਨਗੇ। ਇਸ ਗੱਲ ਦੀ ਜਾਣਕਾਰੀ ਪਾਰਟੀ ਆਗੂਆਂ ਵਲੋਂ ਦਿੱਤੀ ਗਈ ਹੈ। ਰਾਹੁਲ ਗਾਂਧੀ ਲਖਨਊ ਦੇ ਚੌਧਰੀ ਚਰਨ ਸਿੰਘ ਹਵਾਈ ਅੱਡੇ 'ਤੇ ਪਹੁੰਚੇ, ਜਿੱਥੇ ਕਾਂਗਰਸ ਸੂਬਾ ਇਕਾਈ ਦੇ ਪ੍ਰਧਾਨ ਅਜੇ ਰਾਏ ਅਤੇ ਹੋਰ ਸੀਨੀਅਰ ਆਗੂਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਤੋਂ ਬਾਅਦ ਉਹ ਸੜਕ ਰਾਹੀਂ ਰਾਏਬਰੇਲੀ ਲਈ ਰਵਾਨਾ ਹੋ ਗਏ। ਇਕ ਪ੍ਰੋਗਰਾਮ ਵਿਚ ਜਾਣ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਪੱਤਰਕਾਰਾ ਨੂੰ ਕਿਹਾ, ਮੁੱਖ ਨਾਅਰਾ 'ਵੋਟ ਚੋਰ, ਗੱਦੀ ਛੋੜ' ਹੈ ਅਤੇ ਇਹ ਪੂਰੇ ਦੇਸ਼ ਵਿੱਚ ਸਾਬਤ ਹੋ ਚੁੱਕਾ ਹੈ। ਆਉਣ ਵਾਲੇ ਸਮੇਂ ਵਿੱਚ ਅਸੀਂ ਇਸਨੂੰ ਵਾਰ-ਵਾਰ ਹੋਰ ਨਾਟਕੀ ਤਰੀਕਿਆਂ ਨਾਲ ਸਾਬਤ ਕਰਾਂਗੇ। ਕਾਂਗਰਸ ਸੂਬਾ ਇਕਾਈ ਦੇ ਪ੍ਰਧਾਨ ਅਜੇ ਰਾਏ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਫੇਰੀ ਨੇ ਪਾਰਟੀ ਵਰਕਰਾਂ ਅਤੇ ਸੂਬੇ ਦੇ ਲੋਕਾਂ ਵਿੱਚ ਨਵਾਂ ਉਤਸ਼ਾਹ ਭਰਿਆ ਹੈ। ਰਾਏਬਰੇਲੀ ਵਿੱਚ ਰਾਹੁਲ ਗਾਂਧੀ, ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਨੇਤਾ



ਤੇਜਸਵੀ ਯਾਦਵ ਅਤੇ ਸਮਾਜਵਾਦੀ ਪਾਰਟੀ (ਐਸਪੀ) ਦੇ ਮੁਖੀ ਅਖਿਲੇਸ਼ ਯਾਦਵ ਦੀਆਂ ਤਸਵੀਰਾਂ ਵਾਲੇ ਪੋਸਟਰ ਲਗਾਏ ਗਏ ਸਨ, ਜਿਨ੍ਹਾਂ 'ਤੇ ਲਿਖਿਆ ਸੀ ਭਾਰਤ ਕੀ ਆਖਰੀ ਆਸ਼ਾ, ਕਲਯੁਗ ਕੇ ਬ੍ਰਹਮਾ, ਵਿਸ਼ਨੂੰ, ਮਹੇਸ਼। ਉਨ੍ਹਾਂ ਕਿਹਾ, ਅੱਜ ਲੋਕਾਂ ਵਿੱਚ ਉਤਸ਼ਾਹ ਅਤੇ ਖੁਸ਼ੀ ਦੀ ਲਹਿਰ ਹੈ। ਸਾਡੇ ਨੇਤਾ ਨੇ ਦੇਸ਼ ਵਿੱਚ ਹੋ ਰਹੀ 'ਵੋਟ ਚੋਰੀ' ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ। ਪੂਰਾ ਦੇਸ਼ ਉਨ੍ਹਾਂ 'ਤੇ ਮਾਣ ਮਹਿਸੂਸ ਕਰ ਰਿਹਾ ਹੈ। ਰਾਏ ਨੇ ਇਹ ਵੀ ਕਿਹਾ ਕਿ ਰਾਹੁਲ ਗਾਂਧੀ ਦੀ ਮੌਜੂਦਗੀ ਨੇ ਉੱਤਰ ਪ੍ਰਦੇਸ਼ ਭਰ ਦੇ ਕਾਂਗਰਸ ਸਮਰਥਕਾਂ ਦਾ ਮਨੋਬਲ ਵਧਾਇਆ ਹੈ। ਜ਼ਿਲ੍ਹਾ ਕਾਂਗਰਸ ਇਕਾਈ ਦੇ ਪ੍ਰਧਾਨ ਪੰਕਜ ਤਿਵਾੜੀ ਨੇ ਦੱਸਿਆ ਕਿ ਰਾਹੁਲ ਗਾਂਧੀ ਪਹਿਲਾਂ ਹਰਚੰਦਪੁਰ ਵਿੱਚ ਸਾਬਕਾ ਪਾਰਟੀ ਅਧਿਕਾਰੀਆਂ ਨਾਲ ਮੀਟਿੰਗ ਕਰਨਗੇ। ਇਸ ਤੋਂ ਬਾਅਦ ਉਹ ਗੋਰਾ ਬਾਜ਼ਾਰ ਕਰਾਸਿੰਗ 'ਤੇ ਅਸ਼ੋਕਾ ਪਿੱਲਰ ਦਾ ਉਦਘਾਟਨ ਕਰਨਗੇ ਅਤੇ ਸ਼ਹਿਰ ਦੇ ਇੱਕ ਹੋਟਲ ਵਿੱਚ ਪ੍ਰਜਾਪਤੀ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕਰਨਗੇ। ਉਨ੍ਹਾਂ ਕਿਹਾ ਕਿ ਬਾਅਦ ਵਿੱਚ ਰਾਹੁਲ ਗਾਂਧੀ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ (ਮਨਰੇਗਾ) ਅਧੀਨ ਬਣੇ ਪਾਰਕ ਦਾ ਨਿਰੀਖਣ ਕਰਨ ਲਈ ਮੂਲੀਹਾਮੌ ਪਿੰਡ ਜਾਣਗੇ। ਸ਼ਾਮ ਨੂੰ ਉਹ ਉਂਚਾਹਾਰ ਵਿਧਾਨ ਸਭਾ ਹਲਕੇ ਦੇ ਬੂਥ ਪੱਧਰ ਦੇ ਵਰਕਰਾਂ ਨੂੰ ਮਿਲਣਗੇ ਅਤੇ ਉਂਚਾਹਾਰ ਦੇ 'ਐਨਟੀਪੀਸੀ' ਗੈਸਟ ਹਾਊਸ ਵਿੱਚ ਰਾਤ ਠਹਿਰਨਗੇ। ਵੀਰਵਾਰ ਨੂੰ ਰਾਹੁਲ ਗਾਂਧੀ ਕਾਂਗਰਸੀ ਆਗੂਆਂ ਅਤੇ ਵੱਖ-ਵੱਖ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕਰਨਗੇ।

# ਮੀਂਹ ਬਣਿਆ ਆਫ਼ਤ; ਨਵੇਂ ਬਣੇ ਸਬ-ਡਿਵੀਜ਼ਨਲ ਕੰਪਲੈਕਸ ਦੀ ਛੱਤ ਲੱਗੀ ਟਪਕਣ, ਚਾਰਦੀਵਾਰੀ ਡਿੱਗੀ

**ਕੌਮੀ ਪਤ੍ਰਿਕਾ**

ਭਵਾਨੀਗੜ੍ਹ 10 ਸਤੰਬਰ। ਭਵਾਨੀਗੜ੍ਹ ਸ਼ਹਿਰ ਤੇ ਇਲਾਕੇ ਵਿਚ ਪਿਛਲੇ ਕਈ ਦਿਨਾਂ ਤੋਂ ਰੁਕ ਰੁਕ ਕੇ ਪੈ ਰਹੇ ਭਾਰੀ ਮੀਂਹ ਕਾਰਨ ਆਮ ਜਨਜੀਵਨ ਪ੍ਰਭਾਵਿਤ ਹੋ ਗਿਆ। ਢੁਕਵੇਂ ਨਿਕਾਸੀ ਪ੍ਰਬੰਧਾਂ ਦੀ ਘਾਟ ਕਾਰਨ ਸ਼ਹਿਰ ਦੇ ਜ਼ਿਆਦਾਤਰ ਇਲਾਕੇ ਮੀਂਹ ਦੇ ਪਾਣੀ 'ਚ ਡੁੱਬ ਗਏ ਹਨ, ਜਿਸ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੀਂਹ ਦੌਰਾਨ ਬਾਲਦ ਕੋਠੀ ਵਿਚ ਨਵੇਂ ਬਣੇ ਸਬ-ਡਿਵੀਜ਼ਨਲ ਕੰਪਲੈਕਸ ਜਿੱਥੇ ਮੁੱਖ ਤੌਰ 'ਤੇ ਐਸ.ਡੀ.ਐਮ. ਅਤੇ ਤਹਿਸੀਲਦਾਰ ਦਾ ਦਫ਼ਤਰ ਸਥਿਤ ਹੈ, ਦੀ ਚਾਰਦੀਵਾਰੀ ਦਾ 10 ਤੋਂ 12 ਫੁੱਟ ਦਾ ਹਿੱਸਾ ਡਿੱਗ ਗਿਆ। ਇਸ ਦੌਰਾਨ ਜਦੋਂ ਸਬ-ਡਿਵੀਜ਼ਨ ਕੰਪਲੈਕਸ ਦਾ ਦੌਰਾ ਕੀਤਾ ਗਿਆ ਤਾਂ ਮੀਂਹ ਦਾ ਪਾਣੀ ਖਿੜਕੀਆਂ ਦਰਵਾਜ਼ਿਆਂ ਰਾਹੀਂ ਅੰਦਰ ਲਗਾਈ ਗਈ ਲਿਫਟ ਤੱਕ ਪਹੁੰਚਿਆ ਹੋਇਆ ਸੀ ਜਿਸ ਨੂੰ ਕਰਮਚਾਰੀ ਵਾਈਪਰ ਨਾਲ ਹਟਾਉਂਦੇ ਦਿਖਾਈ ਦਿੱਤੇ। ਇਸ ਦੌਰਾਨ ਕੰਮਕਾਜ ਲਈ ਦਫ਼ਤਰ ਪਹੁੰਚੇ ਆਮ ਲੋਕਾਂ ਨੂੰ ਵੱਡੀ ਅਸੁਵਿਧਾ ਪੇਸ਼ ਆਉਣ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਇਲਾਵਾ ਕੰਪਲੈਕਸ ਦੀ ਉੱਪਰਲੀ ਮੰਜਿਲ 'ਤੇ ਕਮਰਿਆਂ ਦੀ ਹਾਲਤ ਵੀ ਤਰਸਯੋਗ ਦਿਖਾਈ ਦਿੱਤੀ। ਮੌਕੇ 'ਤੇ ਹਾਜ਼ਰ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਪਟਵਾਰੀ ਅਤੇ ਹੋਰ ਕਰਮਚਾਰੀਆਂ ਨੇ ਦੱਸਿਆ ਕਿ ਨਵੀਂ ਇਮਾਰਤ ਦੇ ਬਾਵਜੂਦ ਇਸ ਮੀਂਹ ਵਿੱਚ ਛੱਤ ਤੋਂ ਪਾਣੀ ਟਪਕਣਾ ਸ਼ੁਰੂ ਹੋ ਗਿਆ ਹੈ ਜਿਸ ਕਾਰਨ ਉਨ੍ਹਾਂ ਨੂੰ ਮਾਲ ਵਿਭਾਗ ਦੇ ਰਿਕਾਰਡ ਨੂੰ ਪਾਣੀ ਤੋਂ ਬਚਾਉਣ ਲਈ ਬਹੁਤ ਮੁਸ਼ਕਲ ਆ ਰਹੀ ਹੈ। 6 ਕਰੋੜ ਦੀ ਲਾਗਤ ਨਾਲ ਬਣੀ ਇਮਾਰਤ ਦਾ ਮੁੱਖ ਮੰਤਰੀ ਨੇ ਕੀਤਾ ਸੀ ਉਦਘਾਟਨ ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ 6 ਕਰੋੜ ਦੀ ਲਾਗਤ ਨਾਲ ਬਣੇ ਉਕਤ ਨਵੇਂ ਪ੍ਰਬੰਧਕੀ



ਕੰਪਲੈਕਸ ਦਾ ਉਦਘਾਟਨ ਹਾਲ ਹੀ ਵਿਚ ਸੂਬੇ ਦੇ ਮੁੱਖ ਮੰਤਰੀ ਵੱਲੋਂ ਕੀਤਾ ਗਿਆ ਸੀ ਅਤੇ ਬਾਰਿਸ਼ ਦੌਰਾਨ ਕਰੋੜਾਂ ਦੀ ਲਾਗਤ ਵਾਲੇ ਇਸ ਕੰਪਲੈਕਸ ਦੀ ਅਜਿਹੀ ਹਾਲਤ ਹੋ ਜਾਣਾ ਕਈ ਵੱਡੇ ਸਵਾਲ ਖੜ੍ਹੇ ਕਰਦੀ ਹੈ। ਦੂਜੇ ਪਾਸੇ, ਇਸ ਸਬੰਧੀ ਐਸਡੀਐਮ ਭਵਾਨੀਗੜ੍ਹ ਮਨਜੀਤ ਕੌਰ ਨੇ ਕਿਹਾ ਕਿ ਮੀਂਹ ਦੌਰਾਨ ਕੰਪਲੈਕਸ ਦੀ ਚਾਰਦੀਵਾਰੀ ਦਾ ਇੱਕ ਹਿੱਸਾ ਡਿੱਗ ਗਿਆ ਹੈ ਅਤੇ ਇਸ ਦੇ ਨਾਲ ਹੀ ਮਾਲ ਵਿਭਾਗ ਦੇ ਰਿਕਾਰਡ ਰੂਮ ਦੀ ਛੱਤ ਤੋਂ ਪਾਣੀ ਟਪਕਣ ਦੀ ਸ਼ਿਕਾਇਤ ਉਨ੍ਹਾਂ ਦੇ ਧਿਆਨ ਵਿਚ ਆਈ ਹੈ ਜਿਸ ਸਬੰਧੀ ਉਨ੍ਹਾਂ ਵੱਲੋਂ ਸਬੰਧਤ ਵਿਭਾਗ ਨੂੰ ਪੱਤਰ ਲਿਖਿਆ ਗਿਆ ਹੈ ਤਾਂ ਜੋ ਦਫ਼ਤਰ ਪਹੁੰਚਣ ਵਾਲੇ ਆਮ ਲੋਕਾਂ ਤੇ ਕੰਮ ਕਰਦੇ ਕਰਮਚਾਰੀਆਂ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

## ਹੁਣ ਭਾਖੜਾ ਡੈਮ 'ਚ ਚੜ੍ਹ ਗਿਆ ਪਾਣੀ, ਪੰਜਾਬ ਦੇ ਇਨ੍ਹਾਂ ਜ਼ਿਲ੍ਹਿਆਂ 'ਚ ਹਾਈ ਅਲਰਟ, ਰਹੋ ਸਾਵਧਾਨ

ਚੰਡੀਗੜ੍ਹ 10 ਸਤੰਬਰ। ਰਣਜੀਤ ਸਾਗਰ ਡੈਮ ਅਤੇ ਪੌਂਗ ਡੈਮ ਦੀ ਤਰ੍ਹਾਂ ਭਾਖੜਾ ਡੈਮ ਨੇ ਵੀ ਪੰਜਾਬ ਦੇ ਮਾਲਵਾ ਇਲਾਕੇ 'ਚ ਤਬਾਹੀ ਮਚਾਉਣ ਦੀ ਤਿਆਰੀ ਕਰ ਲਈ ਹੈ। ਡੈਮ 'ਚ ਪਾਣੀ ਦਾ ਪੱਧਰ ਸੋਮਵਾਰ ਨੂੰ 1674.01 ਫੁੱਟ 'ਤੇ ਸੀ, ਜੋ ਖ਼ਤਰੇ ਦੇ ਨਿਸ਼ਾਨ ਤੋਂ ਸਿਰਫ 6 ਫੁੱਟ ਤੋਂ ਵੀ ਘੱਟ ਹੈ। ਡੈਮ ਲਈ ਵੱਧਦਾ ਪਾਣੀ ਦਾ ਪੱਧਰ ਲੋਕਾਂ ਲਈ ਖ਼ਤਰਾ ਪੈਦਾ ਕਰ ਸਕਦਾ ਹੈ। ਇਸੇ ਕਾਰਨ ਬੀ. ਬੀ. ਐੱਮ. ਬੀ. ਨੇ ਸੋਮਵਾਰ ਨੂੰ ਭਾਖੜਾ ਡੈਮ ਦੇ ਫਲੱਡ ਗੇਟ 4 ਫੁੱਟ ਤੱਕ ਖੋਲ੍ਹ ਕੇ ਸਤਲੁਜ 'ਚ 56 ਹਜ਼ਾਰ ਕਿਊਸਿਕ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਆਮ ਦਿਨਾਂ 'ਚ ਭਾਖੜਾ ਤੋਂ ਸਤਲੁਜ ਦਰਿਆ 'ਚ 36 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾਂਦਾ ਹੈ। ਹੁਣ ਆਮ ਦਿਨਾਂ ਦੇ ਮੁਕਾਬਲੇ ਡੈਮ ਤੋਂ ਕਰੀਬ 20 ਹਜ਼ਾਰ ਕਿਊਸਿਕ ਜ਼ਿਆਦਾ ਪਾਣੀ ਸਤਲੁਜ ਦਰਿਆ 'ਚ ਛੱਡਿਆ ਜਾ ਰਿਹਾ ਹੈ। ਸਤਲੁਜ 'ਚ ਛੱਡੇ ਜਾ ਰਹੇ ਪਾਣੀ ਕਾਰਨ ਰੋਪੜ, ਨਵਾਂਸ਼ਹਿਰ, ਮੋਹਾਲੀ, ਪਟਿਆਲਾ, ਸੰਗਰੂਰ, ਮਾਨਸਾ, ਫਤਿਹਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਲੁਧਿਆਣਾ ਜ਼ਿਲ੍ਹਿਆਂ ਦੇ ਸੈਂਕੜੇ ਪਿੰਡਾਂ 'ਚ ਹੜ੍ਹ ਦਾ ਖ਼ਤਰਾ ਵੱਧ ਗਿਆ ਹੈ। ਸਤਲੁਜ, ਘੱਗਰ, ਟਾਂਗਰੀ, ਮਾਰਕੰਡਾ ਅਤੇ ਸਤਲੁਜ ਤੋਂ ਨਿਕਲਣ ਵਾਲੀ ਭਾਖੜਾ ਦੀਆਂ ਸਹਾਇਕ ਨਹਿਰਾਂ ਦੇ ਆਸ-ਪਾਸ ਹਾਈ ਅਲਰਟ ਕਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਲੋਕਾਂ ਨੇ ਆਪਣਾ ਕੀਮਤੀ ਸਮਾਨ ਸੰਭਾਲਣਾ ਸ਼ੁਰੂ ਕਰ ਦਿੱਤਾ ਹੈ।

## ਕੇਂਦਰੀ ਸ਼ਹਿਰੀ ਵਿਕਾਸ ਅਤੇ ਆਵਾਸ ਮੰਤਰੀ ਦੀ ਅਗਵਾਈ ਹੇਠ ਹਰਿਆਣਾ ਸ਼ਹਿਰ ਸਵੱਛਤਾ ਮੁਹਿੰਮ ਦੀ ਹੋਈ ਮੀਟਿੰਗ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 10 ਸਤੰਬਰ: ਸੂਬੇ ਵਿੱਚ ਹਰਿਆਣਾ ਸਵੱਛਤਾ ਕੈਂਪੇਨ 2025 ਤਹਿਤ ਇੱਕ ਮਹਤੱਵਪੂਰਣ ਮੀਟਿੰਗ ਕੇਂਦਰੀ ਸ਼ਹਿਰੀ ਵਿਕਾਸ ਅਤੇ ਅਵਾਸਨ ਮੰਤਰੀ ਸ੍ਰੀ ਮਨੋਹਰ ਲਾਲ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ ਜਿਸ ਵਿੱਚ ਕੇਂਦਰੀ ਜਲ੍ਹ ਸ਼ਕਤੀ ਮੰਤਰੀ ਆਰਆਰ ਪਾਟਿਲ, ਕੇਂਦਰੀ ਸ਼ਹਿਰੀ ਵਿਕਾਸ ਅਤੇ ਆਵਾਸਨ ਰਾਜ ਮੰਤਰੀ ਤੋਖਨ ਸਾਹੂ ਦੇ ਨਾਲ ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਵਿਪੁਲ ਗੋਇਲ ਨੇ ਵੀ ਸੂਬੇ ਲਈ ਤੈਅ ਕੀਤੇ ਗਏ ਮਾਨਕਾਂ ਦਾ ਰਵਿਊ ਕੀਤਾ ਗਿਆ। ਮੀਟਿੰਗ ਵਿੱਚ ਸਵੱਛਤਾ ਨੂੰ ਪ੍ਰੋਤਸਾਹਨ ਦੇਣ ਲਈ ਕਈ ਠੋਸ ਕਦਮਾਂ 'ਤੇ ਚਰਚਾ ਹੋਈ ਅਤੇ ਮਹਤੱਵਪੂਰਣ ਨਿਰਦੇਸ਼ ਜਾਰੀ ਕੀਤੇ ਗਏ। ਮੀਟਿੰਗ ਵਿੱਚ ਸਵੱਛਤਾ ਟੀਚਾ ਇਕਾਈਆਂ ਦੀ ਪਹਿਚਾਣ ਅਤੇ ਮੈਪਿੰਗ ਲਈ ਸੁਰੱਖਿਆ ਐਪ ਜਾਂ ਪੋਰਟਲ ਦੀ ਵਰਤੋ 'ਤੇ ਜੋਰ ਦਿੱਤਾ। ਉਨ੍ਹਾਂ ਨੇ 25 ਦਸੰਬਰ ਨੂੰ ਪੂਰੇ ਸੂਬੇ ਵਿੱਚ ਇੱਕ ਦਿਨ, ਇੱਕ ਘੰਟਾ, ਇੱਕਠੇ ਸਵੱਛਤਾ ਮੁਹਿੰਮ ਚਲਾਉਣ ਦੇ ਨਿਰਦੇਸ਼ ਦਿੱਤੇ, ਜਿਸ ਵਿੱਚ ਸਾਰੇ ਨਾਗਰਿਕਾਂ ਦੀ ਭਾਗੀਦਾਰੀ ਯਕੀਨੀ ਕਰਨ 'ਤੇ ਜੋਰ ਦਿੱਤਾ ਗਿਆ। ਇਸ ਤੋਂ ਇਲਾਵਾ, ਹੋਰ ਸਥਾਨਾਂ 'ਤੇ ਵਿਸ਼ੇਸ਼ ਧਿਆਨ ਦੇਣ ਨੂੰ ਕਿਹਾ, ਜਿੱਥੇ ਵਾਰ-ਵਾਰ ਕੂੜਾ ਜਮ?ਹਾ ਰਹਿੰਦਾ ਹੈ, ਅਤੇ 31 ਦਸੰਬਰ, 2025 ਤੱਕ ਅਜਿਹੀ ਸਾਰੀ ਸਾਈਟਸ ਨੂੰ ਪੂਰੀ ਤਰ੍ਹਾ ਸਾਫ ਕਰਨ ਦਾ ਟੀਚਾ ਨਿਰਧਾਰਿਤ ਕੀਤਾ। ਇਸ ਦੇ ਨਾਲ ਹੀ ਸਰਕਾਰ ਤੇ ਨਿਜੀ ਦਫਤਰਾਂ, ਸੈਰ-ਸਪਾਟਾ ਸਥਾਨਾਂ, ਧਾਰਮਿਕ ਸਥਾਨਾਂ, ਪਬਲਿਕ ਟਾਈਲੇਟਸ , ਤਾਲਾਬਾਂ, ਨਹਿਰਾਂ, ਡੇ?ਰਨ ਅਤੇ ਕੈਨਾਲ ਦੀ ਸਫਾਈ 'ਤੇ ਵਿਸ਼ੇਸ਼ ਜੋਰ ਦਿੱਤਾ ਗਿਆ। ਕੇਂਦਰ ਸਰਕਾਰ ਦੇ ਮਾਰਗਦਰਸ਼ਨ ਅਤੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਦੀ ਅਗਵਾਈ ਹੇਠ ਸਫਾਈ ਕਰਮਚਾਰੀਆਂ ਦੇ ਸਿਹਤ ਤੋਂ ਲੈ ਕੇ ਉਨ੍ਹਾਂ ਦੇ ਪ੍ਰੋਤਸਾਹਨ ਲਈ ਚੁੱਕੇ ?ਾਣ ਵਾਲੇ ਕਦਮਾਂ 'ਤੇ ਵੀ ਚਰਚਾ ਹੋਈ। ਜਿਸ ਦੇ ਤਹਿਤ ਸਫਾਈ ਮਿੱਤਰਾਂ ਦੀ ਸੁਰੱਖਿਆ ਅਤੇ ਭਲਾਈ ਲਈ ਪੀਪੀਈ ਕਿੱਟਸ ਦੀ ਵਰਤੋ ਅਤੇ ਉਨ੍ਹਾਂ ਦੇ ਨਿਯਮਤ ਸਿਹਤ ਜਾਂਚ ਨੂੰ ਜਰੂਰੀ ਕਰਨ 'ਤੇ ਵੀ ਚਰਚਾ ਹੋਈ। ਨਾਲ ਹੀ, ਰਾਮਲੀਲਾ ਅਤੇ ਨਰਾਤੇ ਉਤਸਵਾਂ ਦੌਰਾਨ ਨੂੰ ਸਿੰਗਲ ਯੂਜ਼ ਪਲਾਸਟਿਕ ਅਤੇ ਜੀਰੋ ਵੇਸਟ ਦੀ ਨੀਤੀ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਦੇ ਬਾਅਦ ਕੈਬੀਨੇਟ ਮੰਤਰੀ ਵਿਪੁਲ ਗੋਇਲ ਨੇ ਸਵੱਛਤਾ ਦੇ ਨਾਲ-ਨਾਲ ਹਰਿਤ ਹਰਿਆਣਾ ਦੇ ਲਈ ਸਕੂਲਾਂ, ਕਲੋਨੀਆਂ, ਮਾਰਕਿਟਸ ਅਤੇ ਪਾਰਕਾਂ ਵਿੱਚ ਵਿਆਪਕ ਦਰਖਤ ਲਗਾਉਣ ਮੁਹਿੰਮ ਚਲਾਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ, ਮੇਰਾ ਪਲਾਸਟਿਕ, ਮੇਰਾ ਇਨਾਮ ਯੋਜਨਾ ਤਹਿਤ ਪਲਾਸਟਿਕ ਵੇਸਟ ਡਿਸਪੋਜਲ ਕਰਨ ਵਾਲੇ ਨਾਗਰਿਕਾਂ ਨੂੰ ਪੁਰਸਕ੍ਰਿਤ ਕਰਨ ਦੀ ਪਹਿਲ ਦਾ ਐਲਾਨ ਕੀਤਾ ਗਿਆ। ਸ੍ਰੀ ਗੋਇਲ ਨੇ ਕਿਹਾ ਕਿ ਸਵੱਛਤਾ ਸਿਰਫ ਇੱਕ ਮੁਹਿੰਮ ਨਹੀਂ, ਸੋਵ ਸਾਡੀ ਜੀਵਨਸ਼ੈਲੀ ਦਾ ਹਿੱਸਾ ਹੋਣਾ ਚਾਹੀਦਾ ਹੈ। ਸਾਡਾ ਟੀਚਾ ਹਰਿਆਣਾ ਨੂੰ ਸਾਫ, ਸਿਹਤਮੰਦ ਅਤੇ ਹਰਿਤ ਬਨਾਉਣਾ ਹੈ, ਜਿਸ ਵਿੱਚ ਸਾਰੇ ਨਾਗਰਿਕਾਂ ਦਾ ਸਹਿਯੋਗ ਜਰੂਰੀ ਹੈ। ਇਸ ਮੌਕੇ 'ਤੇ ਸ਼ਹਿਰੀ ਸਥਾਨਕ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਵਿਕਾਸ ਗੁਪਤਾ ਵੀ ਮੌਜੂਦ ਰਹੇ।

## ਹੜ੍ਹਾਂ ਵਿਚਾਲੇ ਗੂੰਜੀਆਂ ਖੁਸ਼ੀਆਂ ਦੀਆਂ ਕਿਲਕਾਰੀਆਂ, ਗਰਭਵਤੀ ਲਈ ਫਰਿਸ਼ਤਾ ਬਣਿਆ ਸਿਹਤ ਵਿਭਾਗ

ਫਾਜ਼ਿਲਕਾ 10 ਸਤੰਬਰ। ਭਾਰਤ-ਪਾਕਿ ਕੌਮਾਂਤਰੀ ਸਰਹੱਦ 'ਤੇ ਸਤਲੁਜ ਦਰਿਆ ਨਾਲ ਲੱਗਦੇ ਪਿੰਡ ਮੋਹਰ ਜਮਸ਼ੇਰ ਦੀ ਨਿਰਮਲਾ ਰਾਣੀ ਲਈ ਸਿਹਤ ਵਿਭਾਗ ਫਰਿਸ਼ਤਾ ਬਣ ਕੇ ਸਾਹਮਣੇ ਆਇਆ ਹੈ। ਉਨ੍ਹਾਂ ਨੇ ਕਦੇ ਸੁਫ਼ਨੇ 'ਚ ਵੀ ਨਹੀਂ ਸੋਚਿਆ ਸੀ ਕਿ ਉਹ ਹੜ੍ਹ ਵਾਲੇ ਭਿਆਨਕ



ਹਾਲਾਤ 'ਚ ਆਪਣੇ ਬੱਚੇ ਨੂੰ ਜਨਮ ਦੇਵੇਗੀ। ਸਿਵਲ ਸਰਜਨ ਡਾ. ਰਾਜ ਕੁਮਾਰ ਅਤੇ ਸਹਾਇਕ ਸਿਵਲ ਸਰਜਨ ਡਾ. ਰੋਹਿਤ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਵੱਲੋਂ ਸਿਹਤ ਵਿਭਾਗ ਨੂੰ ਹੜ੍ਹ ਪੀੜਤਾ ਲਈ ਹਰ ਸੰਭਵ ਮਦਦ ਦੇਣ ਅਤੇ ਗਰਭਵਤੀ ਔਰਤਾਂ ਨੂੰ ਮੁਸ਼ਕਲ ਹਲਾਤ 'ਚੋਂ ਬਾਹਰ ਕੱਢ ਕੇ ਸੁਰੱਖਿਅਤ ਸਿਹਤ ਕੇਂਦਰ 'ਚ ਦਾਖ਼ਲ ਕਰਵਾ ਕੇ ਉਨ੍ਹਾਂ ਦਾ ਜਣੇਪਾ ਕਰਵਾਉਣ ਦੇ ਹੁਕਮ ਦਿੱਤੇ ਗਏ ਸਨ। ਇਨ੍ਹਾਂ ਹੁਕਮਾਂ ਦਾ ਪਾਲਣਾ ਕਰਦਿਆਂ ਸਿਹਤ ਵਿਭਾਗ ਵੱਲੋਂ ਪਿੰਡ ਮੋਹਰ ਜਮਸ਼ੇਰ ਦੀ ਨਿਰਮਲਾ ਰਾਣੀ ਅਤੇ ਕੈਲਾਸ਼ ਕੌਰ ਗਰਭਵਤੀ ਔਰਤਾਂ ਨੂੰ ਸਿਹਤ ਵਿਭਾਗ ਵੱਲੋਂ ਰੈਸਕਿਊ ਕਰ ਕੇ ਸਿਵਲ ਹਸਪਤਾਲ ਦਾਖ਼ਲ ਕਰਵਾਇਆ। ਇੱਥੇ ਨਿਰਮਲਾ ਰਾਣੀ ਦਾ ਸੁਰੱਖਿਅਤ ਜਣੇਪਾ ਕਰਵਾਇਆ ਗਿਆ ਅਤੇ ਕੈਲਾਸ਼ ਕੌਰ ਰਿਲੀਫ਼ ਕੈਂਪ ਮੌਜਮ ਵਿਖੇ ਹੈ, ਜਿੱਥੇ ਉਸ ਦਾ ਇਸ ਹਫ਼ਤੇ ਜਣੇਪਾ ਹੋਣ ਦੀ ਸੰਭਾਵਨਾ ਹੈ। ਇਸ ਲਈ ਆਸ਼ਾ ਵਰਕਰ ਅਤੇ ਏ. ਐੱਨ. ਐੱਮ. ਉਸ ਦੇ ਨਾਲ ਹਨ, ਜਿਸ ਦਾ ਫਾਜ਼ਿਲਕਾ ਸਿਵਲ ਹਸਪਤਾਲ ਵਿਖੇ ਇਲਾਜ ਚੱਲ ਰਿਹਾ ਹੈ।

## ਬੀਮਾਰ ਤੇ ਲਾਵਾਰਸ ਹਾਲਤ 'ਚ ਮਿਲਿਆ ਨੌਜਵਾਨ, ਹੋਈ ਮੌਤ

ਅਬੋਹਰ 10 ਸਤੰਬਰ। ਅੱਜ ਦੁਪਹਿਰ ਸਥਾਨਕ ਬੱਸ ਸਟੈਂਡ 'ਤੇ ਇੱਕ ਅਣਪਛਾਤਾ ਨੌਜਵਾਨ ਬੀਮਾਰ ਅਤੇ ਲਾਵਾਰਸ ਹਾਲਤ 'ਚ ਮਿਲਿਆ। ਸੂਚਨਾ ਮਿਲਣ 'ਤੇ ਜਦੋਂ ਤੱਕ ਐਂਬੂਲੈਂਸ, ਸਮਿਤੀ ਦੇ ਮੈਂਬਰ ਅਤੇ ਪੁਲਸ ਪਹੁੰਚੀ, ਉਦੋਂ ਤੱਕ ਨੌਜਵਾਨ ਦੀ ਮੌਤ ਹੋ ਚੁੱਕੀ ਸੀ। ਇਸ ਤੋਂ ਬਾਅਦ ਨਰ



ਸੇਵਾ ਨਾਰਾਇਣ ਸੇਵਾ ਸਮਿਤੀ ਦੇ ਮੈਂਬਰਾਂ ਨੇ ਪੁਲਸ ਮੁਲਾਜ਼ਮਾਂ ਦੀ ਮੌਜੂਦਗੀ 'ਚ ਮ੍ਰਿਤਕ ਦੀ ਲਾਸ਼ ਨੂੰ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾ ਦਿੱਤਾ। ਨੌਜਵਾਨ ਦੀ ਮੌਤ ਦਾ ਕਾਰਨ ਪਤਾ ਨਹੀਂ ਲੱਗ ਸਕਿਆ। ਪੁਲਸ ਮ੍ਰਿਤਕ ਦੇ ਪਰਿਵਾਰ ਵਾਲਿਆਂ ਦਾ ਪਤਾ ਲਗਾ ਰਹੀ ਹੈ। ਜਾਣਕਾਰੀ ਅਨੁਸਾਰ ਬੈਂਕ ਦੇ ਮੁਲਾਜ਼ਮ ਅਰਸ਼ਦੀਪ ਨੇ ਦੱਸਿਆ ਕਿ ਅੱਜ ਦੁਪਹਿਰ ਉਹ ਆਪਣੇ ਦੋਸਤ ਨਾਲ ਬੱਸ ਸਟੈਂਡ ਦੇ ਨੇੜੇ ਤੋਂ ਲੰਘ ਰਿਹਾ ਸੀ। ਉਸਨੇ ਦੇਖਿਆ ਕਿ ਇੱਕ 28 ਤੋਂ 30 ਸਾਲ ਦਾ ਨੌਜਵਾਨ ਬਹੁਤ ਹੀ ਤਰਸਯੋਗ ਹਾਲਤ ਵਿੱਚ ਫੁੱਟਪਾਥ 'ਤੇ ਪਿਆ ਸੀ। ਉਨ੍ਹਾਂ ਨੇ 108 ਦੇ ਚਾਲਕਾਂ ਅਤੇ 112 ਪੁਲਸ ਹੈਲਪਲਾਈਨ ਨੂੰ ਸੂਚਿਤ ਕੀਤਾ। ਇਸ 'ਤੇ ਉਹ ਤੁਰੰਤ ਮੌਕੇ 'ਤੇ ਪਹੁੰਚ ਗਏ ਪਰ ਜਦੋਂ ਤੱਕ ਇਹ ਲੋਕ ਪਹੁੰਚੇ, ਨੌਜਵਾਨ ਦੀ ਮੌਤ ਹੋ ਚੁੱਕੀ ਸੀ। ਮੌਕੇ 'ਤੇ ਮੌਜੂਦ ਸਮਿਤੀ ਦੇ ਮੈਂਬਰ ਬਿੱਟੂ ਨਰੂਲਾ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰ ਵਾਲਿਆਂ ਦਾ ਅਜੇ ਤੱਕ ਕੋਈ ਪਤਾ ਨਹੀਂ ਲੱਗ ਸਕਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਇਹ ਨੌਜਵਾਨ ਧਰਮਨਗਰੀ ਦਾ ਰਹਿਣ ਵਾਲਾ ਹੈ ਅਤੇ ਬਹੁਤ ਕਮਜ਼ੋਰ ਹਾਲਤ ਵਿੱਚ ਸੀ। ਉਸਨੇ ਚੈੱਕ ਕਮੀਜ਼ ਅਤੇ ਹਰੇ ਰੰਗ ਦੇ ਲੋਅਰ ਪਾਈ ਹੋਈ ਸੀ। ਫਿਲਹਾਲ ਉਸਦੀ ਲਾਸ਼ ਨੂੰ ਪਛਾਣ ਅਤੇ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰੱਖਿਆ ਜਾ ਰਿਹਾ ਹੈ।

## ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਐਨਸੀਸੀ ਕੈਡਟਾਂ ਦੀਆਂ ਡਿਊਟੀਆਂ ਲਗਾਈਆਂ

ਅੰਮ੍ਰਿਤਸਰ 10 ਸਤੰਬਰ: ਅੰਮ੍ਰਿਤਸਰ ਦੇ ਅਜਨਾਲਾ ਏਰੀਏ ਵਿੱਚ ਹੜਾਂ ਨਾਲ ਜੂਝ ਰਹੇ ਲੋਕਾਂ ਦੀਆਂ ਜਰੂਰਤਾਂ ਬਾਰੇ ਡਾਟਾ ਇਕੱਠਾ ਕਰਨ ਲਈ ਐਨਸੀਸੀ ਕੈਡਟਾਂ ਦੀ ਡਿਊਟੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸ਼ਾਹਨੀ ਦੁਵਾਰਾ ਲਗਾਈ ਗਈ। ਇਸ ਬਾਰੇ ਜਾਣਕਾਰੀ ਦਿੰਦਿਆਂ ਕਰਨਲ ਪੀਡੀਐਸ ਬੱਲ ਨੇ ਦੱਸਿਆ ਕਿ ਅਜਨਾਲਾ ਏਰੀਏ ਦੇ ਰਾਵੀ ਦਰਿਆ ਦੇ ਕੰਢੇ ਦੇ ਪਿੰਡਾਂ ਵਿੱਚ ਅਚਾਨਕ ਆਏ ਹੜਾਂ ਕਾਰਨ ਪਿੰਡਾਂ ਵਿੱਚ ਕਾਫੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ। ਇਸ ਕੰਮ ਲਈ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਸਾਰੇ ਵਿਭਾਗਾਂ ਨੂੰ ਡਾਟਾ ਇਕੱਠਾ ਕਰਨ ਲਈ ਕਿਹਾ ਗਿਆ ਹੈ। ਇਸੇ ਪ੍ਰਕਾਰ ਐਨਸੀਸੀ ਕੈਡਿਟਾਂ ਨੂੰ ਇੰਨਾ ਪਿੰਡਾਂ ਵਿੱਚ ਪ੍ਰਭਾਵਿਤ ਲੋਕਾਂ ਦੀਆਂ ਜਰੂਰਤਾਂ ਦਾ ਡਾਟਾ ਇਕੱਠਾ ਕਰਨ ਲਈ ਕਿਹਾ ਗਿਆ ਹੈ। ਜਿਸ ਨਾਲ ਮੋਬਾਈਲ ਨੰਬਰ ਵੀ ਦਿੱਤਾ ਗਿਆ ਹੈ। ਕੈਡਿਟ ਸੰਬੰਧਿਤ ਵਿਅਕਤੀ ਨੂੰ ਫੋਨ ਕਰਕੇ ਉਸ ਨੂੰ ਲੋੜੀਂਦੀਆਂ ਸਹੂਲਤਾਂ ਬਾਰੇ ਡਾਟਾ ਇਕੱਠਾ ਕਰੇਗਾ। ਇਸ ਦੀ ਸੂਚਨਾ ਦਫਤਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਿਖੇ ਦਿੱਤੀ ਜਾਵੇਗੀ। ਪ੍ਰਸ਼ਾਸਨ ਵੱਲੋਂ ਉਹਨਾਂ ਲੋੜਵੰਦ ਵਿਅਕਤੀਆਂ ਨੂੰ ਸਹੂਲਤਾਂ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ। ਐਨਸੀਸੀ ਅਫਸਰ ਲੈਫਟੀਨੈਂਟ ਸੁਖਪਾਲ ਸਿੰਘ ਸੰਧੂ ਨੇ ਦੱਸਿਆ ਐਨਸੀਸੀ ਕੈਡਿਟ ਕਿਸੇ ਵੀ ਮੁਸ਼ਕਿਲ ਸਮੇਂ ਵਿੱਚ ਲੋਕਾਂ ਦੀ ਮਦਦ ਕਰਨ ਲਈ ਤੱਤਪਰ ਰਹਿੰਦੇ ਹਨ ਭਾਵੇਂ ਕਿ ਹੜਾਂ ਦਾ ਸਮਾਂ ਹੋਵੇ,ਭਾਵੇਂ ਭੁਚਾਲ ਦਾ ਜਾਂ ਹੋਰ ਕੋਈ ਕੁਦਰਤੀ ਆਫਤ । ਇਸ ਤੋਂ ਇਲਾਵਾ ਲੜਾਈ ਦੇ ਦਿਨਾਂ ਵਿੱਚ ਵੀ ਐਨਸੀਸੀ ਨੇ ਲੋਕਾਂ ਨੂੰ ਜਾਗਰੂਕ ਕੀਤਾ ਸੀ।

## ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਨੇ ਲਗਾਇਆ ਮਾਛੀਵਾਲਾ ਰਾਵੀ ਦਾ ਬੰਨ ਬੰਨਣ ਲਈ ਮੋਰਚਾ

ਅਜਨਾਲਾ, 10 ਸਤੰਬਰ: ਰਾਵੀ ਦਰਿਆ, ਜਿਸ ਨੇ ਅਜਨਾਲਾ ਅਤੇ ਰਮਦਾਸ ਇਲਾਕੇ ਵਿੱਚ ਵੱਡੀ ਤਬਾਹੀ ਲਿਆਂਦੀ ਸੀ, ਦੇ ਟੁੱਟੇ ਹੋਏ ਬੰਨ ਬੰਨਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਜਿਲਾ ਪ੍ਰਸ਼ਾਸਨ ਦੇ ਨਾਲ ਨਾਲ ਕਾਰ ਸੇਵਾ ਵਾਲੇ ਮਹਾਂਪੁਰਖ ਵੀ ਵੱਡੀ ਸਰਗਰਮੀ ਨਾਲ ਇਸ ਮੁਹਿੰਮ ਵਿੱਚ ਸਾਥ ਦੇ ਰਹੇ ਹਨ। ਇਸ ਤੋਂ ਪਹਿਲਾਂ ਦੋ ਬੰਨ੍ਹ ਭਰਨ ਦਾ ਕੰਮ ਚੱਲ ਰਿਹਾ ਹੈ ਅਤੇ ਅੱਜ ਤੀਸਰਾ ਬੰਨ ਜੋ ਕਿ ਮਾਛੀਵਾਲ ਦਾ ਹੈ, ਨੂੰ ਭਰਨ ਲਈ ਕਾਰ ਸੇਵਾ ਵਾਲੇ ਮਹਾਂਪੁਰਖ ਬਾਬਾ ਜਗਤਾਰ ਸਿੰਘ ਜੀ ਤਰਨ ਤਰਨ ਵਾਲਿਆਂ ਨੇ ਅਰਦਾਸ ਕਰਕੇ ਕਾਰ ਸੇਵਾ ਸ਼ੁਰੂ ਕਰ ਦਿੱਤੀ । ਇਸ ਮੌਕੇ ਵਿਧਾਇਕ ਸ ਕੁਲਦੀਪ ਸਿੰਘ ਧਾਲੀਵਾਲ ਅਤੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਵਿਸ਼ੇਸ਼ ਤੌਰ ਉੱਤੇ ਹਾਜ਼ਰ ਹੋਏ। ਵਿਧਾਇਕ ਸ ਧਾਲੀਵਾਲ ਨੇ ਮਹਾਂਪੁਰਖਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਵੱਡੇ ਸੰਕਟ ਵਿੱਚ ਅਜਨਾਲਾ ਪਹੁੰਚ ਕੇ ਬਾਬਾ ਜਗਤਾਰ ਸਿੰਘ ਹੁਰਾਂ ਨੇ ਜੋ ਸਾਡਾ ਸਾਥ ਦਿੱਤਾ ਹੈ, ਇਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਉਹਨਾਂ ਦੱਸਿਆ ਕਿ ਇਹ 500 ਮੀਟਰ ਦੇ ਕਰੀਬ ਪਾੜ ਧੁੱਸੀ ਵਿੱਚ ਪਿਆ ਸੀ, ਜਿਸ ਕਾਰਨ ਪਾਣੀ ਅਜਨਾਲਾ ਤੱਕ ਜਾ ਲੱਗਾ ਸੀ। ਉਹਨਾਂ ਦੱਸਿਆ ਕਿ ਮਹਾਂਪੁਰਖ ਅੱਜ ਆਪਣੀ ਵੱਡੀ ਗਿਣਤੀ ਵਿੱਚ ਸੰਗਤ, ਮਸ਼ੀਨਰੀ ਦੇ ਨਾਲ ਇੱਥੇ ਪਹੁੰਚੇ ਹਨ ਅਤੇ ਉਹਨਾਂ ਨੇ ਅਰਦਾਸ ਕਰਕੇ ਇਹ ਮੋਰਚਾ ਫਤਿਹ ਕਰਨ ਲਈ ਕੰਮ ਸ਼ੁਰੂ ਕੀਤਾ ਹੈ। ਸ ਧਾਲੀਵਾਲ ਨੇ ਦੱਸਿਆ ਕਿ ਆਸ ਹੈ ਕਿ ਇਹ ਕੰਮ ਅੱਠ ਦਿਨਾਂ ਦੇ ਵਿੱਚ ਵਿੱਚ ਪੂਰਾ ਕਰ ਲਿਆ ਜਾਵੇਗਾ।

# ਹੈਰਾਨੀਜਨਕ ਘਟਨਾ ! ਹਸਪਤਾਲ 'ਚ ਚੂਹਿਆਂ ਨੇ ਕੁਤਰ ਦਿੱਤੀਆਂ ਬੱਚਿਆਂ ਦੀਆਂ ਉਂਗਲਾਂ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 10 ਸਤੰਬਰ। ਇੰਦੌਰ ਦੇ ਸਰਕਾਰੀ ਮਹਾਰਾਜਾ ਯਸ਼ਵੰਤ ਰਾਓ ਚਿਕਿਤਸਲਿਆ 'ਚ ਪਿਛਲੇ 48 ਘੰਟਿਆਂ ਦੌਰਾਨ ਦੋ ਨਵਜੰਮੇ ਬੱਚਿਆਂ 'ਤੇ ਚੂਹਿਆਂ ਵੱਲੋਂ ਹਮਲਾ ਕਰਨ ਦੀਆਂ ਘਟਨਾਵਾਂ ਸਾਹਮਣੇ ਆਉਣ ਤੋਂ ਬਾਅਦ ਹਸਪਤਾਲ ਪ੍ਰਸ਼ਾਸਨ ਨੇ ਮੰਗਲਵਾਰ ਨੂੰ ਜਾਂਚ ਦੇ ਹੁਕਮ ਦਿੱਤੇ। ਇੱਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। MYH ਨੂੰ ਰਾਜ ਦੇ ਸਭ ਤੋਂ ਵੱਡੇ ਸਰਕਾਰੀ ਹਸਪਤਾਲਾਂ ਵਿੱਚ ਗਿਣਿਆ ਜਾਂਦਾ ਹੈ। MYH ਦੇ ਸੁਪਰਡੈਂਟ ਡਾ. ਅਸ਼ੋਕ ਯਾਦਵ ਨੇ ਦੱਸਿਆ ਕਿ ਪਿਛਲੇ 48 ਘੰਟਿਆਂ ਦੌਰਾਨ ਨਵਜੰਮੇ ਬੱਚਿਆਂ ਦੀ ਸਰਜਰੀ ਨਾਲ ਸਬੰਧਤ ਵਿਭਾਗ ਦੇ ਇੰਟੈਂਸਿਵ ਕੇਅਰ ਯੂਨਿਟ (93") ਵਿੱਚ ਚੂਹਿਆਂ ਨੇ ਇੱਕ ਬੱਚੇ ਦੀਆਂ ਉਂਗਲਾਂ ਕੱਟ ਲਈਆਂ, ਜਦੋਂ ਕਿ ਉਨ੍ਹਾਂ ਨੇ ਇੱਕ ਹੋਰ ਬੱਚੇ ਦੇ ਸਿਰ ਅਤੇ ਮੋਢੇ ਨੂੰ ਕੱਟ ਲਿਆ। ਯਾਦਵ ਨੇ ਕਿਹਾ, ਦੋਵੇਂ ਬੱਚੇ ਜਮਾਂਦਰੂ ਵਿਕਾਰਾਂ ਤੋਂ ਪੀੜਤ ਹਨ। ਇਨ੍ਹਾਂ ਵਿੱਚੋਂ ਇੱਕ ਬੱਚੇ ਨੂੰ ਖਰਗੋਨ ਜ਼ਿਲ੍ਹੇ ਵਿੱਚ ਛੱਡ ਦਿੱਤਾ ਗਿਆ ਸੀ ਅਤੇ ਉਸਨੂੰ ਇਲਾਜ ਲਈ MYH ਭੇਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਨਵਜੰਮੇ ਬੱਚਿਆਂ ਦੇ



ਸਰੀਰਾਂ ਨੂੰ ਚੂਹਿਆਂ ਵੱਲੋਂ ਕੁਤਰਨ ਦੇ ਮਾਮਲੇ ਦੀ ਜਾਂਚ ਲਈ ਇੱਕ ਕਮੇਟੀ ਬਣਾਈ ਗਈ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਵਿੱਚ ਕੌਣ ਲਾਪਰਵਾਹ ਹੈ ਅਤੇ ਕੌਣ ਲਾਪਤਾ ਹੈ। ਯਾਦਵ ਨੇ ਕਿਹਾ ਕਿ MYH ਦੇ ਕਰਮਚਾਰੀਆਂ ਨੂੰ ਹਸਪਤਾਲ ਵਿੱਚ 24 ਘੰਟੇ ਚੌਕਸੀ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਨਾ ਵਾਪਰੇ। ਉਨ੍ਹਾਂ ਕਿਹਾ ਕਿ MYH ਦੀਆਂ ਖਿੜਕੀਆਂ 'ਤੇ ਮਜ਼ਬੂਤ ??ਲੋਹੇ ਦੇ ਜਾਲ ਲਗਾਏ ਜਾ ਰਹੇ ਹਨ ਅਤੇ ਮਰੀਜ਼ਾਂ ਦੇ ਸਹਾਇਕਾਂ ਨੂੰ ਕਿਹਾ ਗਿਆ ਹੈ ਕਿ ਉਹ ਬਾਹਰੋਂ ਹਸਪਤਾਲ ਦੇ ਵਾਰਡਾਂ ਵਿੱਚ ਖਾਣ-ਪੀਣ ਦੀਆਂ ਚੀਜ਼ਾਂ ਨਾ ਲਿਆਉਣ ਕਿਉਂਕਿ ਇਹ ਚੀਜ਼ਾਂ ਚੂਹਿਆਂ ਨੂੰ ਆਕਰਸ਼ਿਤ ਕਰਦੀਆਂ ਹਨ। ਇਸ ਦੌਰਾਨ, ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਇਸ ਘਟਨਾ ਨੂੰ ਲੈ ਕੇ ਰਾਜ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ ਅਤੇ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ। ਕਾਂਗਰਸ ਦੀ ਮੱਧ ਪ੍ਰਦੇਸ਼ ਇਕਾਈ ਦੇ ਬੁਲਾਰੇ ਨੀਲਾਭ ਸ਼ੁਕਲਾ ਨੇ ਕਿਹਾ, MYH ਵਿੱਚ ਦੋ ਨਵਜੰਮੇ ਬੱਚਿਆਂ ਦੀਆਂ ਉਂਗਲਾ ਨੂੰ ਕੁਤਰਨ ਵਾਲੇ ਚੂਹਿਆਂ ਦਾ ਮਾਮਲਾ ਸਿਰਫ਼ ਪ੍ਰਸ਼ਾਸਨਿਕ ਲਾਪਰਵਾਹੀ ਨਹੀਂ ਹੈ, ਸਗੋਂ ਇੱਕ ਭਿਆਨਕ ਘਟਨਾ ਹੈ ਜੋ ਮਨੁੱਖੀ ਸੰਵੇਦਨਾਵਾਂ ਨੂੰ ਹਿਲਾ ਦਿੰਦੀ ਹੈ। ਇਸ ਘਟਨਾ ਦੀ ਨਿਆਂਇਕ ਜਾਂਚ ਹੋਣੀ ਚਾਹੀਦੀ ਹੈ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।"

# ਪੰਜਾਬ ਸਕੂਲ ਸਿੱਖਿਆ ਵਿਭਾਗ ਦਾ ਨਵਾਂ .ਫੈਸਲਾ

ਲੁਧਿਆਣਾ 10 ਸਤੰਬਰ। ਪੰਜਾਬ ਵਿਚ ਹਾਲ ਹੀ 'ਚ ਲਗਾਤਾਰ ਭਾਰੀ ਬਰਸਾਤ ਅਤੇ ਕਈ ਜ਼ਿਲ੍ਹਿਆਂ 'ਚ ਆਏ ਭਿਆਨਕ ਹੜ੍ਹਾਂ ਨੇ ਨਾ ਸਿਰਫ ਪੇਂਡੂ ਖੇਤਰਾਂ 'ਚ ਤਬਾਹੀ ਮਚਾਈ, ਸਗੋਂ ਸਿੱਖਿਆ ਪ੍ਰਣਾਲੀ ਨੂੰ ਵੀ ਹਿਲਾ ਕੇ ਰੱਖ ਦਿੱਤਾ। ਕਈ ਦਿਨਾਂ ਤੱਕ ਸਕੂਲ ਬੰਦ ਰਹਿਣ ਤੋਂ ਬਾਅਦ ਸਿੱਖਿਆ ਮੰਤਰੀ ਦੇ ਹੁਕਮਾਂ ਤਹਿਤ ਜ਼ਿਲ੍ਹੇ ਭਰ ਦੇ ਸਕੂਲ ਦੁਬਾਰਾ ਖੋਲ੍ਹ ਦਿੱਤੇ ਗਏ ਹਨ ਪਰ ਬਣੇ ਮੌਜੂਦਾ ਹਾਲਾਤ ਨੇ ਬੱਚਿਆਂ ਦੀ ਸੁਰੱਖਿਆ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਦੌਰਾਨ ਸਿੱਖਿਆ ਵਿਭਾਗ ਨੇ ਪ੍ਰਾਈਵੇਟ ਸਕੂਲਾਂ 'ਚ ਸੁਰੱਖਿਆ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਇਕ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਤਹਿਤ ਹਰ ਪ੍ਰਾਈਵੇਟ ਸਕੂਲ ਤੋਂ ਬਿਲਡਿੰਗ ਸੇਫਟੀ ਸਰਟੀਫਿਕੇਟ ਮੰਗਿਆ ਜਾ ਰਿਹਾ ਹੈ। ਇਹ ਕਵਾਇਦ ਅਜਿਹੇ ਸਮੇਂ ਵਿਚ ਹੋ ਰਹੀ ਹੈ, ਜਦੋਂ ਵਿਭਾਗ ਦੀਆਂ ਆਪਣੀਆਂ ਕਈ ਸਰਕਾਰੀ ਸਕੂਲ ਇਮਾਰਤਾਂ ਖਸਤਾ ਹਾਲਤ ਵਿਚ ਹਨ ਅਤੇ ਬੱਚਿਆਂ ਦੀ ਸੁਰੱਖਿਆ ਖਤਰੇ ਵਿਚ ਹੈ। ਸੂਤਰਾਂ ਅਨੁਸਾਰ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿਚ ਮੁਰੰਮਤ ਜਾਂ ਮੁੜ-ਨਿਰਮਾਣ ਦੀ ਲੋੜ ਹੈ। ਕਈ ਥਾਵਾਂ 'ਤੇ ਛੱਤਾਂ ਟਪਕ ਰਹੀਆਂ ਰਹੀਆਂ ਹਨ, ਕੰਧਾਂ ਤੇ ਤਰੇੜਾਂ ਆ ਚੁੱਕੀਆਂ ਹਨ। ਬਰਸਾਤ ਦੇ ਦਿਨਾਂ 'ਚ ਬੱਚਿਆਂ ਦਾ ਜਮਾਤ 'ਚ ਬੈਠਣਾ ਮੁਸ਼ਕਲ ਹੋ ਜਾਂਦਾ ਹੈ। ਇਸ ਦੇ ਬਾਵਜੂਦ ਸਿੱਖਿਆ ਵਿਭਾਗ ਦਾ ਧਿਆਨ ਸਿਰਫ ਪ੍ਰਾਈਵੇਟ ਸਕੂਲਾਂ 'ਤੇ ਹੀ ਕੇਂਦ੍ਰਿਤ ਹੈ। ਉਥੇ ਸੁਰੱਖਿਆ ਜਾਂਚ ਦਾ ਹਵਾਲਾ ਦੇ ਕੇ ਸਖ਼ਤੀ ਵਰਤੀ ਜਾ ਰਹੀ ਹੈ, ਜਦਕਿ ਸਰਕਾਰੀ ਸਕੂਲਾਂ ਦੀਆਂ ਖਸਤਾ ਹਾਲਤ ਇਮਾਰਤਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਸਕੂਲਾਂ ਦੀ ਜਾਂਚ ਲਈ ਭੇਜੀਆਂ ਜਾ ਰਹੀਆਂ ਟੀਮਾਂ 'ਚ ਸਿਰਫ਼ ਸਰਕਾਰੀ ਪ੍ਰਿੰਸੀਪਲਾਂ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਨਾਲ ਕੋਈ ਤਕਨੀਕੀ ਮਾਹਿਰ ਜਾਂ ਇੰਜੀਨੀਅਰ ਨਹੀਂ ਹੈ

## ਜਲੰਧਰ ਦੇ ਪ੍ਰਤਾਪ ਬਾਗ ਨੇੜੇ ਛੱਤ ਤੋਂ ਡਿੱਗ ਕੇ ਨੌਜਵਾਨ ਦੀ ਮੌਤ

ਜਲੰਧਰ 10 ਸਤੰਬਰ। ਪ੍ਰਤਾਪ ਬਾਗ ਨੇੜੇ ਕਿਰਾਏ ਦੇ ਮਕਾਨ ਵਿਚ ਰਹਿਣ ਵਾਲੇ ਇਕ ਨੌਜਵਾਨ ਦੀ ਐਤਵਾਰ ਸਵੇਰੇ ਛੱਤ ਤੋਂ ਡਿੱਗਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮੁਕੇਸ਼ ਵਜੋਂ ਹੋਈ ਹੈ। ਹਾਦਸੇ ਦੀ ਸੂਚਨਾ ਮਿਲਣ 'ਤੇ ਥਾਣਾ ਤਿੰਨ ਦੀ ਪੁਲਸ ਨੇ ਲਾਸ਼ ਨੂੰ ਸਿਵਲ ਹਸਪਤਾਲ ਦੀ ਮੋਰਚਰੀ ਵਿਚ ਰੱਖਵਾ ਦਿੱਤਾ। ਪੁਲਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮ੍ਰਿਤਕ ਨੌਜਵਾਨ ਬੂਟਾ ਮੰਡੀ ਸਥਿਤ ਇਕ ਫੈਕਟਰੀ ਵਿਚ ਕੰਮ ਕਰਦਾ ਸੀ ਅਤੇ ਉਸ ਦੇ ਹੋਰ ਸਾਥੀ ਵੀ ਉਸ ਦੇ ਨਾਲ ਰਹਿ ਰਹੇ ਸਨ। ਦੂਜੇ ਪਾਸੇ ਥਾਣਾ ਤਿੰਨ ਦੇ ਇੰਚਾਰਜ ਰਜਿੰਦਰ ਸਿੰਘ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਫਿਲਹਾਲ ਪੁਲਸ ਨੇ 174 ਤਹਿਤ ਕਾਰਵਾਈ ਕੀਤੀ ਹੈ।

# ਸੇਵਾ ਪੱਖਵਾੜਾ ਤਹਿਤ 20 ਸਤੰਬਰ ਨੂੰ ਪੂਰੇ ਸੂਬੇ ਵਿੱਚ ਨਵੀਂ ਸੜਕਾਂ ਦੇ ਨਿਰਮਾਣ ਅਤੇ ਰਿਪੇਅਰ ਕੰਮਾਂ ਦਾ ਹੋਵੇਗਾ ਸ਼ੁਭਾਰੰਭ-ਰੰਣਬੀਰ ਗੰਗਵਾ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 10 ਸਤੰਬਰ: ਹਰਿਆਣਾ ਦੇ ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਜਨਮ ਦਿਵਸ 17 ਸਤੰਬਰ ਤੋਂ 2 ਅਕਤੂਬਰ, 2025 ਤੱਕ ਸੇਵਾ ਪੱਖਵਾੜਾ ਆਯੋਜਿਤ ਕੀਤਾ ਜਾ ਰਿਹਾ ਹੈ। ਇਸੇ ਦਿਸ਼ਾ ਵਿੱਚ ਸੂਬਾ ਸਰਕਾਰ ਦੇ ਲੋਕ ਨਿਰਮਾਣ ਵਿਭਾਗ, ਸ਼ਹਿਰੀ ਸਥਾਨਕ ਵਿਭਾਗ, ਵਿਕਾਸ ਅਤੇ ਪੰਚਾਇਤ ਵਿਭਾਗ, ਹਰਿਆਣਾ ਰਾਜ ਖੇਤੀਬਾੜੀ ਮਾਰਕੀਟਿੰਗ ਬੋਰਡ, ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਅਤੇ ਐਚਐਸਆਈਆਈਡੀਸੀ ਵੱਲੋਂ 20 ਸਤੰਬਰ ਨੂੰ ਪੂਰੇ ਸੂਬੇ ਵਿੱਚ ਆਪਣੇ ਆਪਣੇ ਵਿਭਾਗਾਂ ਦੀ 75 ਨਵੀਂ ਸੜਕਾਂ ਦਾ ਨਿਰਮਾਣ ਕੰਮ, ਪੁਰਾਣੀ ਸੜਕਾਂ ਦੀ ਮੇਜਰ ਰਿਪੇਅਰ ਦੇ ਕੰਮਾਂ ਦਾ ਸ਼ੁਭਾਰੰਭ ਕੀਤਾ ਜਾਵੇਗਾ। ਸ੍ਰੀ ਰਣਬੀਰ ਗੰਗਵਾ ਦੇਰ ਸ਼ਾਮ ਇੱਥੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸੇਵਾ ਖਪਵਾੜੇ ਨੂੰ ਲੈ ਕੇ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ 20 ਸਤੰਬਰ ਨੂੰ ਆਯੋਜਿਤ ਹੋਣ ਵਾਲੇ ਪੋ?ਰਗਰਾਮ ਵਿੱਚ ਇੱਕ ਥਾਂ 'ਤੇ ਮੁੱਖ ਮੰਤਰੀ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕਰਣਗੇ। ਇਸ ਦੇ ਇਲਾਵਾ ਹੋਰ ਸਥਾਨਾਂ 'ਤੇ ਮੰਤਰੀ, ਸਾਂਸਦ ਅਤੇ ਵਿਧਾਇਕ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕਰਣਗੇ। ਸ੍ਰੀ ਰਣਬੀਰ ਗੰਗਵਾ ਨੇ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਸੇਵਾ ਪੱਖਵਾੜਾ ਦੌਰਾਨ ਬਰਸਾਤ ਨਾਲ ਖਰਾਬ ਹੋਈ ਸੜਕਾਂ ਦੀ ਮਰੱਮਤ ਲਈ ਵਿਸ਼ੇਸ਼ ਅਭਿਆਨ ਚਲਾ ਕੇ ਉਨ੍ਹਾਂ ਨੂੰ ਠੀਕ ਕੀਤਾ ਜਾਵੇ। ਨਾਲ ਹੀ ਸਾਰੇ ਵਿਸ਼ਰਾਮ ਘਰਾਂ ਵਿੱਚ ਵਿਸ਼ੇਸ਼ ਸਫਾਈ ਅਭਿਆਨ ਅਤੇ ਪੌਧਾਰੋਪਣ ਕੀਤਾ ਜਾਵੇ ਅਤੇ ਸਾਰੇ ਸਰਕਾਰੀ ਹੱਯਪਤਾਲਾਂ ਦਾ ਸੌਂਦਰੀਕਰਣ ਕੀਤਾ ਜਾਵੇ। ਇਸ ਦੇ ਇਲਾਵਾ, ਸੜਕਾਂ ਦੇ ਬਰਮ ਅਤੇ ਸੈਂਟ?ਰਲ ਵਰਜ ਨੂੰ ਠੀਕ ਕੀਤਾ ਜਾਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪੂਬੇ ਸੂਬੇ ਵਿੱਚ 20 ਸਤੰਬਰ ਨੂੰ ਹੋਣ ਵਾਲੇ ਪ੍ਰੋਗਰਾਮ ਨੂੰ ਲੈ ਕੇ ਸਬੰਧਿਤ ਵਿਭਾਗ ਆਪਣੇ ਆਪਣੇ ਪੋ?ਰਗਰਾਮਾਂ ਦੇ ਸਥਾਨ ਦੀ ਨਿਸ਼ਾਨਦੇਹੀ ਕਰ ਉਨ੍ਹਾਂ ਦੀ ਲਿਸਟ ਦਫ਼ਤਰ ਭਿਜਵਾਨਾ ਯਕੀਨੀ ਕਰਨ। ਸ੍ਰੀ ਗੰਗਵਾ ਨੇ ਕਿਹਾ ਕਿ ਕਿਸੇ ਵੀ ਸੂਬੇ ਦੀ ਸਭਕਾਂ ਦੀ ਸਥਿਤੀ ਨਾਲ ਹੀ ਉੱਥੇ ਦੀ ਤਰੱਕੀ ਦਾ ਪਤਾ ਚਲਦਾ ਹੈ। ਅੱਜ ਦੀ ਦੁਨਿਆ ਵਿੱਚ ਸਭਕ ਅਤੇ ਟ?ਰਾਂਸਪੋਰਟ ਹਰੇਕ ਵਿਅਕਤੀ ਦੇ ਜੀਵਨ ਦਾ ਇੱਕ ਮੁੱਖ ਅੰਗ ਬਣ ਗਿਆ ਹੈ। ਹਰ ਵਿਅਕਤੀ ਕਿਸੇ ਨਾ ਕਿਸੇ ਰੂਪ ਨਾਲ ਸਭਕ ਨੂੰ ਇਸਤੇਮਾਲ ਕਰਦਾ ਹੈ। ਇਸ ਲਈ ਸੜਕਾਂ ਨੂੰ ਮਜਬੂਤੀ ਨਾਲ ਬਨਾਉਣਾ ਹੈ। ਇਸ ਮੌਕੇ 'ਤੇ ਮੀਟਿੰਗ ਵਿੱਚ ਲੋਕ ਨਿਰਮਾਣ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਅਨੁਰਾਗ ਅਗਰਵਾਲ ਅਤੇ ਵੱਖ ਵੱਖ ਵਿਭਾਗਾਂ ਦੇ ਸੀਨਿਅਰ ਅਧਿਕਾਰੀ ਮੌਜੂਦ ਰਹੇ।

## ਪੂਰੇ ਸੂਬੇ ਦੀ ਪਿੰਡ ਪੰਚਾਇਤਾਂ ਵਿੱਚ ਮਨਾਇਆ ਜਾਵੇਗਾ ਸੇਵਾ ਪੱਖਵਾੜਾ ਪ੍ਰੋਗਰਾਮ - ਕ੍ਰਿਸ਼ਣ ਲਾਲ ਪੰਵਾਰ

ਚੰਡੀਗੜ੍ਹ, 10 ਸਤੰਬਰ: ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਸੂਬੇ ਦੀ ਸਾਰੀ ਪਿੰਡ ਪੰਚਾਇਤਾਂ ਵਿੱਚ ਸੇਵਾ ਪੱਖਵਾੜਾ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ। ਇਹ ਪ੍ਰੋਗਰਾਮ 17 ਸਤੰਬਰ ਤੋਂ 2 ਅਕਤੂਬਰ, 2025 ਤੱਕ ਚੱਲੇਗਾ ਅਤੇ ਇਸ ਦਾ ਉਦੇਸ਼ ਪਿੰਡ ਪੱਧਰ 'ਤੇ ਵਿਕਾਸਾਤਮਕ ਗਤੀਵਿਧੀਆਂ ਨੂੰ ਗਤੀ ਦੇਣਾ ਅਤੇ ਜਨਭਾਗੀਦਾਰੀ ਨੂੰ ਵਧਾਵੁਣਾ ਹੈ। ਇਸ ਪ੍ਰੋਗਰਾਮ ਦੀ ਤਿਆਰੀਆਂ ਨੂੰ ਲੈ ਕੇ ਮੰਗਲਵਾਰ ਨੂੰ ਪੰਚਾਇਤ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਨੇ ਚੰਡੀਗਡ?ਹ ਸਥਿਤ ਪੰਚਾਇਤ ਭਵਨ ਵਿੱਚ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਮੀਟਿੰਗ ਕੀਤੀ। ਮੰਤਰੀ ਨੇ ਸਾਰੇ ਅਧਿਕਾਰੀਆਂ ਨੂੰ ਪ੍ਰੋਗਰਾਮ ਦੇ ਸਫਲ ਆਯਜਨ ਲਈ ਜਰੂਰੀ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ। ਮੀਟਿੰਗ ਦੇ ਬਾਅਦ ਸ੍ਰੀ ਪੰਵਾਰ ਨੇ ਜਾਣਕਾਰੀ ਦਿੱਤੀ ਕਿ ਸਰਕਾਰ ਦਾ ਇਹ ਪ੍ਰੋਗਰਾਮ ਬਹੁਤ ਮਹੱਤਵਪੂਰਣ ਹੈ। ਇਸ ਪ੍ਰੋਗਰਾਮ ਦੇ ਤਹਿਤ ਗ੍ਰਾਮੀਣ ਵਿਕਾਸ ਨੂੰ ਹੋਰ ਵੱਧ ਮਜਬੂਤ ਬਨਾਉਣ ਲਈ ਵੱਖ-ਵੱਖ ਤਰ੍ਹਾ ਦੀ ਗਤੀਵਿਧੀਆਂ ਆਯੋਜਿਤ ਕੀਤੀ ਜਾਵੇਗੀ। ਜਿਨ੍ਹਾਂ ਵਿੱਚ ਦਰਖਤ ਲਗਾਉਣ ਮੁਹਿੰਮ, ਨਾਲਿਆਂ ਦੀ ਸਫਾਈ, ਸੌਰ ਉਰਜਾ ਲਾਈਟਿੰਗ ਦੀ ਸਥਾਪਨਾ ਤੇ ਮੁਰੰਮਤ, ਤਾਲਾਬਾਂ ਦੀ ਸਫਾਈ ਸਮੇਤ ਵੱਖ-ਵੱਖ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਵੀ ਦਸਿਆ ਕਿ ਪ੍ਰੋਗਰਾਮ ਤਹਿਤ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸਵੱਛ ਭਾਰਤ ਮਿਸ਼ਨ ਨੂੰ ਹੋਰ ਵੱਧ ਗਤੀ ਮਿਲੇਗੀ ਅਤੇ ਗ੍ਰਾਮੀਣ ਖੇਤਰਾਂ ਵਿੱਚ ਸਵੱਛਤਾ ਅਤੇ ਵਾਤਾਵਰਣ ਸਰੰਖਣ ਨੂੰ ਪ੍ਰੋਤਸਾਹਨ ਮਿਲੇਗਾ। ਇਸ ਮੌਕੇ 'ਤੇ ਸਮਾਰਟ ਪਿੰਡਾਂ ਦੇ ਸਰਪੰਚਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਪੰਚਾਇਤ ਮੰਤਰੀ ਨੇ ਕਿਹਾ ਕਿ ਇਹ ਪ੍ਰੋਗਰਾਮ ਹਰਿਆਣਾ ਵਿੱਚ ਸਮਾਵੇਸ਼ੀ ਤੇ ਲਗਾਤਾਰ ਗ੍ਰਾਮੀਣ ਵਿਕਾਸ ਦੀ ਦਿਸ਼ਾ ਵਿੱਚ ਇੱਕ ਮਹਤੱਵਪੂਰਣ ਪਹਿਲ ਸਾਬਤ ਹੋਵੇਗੀ। ਮੀਟਿੰਗ ਵਿੱਚ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਸ੍ਰੀ ਡੀ ਕੇ ਬੇਹਰਾ, ਗ੍ਰਾਮੀਣ ਵਿਕਾਸ ਦੇ ਨਿਦੇਸ਼ਕ ਸ੍ਰੀ ਰਾਹੁਲ ਨਰਵਾਲ ਸਮੇਤ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਰਹੇ।

# ਲੁਧਿਆਣਾ ਵਾਸੀਆਂ ਲਈ ਖ਼ਤਰੇ ਦੀ ਘੰਟੀ ! ਸਿਰ 'ਤੇ ਮੰਡਰਾ ਰਿਹੈ ਵੱਡਾ ਖ਼ਤਰਾ

**ਕੌਮੀ ਪਤ੍ਰਿਕਾ**

ਲੁਧਿਆਣਾ 10 ਸਤੰਬਰ। ਭਾਰੀ ਬਾਰਿਸ਼ ਕਾਰਨ ਪੰਜਾਬ ਦੇ ਕਾਫ਼ੀ ਹਿੱਸੇ ਹੜ੍ਹ ਦੀ ਲਪੇਟ ਵਿਚ ਹਨ ਤੇ ਲਗਾਤਾਰ ਕਈ ਦਿਨਾਂ ਤੋਂ ਜਾਰੀ ਬਾਰਿਸ਼ ਕਾਰਨ ਲੁਧਿਆਣਾ ਵਿਚ ਵੀ ਹੜ੍ਹ ਵਰਗੇ ਹਾਲਾਤ ਪੈਦਾ ਹੋ ਗਏ ਹਨ। ਇਸ ਵਿਚਾਲੇ ਬੁੱਢੇ ਨਾਲੇ ਕਾਰਨ ਮੁਸੀਬਤਾਂ ਹੋਰ ਵੱਧਣ ਲੱਗ ਪਈਆਂ ਹਨ। ਜਾਣਕਾਰੀ ਮੁਤਾਬਕ ਸ਼ਿਵਪੁਰੀ ਨੇੜੇ ਬੁੱਢੇ ਨਾਲੇ ਦਾ ਬੰਨ੍ਹ ਟੁੱਟ ਗਿਆ ਹੈ, ਜਿਸ ਕਾਰਨ ਪਾਣੀ ਸ਼ਿਵਪੁਰੀ ਤੇ ਗਾਂਧੀ ਨਗਰ ਜਿਹੇ ਰਿਹਾਇਸ਼ੀ ਇਲਾਕਿਆਂ ਵਿਚ ਵੀ ਆ ਵੜਿਆ ਹੈ। ਅੱਜ ਸਵੇਰ ਤੋਂ ਹੋ ਰਹੀ ਬਰਸਾਤ ਕਾਰਨ ਸੜਕਾਂ ਤੇ ਗਲੀਆਂ ਵਿਚ ਕਈ-ਕਈ ਫੁੱਟ ਪਾਣੀ ਖੜ੍ਹ ਗਿਆ ਹੈ। ਬਾਰਿਸ਼ ਨਾ ਰੁਕਣ ਕਾਰਨ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ। ਇਸ ਤੋਂ ਇਲਾਵਾ ਬੁੱਢੇ ਨਾਲੇ ਵਿਚ ਪਾਣੀ ਦਾ ਪੱਧਰ ਵੀ ਕਾਫ਼ੀ ਵੱਧ ਗਿਆ ਹੈ। ਬੁੱਢਾ ਨਾਲਾ ਕੰਢਿਆਂ ਦੇ ਬਰਾਬਰ ਵਹਿ ਰਿਹਾ ਹੈ, ਜਿਸ ਕਾਰਨ ਨਗਰ ਨਿਗਮ ਦੇ ਅਧਿਕਾਰੀਆਂ ਵਿਚ ਵੀ ਕਾਫ਼ੀ ਸਹਿਮ ਹੈ




ਕਿ ਬੁੱਢਾ ਨਾਲਾ ਕਿਸੇ ਵੀ ਵੇਲੇ ਲੁਧਿਆਣਾ ਵਿਚ ਓਵਰਫ਼ਲੋ ਹੋ ਸਕਦਾ ਹੈ। ਉੱਥੇ ਹੀ ਮੌਸਮ ਵਿਭਾਗ ਵੱਲੋਂ ਅੱਜ ਜ਼ਿਲ੍ਹੇ ਵਿਚ ਮੀਂਹ ਦਾ ਆਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਬੁੱਢਾ ਨਾਲਾ ਸਤਿਲੁਜ ਦਰਿਆ ਵਿਚ ਡਿੱਗਦਾ ਹੈ। ਜੇਕਰ ਸਤਿਲੁਜ ਦਰਿਆ ਖ਼ੁਦ ਓਰਵਫ਼ਲੋ ਹੁੰਦਾ ਹੈ ਤਾਂ ਬੁੱਢੇ ਨਾਲੇ ਦੀ ਨਿਕਾਸੀ ਬਿਲਕੁੱਲ ਬੰਦ ਹੋ ਜਾਵੇਗੀ ਤੇ ਲੁਧਿਆਣਾ ਵਿਚ ਭਾਰੀ ਬਾਰਿਸ਼ ਕਾਰਨ ਬੁੱਢਾ ਨਾਲਾ ਉਫ਼ਾਨ ਤੇ ਆ ਗਿਆ ਹੈ। ਬੁੱਢਾ ਨਾਲਾ ਖ਼ਤਰੇ ਦੇ ਨਿਸ਼ਾਨ ਤੋਂ ਵੀ ਉੱਪਰ ਵਹਿ ਰਿਹਾ ਹੈ। ਬੁੱਢਾ ਨਾਲਾ ਕਿਸੇ ਵੀ ਵੇਲੇ ਓਵਰਫ਼ਲੋ ਹੋ ਸਕਦਾ ਹੈ। ਲਗਾਤਾਰ ਹੋ ਰਹੀ ਬਰਸਾਤ ਕਾਰਨ ਸ਼ਹਿਰ ਦੇ ਜ਼ਿਆਦਾਤਰ ਇਲਾਕਿਆਂ ਵਿਚ ਬਿਜਲੀ ਦੀ ਸਪਲਾਈ ਠੱਪ ਹੋ ਗਈ ਹੈ। ਉੱਥੇ ਹੀ ਸ਼ਹਿਰ ਦੇ ਦਮੋਰੀਆ ਪੁਲ? ਨੇੜੇ ਵੀ ਮੀਂਹ ਕਾਰਨ ਤਬਾਹੀ ਦਾ ਖ਼ੌਫ਼ਨਾਕ ਮੰਜ਼ਰ ਵੇਖਣ ਨੂੰ ਮਿਲਿਆ ਹੈ। ਉੱਥੇ ਕੰਧ ਦੇ ਨਾਲ ਪਾਰਕ ਕੀਤੀਆਂ ਗਈਆਂ ਤਕਰੀਬਨ ਅੱਧਾ ਦਰਜਨ ਗੱਡੀਆਂ 'ਤੇ ਕੰਧ ਡਿੱਗ ਗਈ, ਜਿਸ ਕਾਰਨ ਗੱਡੀਆਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਨ। ਦੂਜੇ ਬਾਸੇ ਬੁੱਢੇ ਦਰਿਆ ਵਿਚ ਬਰਸਾਤ ਕਾਰਨ ਲਗਾਤਾਰ ਵੱਧਦੇ ਪਾਣੀ ਦੇ ਪੱਧਰ ਕਾਰਨ ਦਰਜਨਾਂ ਇਲਾਕਿਆਂ ਦੇ ਲੋਕਾਂ ਵਿਚ ਖ਼ਤਰਾ ਪੈਦਾ ਹੋ ਗਿਆ ਹੈ। ਇਲਾਕਾ ਕੌਂਸਲਰ ਅਰੁਣ ਸ਼ਰਮਾ ਨੇ ਬਰਸਾਤ ਦੀ ਪਰਵਾਹ ਕੀਤੇ ਬਗੈਰ ਮੌਕੇ 'ਤੇ ਪਹੁੰਚ ਕੇ ਬੁੱਢੇ ਨਾਲੇ ਦੇ ਬੰਨ੍ਹ ਨੂੰ ਮਜਬੂਤ ਕਰਨ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਬੰਨ੍ਹ ਦੇ ਨਾਲ ਰੇਤ ਦੀਆਂ ਬੋਰੀਆਂ ਲਗਾਈਆਂ ਜਾ ਰਹੀਆਂ ਹਨ, ਤਾਂ ਜੋ ਪਾਣੀ ਰਿਹਾਇਸ਼ੀ ਇਲਾਕਿਆਂ ਵਿਚ ਨਾ ਆ ਵੜੇ।

ਕੌਮੀ ਪਤ੍ਰਿਕਾ
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।
Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689, 011-23315814
Mob. : 9971359517, 9312262300
E-mail address: qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਵਕੀਲਾਂ ਵੱਲੋਂ ਗਣੇਸ਼ ਵਿਸਰਜਨ ਦੀ ਦਸਵੀਂ ਵਰ੍ਹੇਗੰਢ ਬੜੀ ਧੂਮਧਾਮ ਨਾਲ ਮਨਾਈ ਗਈ

ਕੌਮੀ ਪਤ੍ਰਿਕਾ

ਨਵੀਂ ਦਿੱਲੀ: (NewsVarta) : ਵਕੀਲਾਂ ਵੱਲੋਂ ਗਣੇਸ਼ ਵਿਸਰਜਨ ਦੀ ਅਨੋਖੀ ਪਰੰਪਰਾ ਜਾਰੀ ਹੈ। ਰੋਹਿਣੀ ਕੋਰਟ ਵਿਖੇ ਵਕੀਲਾਂ ਵੱਲੋਂ ਗਣਪਤੀ ਵਿਸਰਜਨ ਦੀ ਦਸਵੀਂ ਵਰ੍ਹੇਗੰਢ ਬਹੁਤ ਧੂਮਧਾਮ ਨਾਲ ਮਨਾਈ ਗਈ। ਗਣੇਸ਼ ਵਿਸਰਜਨ, ਜਿਸਨੂੰ ਗਣਪਤੀ ਵਿਸਰਜਨ ਵੀ ਕਿਹਾ ਜਾਂਦਾ ਹੈ, ਇੱਕ ਮਹੱਤਵਪੂਰਨ ਹਿੰਦੂ ਤਿਉਹਾਰ ਹੈ ਜੋ ਮੁੱਖ ਤੌਰ 'ਤੇ ਭਾਰਤ ਵਿੱਚ ਮਨਾਇਆ ਜਾਂਦਾ ਹੈ ਅਤੇ ਦਸ ਦਿਨਾਂ ਤੱਕ ਚੱਲਣ ਵਾਲੇ ਗਣੇਸ਼ ਚਤੁਰਥੀ ਤਿਉਹਾਰਾਂ ਦੀ ਸਮਾਪਤੀ ਨੂੰ ਦਰਸਾਉਂਦਾ ਹੈ। ਇਹ ਤਿਉਹਾਰ ਬੁੱਧੀ, ਖੁਸ਼ਹਾਲੀ ਅਤੇ ਚੰਗੀ ਕਿਸਮਤ ਦੇ ਦੇਵਤਾ ਭਗਵਾਨ ਗਣੇਸ਼ ਦੇ ਜਨਮ ਦਾ ਜਸ਼ਨ ਮਨਾਉਂਦਾ ਹੈ। ਵਿਸਰਜਨ ਸਮਾਰੋਹ ਵਿੱਚ ਗਣੇਸ਼ ਮੂਰਤੀਆਂ ਨੂੰ ਜਲ ਸਰੋਤਾਂ, ਆਮ ਤੌਰ 'ਤੇ ਨਦੀਆਂ, ਝੀਲਾਂ ਜਾਂ ਸਮੁੰਦਰਾਂ ਵਿੱਚ ਵਿਸਰਜਨ ਕਰਨਾ ਸ਼ਾਮਲ ਹੁੰਦਾ ਹੈ। ਸ਼ਰਧਾਲੂ ਸੰਗੀਤ, ਨਾਚ ਅਤੇ ਜਾਪ ਦੇ ਨਾਲ ਜੀਵੰਤ ਜਲੂਸਾਂ ਵਿੱਚ ਭਗਵਾਨ ਗਣੇਸ਼ ਦੀਆਂ ਵਿਸਤ੍ਰਿਤ ਢੰਗ ਨਾਲ ਤਿਆਰ ਕੀਤੀਆਂ ਮੂਰਤੀਆਂ ਨੂੰ ਲੈ ਕੇ ਜਾਂਦੇ ਹਨ। ਇਮਰਸ਼ਨ ਭਗਵਾਨ ਗਣੇਸ਼ ਦੇ ਆਪਣੇ ਬ੍ਰਹਮ ਨਿਵਾਸ ਵੱਲ ਜਾਣ ਦਾ ਪ੍ਰਤੀਕ ਹੈ, ਜੋ ਉਨ੍ਹਾਂ ਦੇ ਧਰਤੀ ਉੱਤੇ ਰਹਿਣ ਦੇ ਅੰਤ ਅਤੇ ਅਗਲੇ ਸਾਲ ਉਨ੍ਹਾਂ ਦੀ ਵਾਪਸੀ ਦੇ ਵਾਅਦੇ ਨੂੰ ਦਰਸਾਉਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਮਰਸ਼ਨ ਦੌਰਾਨ, ਭਗਵਾਨ ਗਣੇਸ਼ ਆਪਣੇ



ਸ਼ਰਧਾਲੂਆਂ ਦੇ ਦੁੱਖਾਂ ਅਤੇ ਰੁਕਾਵਟਾਂ ਨੂੰ ਦੂਰ ਕਰਦੇ ਹਨ ਅਤੇ ਉਨ੍ਹਾਂ ਨੂੰ ਅਸ਼ੀਰਵਾਦ ਅਤੇ ਖੁਸ਼ਹਾਲੀ ਪ੍ਰਦਾਨ ਕਰਦੇ ਹਨ। ਗਣੇਸ਼ ਵਿਸਰਜਨ ਦੇਸ਼ ਭਰ ਤੋਂ ਲੱਖਾਂ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ। ਹਾਲ ਹੀ ਦੇ ਸਾਲਾਂ ਵਿੱਚ, ਤਿਉਹਾਰ ਦੌਰਾਨ ਵਾਤਾਵਰਣ-ਅਨੁਕੂਲ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਦੇ ਯਤਨ ਕੀਤੇ ਗਏ ਹਨ, ਵਾਤਾਵਰਣ ਪ੍ਰਭਾਵ ਨੂੰ ਘਟਾਉਣ ਲਈ ਬਾਇਓਡੀਗ੍ਰੇਡੇਬਲ ਮੂਰਤੀਆਂ ਅਤੇ ਜੈਵਿਕ ਸਮੱਗਰੀ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਗਣੇਸ਼ ਵਿਸਰਜਨ ਮੁੱਖ ਤੌਰ 'ਤੇ ਭਾਰਤ ਵਿੱਚ ਮਨਾਇਆ ਜਾਂਦਾ ਹੈ, ਪਰ ਇਸਨੇ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਵੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਇਹ ਤਿਉਹਾਰ ਭਾਈਚਾਰੇ, ਅਧਿਆਤਮਿਕਤਾ ਅਤੇ ਸੱਭਿਆਚਾਰਕ ਮਾਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਦਾ ਹੈ, ਅਤੇ ਇਸਦੇ ਭਾਗੀਦਾਰਾਂ ਵਿੱਚ ਏਕਤਾ ਅਤੇ ਸ਼ਰਧਾ ਦੀ ਭਾਵਨਾ ਨੂੰ ਦਰਸਾਉਂਦਾ ਹੈ। ਵਿਸਰਜਨ ਦੀ ਵਿਲੱਖਣ ਪਰੰਪਰਾ ਦੇ ਹਿੱਸੇ ਵਜੋਂ, ਲਾਇਰਜ਼ ਯੂਨਾਈਟਿਡ ਫਰੰਟ ਦੇ ਪ੍ਰਧਾਨ ਸ਼੍ਰੀ ਰਾਜੀਵ ਅਗਨੀਹੋਤਰੀ ਨੇ ਚੰਦਰ ਪਾਲ ਸਿੰਘ ਗੁਸਾਈਂ ਨੂੰ ਇੱਕ ਗਣੇਸ਼ ਮੂਰਤੀ ਭੇਟ ਕੀਤੀ, ਜਿਸਦੀ ਦਸ ਦਿਨਾਂ ਤੱਕ ਪੂਜਾ ਕੀਤੀ ਗਈ। ਸ਼੍ਰੀ ਅਗਨੀਹੋਤਰੀ ਕਹਿੰਦੇ ਹਨ ਕਿ ਭਗਵਾਨ ਗਣੇਸ਼ ਨੇ ਕਦੇ ਨਹੀਂ ਕਿਹਾ ਕਿ ਉਨ੍ਹਾਂ ਨੂੰ ਨਦੀਆਂ, ਝੀਲਾਂ ਜਾਂ ਤਲਾਅ ਵਿੱਚ ਵਿਸਰਜਨ ਕਰਨਾ ਚਾਹੀਦਾ ਹੈ। ਐਡਵੋਕੇਟ ਚੰਦਰ ਪਾਲ ਸਿੰਘ ਗੁਸਾਈਂ ਨੇ ਕਿਹਾ ਕਿ ਇਹ ਮੇਰਾ ਸੁਭਾਗ ਹੈ ਕਿ ਮੂਰਤੀ ਮੈਨੂੰ ਦਿੱਤੀ ਗਈ। ਮੈਂ ਇੱਕ ਵਾਤਾਵਰਣ ਪ੍ਰੇਮੀ ਹਾਂ ਅਤੇ ਇੱਕ ਗਣੇਸ਼ ਭਗਤ ਵੀ ਹਾਂ। ਸ਼੍ਰੀ ਅਗਨੀਹੋਤਰੀ ਨੇ ਕਿਹਾ ਕਿ ਇਹ ਜ਼ਰੂਰੀ ਹੈ ਕਿ ਅਸੀਂ ਇਸ ਤਿਉਹਾਰ ਨੂੰ ਵਾਤਾਵਰਣ ਦੀ ਸੁਰੱਖਿਆ ਅਤੇ ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਯੰਤਰਣ ਦੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਮਨਾਈਏ। ਐਡਵੋਕੇਟ ਅਜੀਤ ਕੁਮਾਰ, ਵਚਿਤਰ ਕੁਮਾਰ, ਬਬੀਤਾ ਅਹਲਾਵਤ, ਵੇਦ ਪ੍ਰਕਾਸ਼, ਪ੍ਰੇਮ ਪ੍ਰਕਾਸ਼ ਵਸ਼ਿਸ਼ਟ, ਐਮ ਸੁਬਰਾਮਨੀਅਮ, ਬੀ.ਸੀ.ਪੰਤ, ਦਵਿੰਦਰ ਸਿੰਘ ਬਿਸ਼ਟ, ਕਮਲੇਸ਼ ਗੁਪਤਾ, ਅਸ਼ੋਕ ਸ਼ਰਮਾ, ਰਾਕੇਸ਼ ਕੁਮਾਰ ਤਿਵਾੜੀ, ਰਿਸ਼ੀਕੇਸ਼, ਸੰਤੋਸ਼ ਕੁਮਾਰ ਸਿੰਘ, ਸੁਮਿਤ ਕੁਮਾਰ ਗੁਪਤਾ, ਵੀ. ਗੜਵੰਦ, ਸੁਰਦੇਵ ਕਾਮਰਗ, ਵੀ. ਅਤੇ ਹੋਰਾਂ ਨੇ ਭਾਗ ਲਿਆ।

## ਦਿੱਲੀ ਦੀ ਇਤਿਹਾਸਕ ਜਿੱਤ ਮਜ਼ਦੂਰਾਂ ਦੀ ਸਖ਼ਤ ਮਿਹਨਤ ਅਤੇ ਮੋਦੀ ਜੀ ਦੀ ਗਰੰਟੀ ਦਾ ਨਤੀਜਾ ਹੈ: ਮੁੱਖ ਮੰਤਰੀ ਰੇਖਾ ਗੁਪਤਾ

Contd...............Front page

ਮੋਦੀ ਜੀ ਦਾ ਦ੍ਰਿਸ਼ਟੀਕੋਣ ਸਾਡੀ ਗਰੰਟੀ ਹੈ ਅਤੇ ਇਹੀ ਇਸ ਕਿਤਾਬ ਦਾ ਸਾਰ ਹੈ। ਹੁਣ ਸਾਡਾ ਟੀਚਾ ਦਿੱਲੀ ਨੂੰ ਉਸ ਸਥਿਤੀ 'ਤੇ ਲੈ ਜਾਣਾ ਹੈ ਜਿਸਦੀ ਪ੍ਰਧਾਨ ਮੰਤਰੀ ਨੇ ਕਲਪਨਾ ਕੀਤੀ ਹੈ। ਇਸ ਮੌਕੇ ਕੈਬਨਿਟ ਮੰਤਰੀ ਕਪਿਲ ਮਿਸ਼ਰਾ ਨੇ ਕਿਹਾ, ਇਹ ਇੱਕ ਵਿਚਾਰਧਾਰਕ ਅਤੇ ਸਿਰਜਣਾਤਮਕ ਲੜਾਈ ਹੈ। ਸੰਵਿਧਾਨ ਅਤੇ ਲੋਕਤੰਤਰ ਦੇ ਹੱਕ ਵਿੱਚ ਖੜ੍ਹੇ ਲੋਕਾਂ ਲਈ ਲਿਖਣਾ ਅਤੇ ਬੋਲਣਾ ਬਹੁਤ ਜ਼ਰੂਰੀ ਹੈ। ਸੱਚ ਨਾਲ ਲਿਖੀ ਕਿਤਾਬ ਝੂਠ ਨਾਲ ਲਿਖੀਆਂ ਹਜ਼ਾਰਾਂ ਕਿਤਾਬਾਂ ਤੋਂ ਵੀ ਵੱਧ ਹੈ। ਇਹ ਕਿਤਾਬ ਸੱਚ ਦਾ ਦਸਤਾਵੇਜ਼ ਹੈ, ਜੋ ਦਰਸਾਉਂਦੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਦੇ 'ਤੇ, ਦਿੱਲੀ ਭ੍ਰਿਸ਼ਟਾਚਾਰ ਅਤੇ ਇਸ਼ਤਿਹਾਰ-ਅਧਾਰਤ ਰਾਜਨੀਤੀ ਨੂੰ ਪਿੱਛੇ ਛੱਡ ਕੇ ਵਿਕਾਸ ਅਤੇ ਪਾਰਦਰਸ਼ਤਾ ਦੇ ਰਾਹ 'ਤੇ ਅੱਗੇ ਵਧੀ। ਇਹ ਕਿਤਾਬ ਮੁੱਖ ਮੰਤਰੀ ਰੇਖਾ ਗੁਪਤਾ ਨੇ ਵਿਸ਼ੇਸ਼ ਮਹਿਮਾਨ ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਸ਼੍ਰੀ ਤਰੁਣ ਚੁੱਘ, ਭਾਜਪਾ ਦੇ ਰਾਸ਼ਟਰੀ ਮੰਤਰੀ ਅਲਕਾ ਗੁੱਜਰ ਅਤੇ ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀ ਕਪਿਲ ਮਿਸ਼ਰਾ ਦੇ ਨਾਲ ਸਾਂਝੇ ਤੌਰ 'ਤੇ ਜਾਰੀ ਕੀਤੀ।

## ਗੁਰਦਾਸਪੁਰ ਤੋਂ ਬਹਿਰਾਮਪੁਰ ਜਾਣ ਵਾਲੀ ਸੜਕ 'ਚ ਦੋਵੇਂ ਪਾਸੇ ਤੋਂ ਜ਼ਮੀਨੀ ਕਟਾਅ ਨਾਲ ਪਿਆ ਵੱਡਾ ਪਾੜ, ਆਵਾਜਾਈ ਠੱਪ

ਗੁਰਦਾਸਪੁਰ 10 ਸਤੰਬਰ। ਗੁਰਦਾਸਪੁਰ ਤੋਂ ਬਹਿਰਾਮਪੁਰ ਜਾਣ ਵਾਲੀ ਸੜਕ ਦੇ ਦੋਵੇਂ ਪਾਸੇ ਵੱਡਾ ਪਾੜ ਪੈਣ ਨਾਲ ਸੜਕ 'ਤੇ ਆਵਾਜਾਈ ਲਗਭਗ ਠੱਪ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਭਾਰੀ ਮੀਂਹ ਤੇ ਹੜ੍ਹ ਕਾਰਨ ਵੱਡੀ ਮਾਤਰਾ ਵਿਚ ਪਾਣੀ ਇਸ ਸੜਕ 'ਤੇ ਚੱਲ ਰਿਹਾ ਸੀ ਜੋ ਅਜੇ ਤੀਕ ਚੱਲ ਰਿਹਾ ਹੈ। ਪਾਣੀ ਦੇ ਤੇਜ਼ ਵਹਾਅ ਕਾਰਨ ਸੜਕ ਦੇ ਕੰਢੇ ਹੌਲੀ-ਹੌਲੀ ਰੁੜ੍ਹਨੇ ਸ਼ੁਰੂ ਹੋ ਗਏ ਅਤੇ ਸੜਕ ਕੰਢੇ ਇਕ ਵੱਡਾ ਪਾੜ ਪੈ ਚੁੱਕਾ ਹੈ। ਸੜਕ ਦੇ ਦੋਨਾਂ ਕੰਢਿਆਂ ਤੋਂ ਪਾੜ ਪੈਣ ਨਾਲ ਹੁਣ ਸੜਕ ਉੱਪਰੋਂ ਵੱਡੇ ਵਾਹਨਾਂ ਦਾ ਲੰਘਣਾ ਲਗਭਗ ਬੰਦ ਹੋ ਚੁੱਕਾ ਹੈ ਅਤੇ ਥੋੜੇ ਸਮੇਂ ਬਾਅਦ ਛੋਟੇ ਵਾਹਨ ਵੀ ਲੰਘਣੇ ਬੰਦ ਹੋ ਜਾਣਗੇ। ਇਸ ਸੜਕ 'ਤੇ ਨਜ਼ਦੀਕੀ ਲੋਕਾਂ ਵਲੋਂ ਵੱਡੇ-ਵੱਡੇ ਪੱਥਰ, ਬੂਟੇ ਅਤੇ ਤੇ ਬੋਰੀਆਂ ਵਗੈਰਾ ਰੱਖੀਆਂ ਗਈਆਂ ਹਨ ਤਾਂ ਜੋ ਕੋਈ ਵੀ ਅਣਜਾਣ ਵਾਹਨ ਚਾਲਕ ਇਥੋਂ ਲੰਘਣ ਸਮੇਂ ਸੜਕ ਵਿਚਕਾਰ ਡਿੱਗ ਨਾ ਸਕੇ। ਜੇਕਰ ਹੁਣ ਕੋਈ ਵੱਡਾ ਵਾਹਨ ਇਸ ਸੜਕ ਰਾਹੀਂ ਗੁਜ਼ਰਦਾ ਹੈ ਤਾਂ ਉਹ ਸੜਕ ਵਿਚਕਾਰ ਪਲਟ ਜਾਵੇਗਾ ਜਿਸ ਨਾਲ ਵੱਡਾ ਹਾਦਸਾ ਹੋਣ ਦਾ ਡਰ ਬਣਿਆ ਹੋਇਆ ਹੈ। ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਰਦਾਸਪੁਰ ਇਲਾਕੇ ਵਿੱਚ ਅੱਜ ਆ ਰਹੇ ਹਨ ਜਿਨ੍ਹਾਂ ਨੂੰ ਲੈ ਕੇ ਵੱਡੀ ਗਿਣਤੀ ਵਿਚ ਰਾਜਨੀਤਿਕ ਲੀਡਰ ਤੇ ਸਰਕਾਰੀ ਅਫਸਰ ਇਸ ਸੜਕ ਰਾਹੀਂ ਹੋ ਕੇ ਗੁਜਰਨਗੇ ਪਰ ਹੁਣ ਸੜਕ ਬੰਦ ਹੋਣ ਨਾਲ ਉਨ੍ਹਾਂ ਨੂੰ ਹੋਰਨਾਂ ਰਸਤਿਆਂ ਰਾਹੀਂ ਬਹਿਰਾਮਪੁਰ ਜਾ ਸਕਣਗੇ। ਲੋਕਾਂ ਨੇ ਸੰਬੰਧਿਤ ਵਿਭਾਗ ਕੋਲ ਮੰਗ ਕੀਤੀ ਕਿ ਗੁਰਦਾਸਪੁਰ ਤੋਂ ਬਹਿਰਾਮਪੁਰ ਜਾਣ ਵਾਲੀ ਸੜਕ ਕੰਢੇ ਪਏ ਵੱਡੇ ਪਾੜ ਨੂੰ ਜਲਦ ਤੋਂ ਜਲਦ ਠੀਕ ਕੀਤਾ ਜਾਵੇ ਤਾਂ ਜੋ ਲੋਕਾਂ ਦੀ ਆਵਾਜਾਈ ਨਿਰਵਿਘਨ ਜਾਰੀ ਰਹੇ।


### ਉੱਤਰ ਰੇਲਵੇ

**ਖੁਲੀ ਈ-ਟੈਂਡਰ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਡਵੀਜ਼ਨ ਇੰਜੀਨੀਅਰ – ਚੌਥੀ, ਉੱਤਰ ਰੇਲਵੇ, ਨਵੀਂ ਦਿੱਲੀ ਦੁਆਰਾ ਹੇਠਾਂ ਕੰਮ ਦੇ ਲਈ ਈ-ਟੈਂਡਰ ਦੇ ਦੁਆਰਾ ਤੋਂ ਟੈਂਡਰ ਮੰਗ ਕੀਤੀ ਜਾਂਦੀ ਹੈ।

| | | |
|---|---|---|
| 1 | ਕੰਮ ਦਾ ਨਾਮ : ਅਨੁਸੂਚੀ-A : 30,000 ਘਨ ਮੀਟਰ, 65 ਮਿ.ਮੀ. ਗੇਜ ਮਸ਼ੀਨ ਤੋਂ ਕਰੱਸ਼ ਕੀਤੀ ਗਈ ਪੱਥਰ ਦੀ ਬੈਲੇਸਟ ਦੀ ਆਪੂਰਤੀ, ਸਟੈਕਿੰਗ ਅਤੇ ਝੱਸਰ (JHI) ਬੈਲੇਸਟ ਡਿਪੋ ਸਥਿਤ ਬੈਲੇਸਟ ਸਭ ਡਿਪੋ ਨੰਬਰ-2 ਉਤੇ ਰੇਲਵੇ ਵੈਗਨਾਂ ਵਿਚ ਲੋਡਿੰਗ, (ਇਸ ਵਿਚ ਸਾਰੇ ਲੀਡ ਅਤੇ ਲਿਫਟ, ਜੀ.ਐਸ.ਟੀ., ਕਰ ਆਦਿ ਸ਼ਾਮਿਲ ਹੈ, ਅਤੇ ਕਿਸੇ ਵੀ ਪਰਿਸਥਿਤੀ ਵਿਚ ਅਤਿਰਿਕਤ ਭੁਗਤਾਨ ਨਹੀਂ ਕੀਤਾ ਜਾਵੇਗਾ)। (ਟੈਂਡਰ ਨੰਬਰ NIT-86-25-26-W-IV) | |
| 2 | ਅਨੁਮਾਨਿਤ ਲਾਗਤ | ਰੁ:3,45,35,100/- |
| 3 | ਬਿਆਨਾ ਰਾਸ਼ੀ | ਰੁ:3,22,700/- |
| 4 | ਈ-ਟੈਂਡਰ ਭਰਨ ਦੀ ਮਿਤੀ ਅਤੇ ਸਮਾਂ ਈ-ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਈ-ਟੈਂਡਰ ਭਰਨ ਦਾ ਸਮਾਂ ਸ਼ੁਰੂ 12.09.2025 ਨੂੰ 15.00 ਵਜੇ ਤੋਂ ਟੈਂਡਰ ਖੁਲਣ ਦਾ ਸਮਾਂ ਈ-ਟੈਂਡਰ ਖੁਲਣ ਦੀ ਮਿਤੀ 26.09.2025 ਨੂੰ 15.00 ਵਜੇ ਤਕ। |
| 5 | ਟੈਂਡਰ ਦੀ ਵੈੱਬਸਾਈਟ ਜਿਥੇ ਟੈਂਡਰ ਪ੍ਰਪੱਤਰ ਖਰੀਦੀ ਜਾਂ ਸਕਦੀ ਹੈ : www.ireps.gov.in ਉਤੇ ਉਪਲਬਧ ਹੈ। | |

ਨੰ: 128-ਡਬਲਯੂ/260/ਟੈਂਡਰ ਸੂਚਨਾ/24-25/ਡਬਲੂ-IV ਮਿਤੀ : 04.09.2025 2738/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

ਅੱਜ ਤੋਂ ਕਰੀਬ ਚਾਲੀ ਪੰਜਾਹ ਸਾਲ ਪਹਿਲਾਂ ਮਨੋਰੰਜਨ ਦੇ ਸਾਧਨ ਇੰਨੇ ਨਹੀਂ ਸਨ। ਰੇਡੀਉ ਦੇ ਮਧਿਅਮ ਰਾਹੀਂ ਖ਼ਬਰਾਂ ਜਾਂ ਦਿਹਾਤੀ ਪ੍ਰੋਗਰਾਮ ਸੁਣਦੇ ਹੁੰਦੇ ਸੀ। ਉਦੋਂ ਪਿੰਡਾਂ ਵਿਚ ਬਾਜ਼ੀ ਪੈਂਦੀ ਸੀ। ਜਿਸ ਦਿਨ ਬਾਜ਼ੀ ਪੈਣੀ ਹੁੰਦੀ ਸੀ ਅਸੀਂ ਸਵੇਰੇ ਹੀ ਬੋਰੀਆ ਵਿਛਾ ਕੇ ਸਭ ਤੋਂ ਮੋਹਰੇ ਹੋ ਕੇ ਅਗਲੀ ਕਤਾਰ ਵਿਚ ਬੈਠ ਜਾਂਦੇ। ਬੱਚੇ ਉਸ ਦਿਨ ਸਕੂਲ ਦਾ ਅਤੇ ਵੱਡੇ ਘਰੇਲੂ ਕੰਮ ਭੁੱਲ ਜਾਂਦਾ ਸਨ। ਨਵੇਂ ਵਿਆਹ ਜਿੰਨਾ ਚਾਅ ਹੁੰਦਾ ਸੀ ਉਜੋਂ ਬਾਜ਼ੀ ਦੇਖਣ ਦਾ।

ਜਿਹੜਾ ਵਿਅਕਤੀ ਬਾਜ਼ੀ ਪਾਉਂਦਾ ਸੀ ਉਸ ਨੂੰ ਬਾਜ਼ੀਗਰ ਕਹਿੰਦੇ ਸਨ। ਬਾਜ਼ੀਗਰ ਸ਼ਬਦ, ਫ਼ਾਰਸੀ ਦਾ ਸ਼ਬਦ ਹੈ। ਇਸ ਦਾ ਮੂਲ ਬਾਜ਼ੀ ਹੈ।

ਬਾਜ਼ੀ ਸ਼ਬਦ ਦਾ ਅਰਥ ਪੰਜਾਬੀ ਭਾਸ਼ਾ ਵਿੱਚ ਖੇਡ, ਤਮਾਸ਼ਾ ਹੈ। ਮੈਨੂੰ ਅਜੇ ਵੀ ਚੇਤੇ ਹੈ ਸਾਡੇ ਸਕੂਲ ਦਾ ਮਾਸਟਰ ਸਾਨੂੰ ਕਹਿੰਦਾ ਹੁੰਦੇ ਸੀ ਕਿ ਮੈਂ ਪੜ੍ਹਾਉਂਦਾ ਨਹੀ, ਮੈਂ ਤਾਂ ਬਾਜ਼ੀਗਰ ਦਾ ਤਮਾਸ਼ਾ ਕਰਦਾ ਹਾਂ। ਬਾਜ਼ੀਗਰ ਸੰਸਾਰ ਦਾ ਤਮਾਸ਼ਾ ਰਚਨ ਵਾਲਾ ਬਾਜ਼ੀ ਪਾਉਣ ਵਾਲਾ ਖਿਡਾਰੀ ਹੁੰਦਾ ਸੀ।

ਉਹ ਛਾਲਾ ਮਾਰ-ਮਾਰ ਕੇ ਲੋਕਾਂ ਦਾ ਮਨੋਰੰਜਨ ਕਰਦੇ ਸਨ। ਕੜਿਆ ਵਿੱਚੋਂ ਲੰਘਣ ਜਿਹੀਆਂ ਕਲਾਬਾਜ਼ੀਆਂ ਢੋਲ ਦੇ ਤਾਲ ਨਾਲ ਕਰਦੇ ਸਨ। ਬਾਂਸ, ਰੱਸਿਆ 'ਤੇ ਚੜ੍ਹ ਕੇ ਤਮਾਸ਼ਾ ਕਰਦੇ। ਮੰਜੇ ਦੇ ਉੱਪਰ ਛੱਜ ਬੰਨ੍ਹ ਕੇ ਕਲਾਬਾਜ਼ੀਆਂ ਮਾਰਦੇ ਸਨ। ਲੋਕ ਇਨ੍ਹਾਂ ਦੀ ਹੌਸਲਾ ਅਫ਼ਜਾਈ ਲਈ ਤਾੜੀਆਂ ਮਾਰਦੇ ਤੇ ਇਨਾਮ ਵਜੋਂ ਪੈਸੇ ਦਿੰਦੇ ਸਨ। ਬੱਚੇ ਖ਼ੂਬ ਤਾੜੀਆਂ ਮਾਰ-ਮਾਰ ਮਹਿਫ਼ਲ ਦਾ ਰੰਗ ਬੰਨ੍ਹ ਦਿੰਦੇ ਸਨ।

ਸਮੇਂ ਨੇ ਵੇਖਦੇ-ਵੇਖਦੇ ਕਰਵਟ ਬਦਲ ਲਈ। ਨਵੀਂ ਕਾਂਤੀ ਆਈ ਬਾਜ਼ੀਗਰ ਬਾਜ਼ੀ ਪਾਉਣ ਵਾਲੇ ਲੋਪ ਹੋ ਗਏ। ਸਾਡੀ ਉਮਰ ਦੇ ਲੋਕ ਇਨ੍ਹਾਂ ਖੇਡਾਂ ਨੂੰ ਦੇਖਣ ਲਈ ਤਰਸ ਰਹੇ ਹਨ। ਇਨ੍ਹਾਂ ਦੀ ਜਗ੍ਹਾ ਮੋਬਾਈਲ ਕੰਪਿਊਟਰ, ਇੰਟਰਨੈੱਟ ਆਦਿ ਨੇ ਲੈ ਲਈ ਹੈ।

ਜੀਅ ਕਰਦਾ ਹੈ ਫਿਰ ਤੋਂ ਉਨ੍ਹਾਂ ਦਿਨਾਂ ਵਿਚ ਵੱਲ ਮੁੜ ਚੱਲੀਏ। ਜਿਨ੍ਹਾਂ ਖੇਡਾਂ ਤੋਂ ਅੱਜ ਕੱਲ੍ਹ ਦੇ ਬੱਚੇ ਅਨਜਾਨ ਹਨ ਉਹ ਖੇਡਾਂ ਕੇਡੀਏ ਤੇ ਬੱਚਿਆਂ ਨੂੰ ਦਿਖਾਈਏ। •

98786-00221

# ਲੋਪ ਹੋ ਚੁੱਕੇ ਮਨੋਰੰਜਨ ਦੇ ਸਾਧਨ

ਲੱਕੀ ਘੁਮੈਤ

ਜਿਵੇਂ-ਜਿਵੇਂ ਵਿੱਦਿਆ ਦਾ ਪਸਾਰ ਵਧਦਾ ਜਾ ਰਿਹਾ ਹੈ ਉਸੇ ਤਰ੍ਹਾਂ ਹੀ ਸਮੇਂ ਦੇ ਨਾਲ-ਨਾਲ ਮਨੁੱਖ ਨੇ ਜ਼ਿੰਦਗੀ ਵਿਚ ਮਨੋਰੰਜਨ ਲਈ ਵਰਤੀਆਂ ਜਾਣ ਵਾਲੀ ਵਸਤੂਆਂ ਵਿਚ ਵੀ ਵੱਡੀ ਤਬਦੀਲੀ ਲਿਆਂਦੀ ਹੈ ਪਰ ਆਪਣਾ ਪੁਰਾਣਾ ਸੱਭਿਆਚਰ ਤੇ ਉਸ ਸਮੇਂ ਮਨੋਰੰਜਨ ਲਈ ਵਰਤੇ ਜਾਣ ਵਾਲੇ ਰੇਡੀਓ, ਬਲੈਕ ਐਂਡ ਵਾਈਟ ਟੀਵੀ, ਵਾਕਮੈਨ, ਟੇਪ ਰਿਕਾਰਡ 'ਤੇ ਵੀਸੀ ਆਰ, ਸਮੇਤ ਹੋਰ ਕਈ ਚੀਜ਼ਾਂ ਤੋਂ ਵਾਂਝੇ ਵੀ ਹੋਣਾ ਪਿਆ ਹੈ।

ਅਜੋਕੀ ਨੌਜਵਾਨ ਪੀੜ੍ਹੀ ਤਾਂ ਇਨ੍ਹਾਂ ਪੁਰਾਤਨ ਮਨੋਰੰਜਨ ਦੇ ਸਾਧਨ ਤੋਂ ਅਨਜਾਣ ਹੈ। ਤਬਦੀਲੀ ਨੇ ਨੌਜਵਾਨ ਪੀੜ੍ਹੀ ਲਈ ਦੁਨੀਆ ਮੋਬਾਈਲ ਤੇ ਇੰਟਰਨੈੱਟ ਰਾਹੀਂ ਮੁੱਠੀ ਵਿਚ ਬੰਦ ਕਰ ਰੱਖੀ ਹੈ। ਜਦ ਚਾਹੋਂ ਮੋਬਾਈਲ ਨੂੰ ਚਲਾਓ ਤੇ ਦੁਨੀਆ ਬਾਰੇ ਕੁਝ ਵੀ ਜਾਣਕਾਰੀ ਪ੍ਰਾਪਤ ਕਰ ਲਓ।

ਅੱਜ ਕੱਲ੍ਹ ਵਰਤਾਰਾ ਇਹ ਹੋ ਗਿਆ ਹੈ ਕਿ ਕਿਸੇ ਵੀ ਮੁੰਡੇ ਜਾਂ ਕੁੜੀ ਕੋਲ ਮੋਬਾਈਲ ਤੋਂ ਸਿਵਾਏ ਕਿਸੇ ਨਾਲ ਗੱਲਬਾਤ ਕਰਨਾ ਤਾਂ ਦੂਰ ਦੀ ਗੱਲ ਹੈ ਉਹ ਆਪਣੇ ਘਰ ਆਏ ਮਹਿਮਾਨਾਂ ਨੂੰ ਵੀ ਮੋਬਾਈਲ ਵਿਚ ਰੁੱਝੇ ਹੋਏ ਹੀ ਇਕ ਵਾਰ ਬਲਾਉਣ ਦੀ ਮਸਾਂ ਖੇਚਲ ਕਰਦੇ ਹਨ। ਜਦੋਂ ਫੋਨ ਘਰਾਂ ਤਕ ਸੀਮਿਤ ਸੀ ਤਾਂ ਅਸੀਂ ਬਹੁਤ ਸੌਖੇ ਸੀ।

ਆਪਸੀ ਭਾਈਵਾਲਤਾ ਅਤੇ ਪਿਆਰ ਦੀਆਂ ਸਾਂਝਾਂ ਨਾਲ ਜੁੜੇ ਹੋਏ ਸਾਂ ਪਰ ਜਦੋਂ ਤੋਂ ਮੋਬਾਈਲ ਰਾਹੀਂ ਦੁਨੀਆ ਮੁੱਠੀ ਵਿਚ ਕੀਤੀ ਹੈ ਉਸ ਸਮੇਂ ਤੋਂ ਅਸੀਂ ਆਪਣੇ ਫ਼ਰਜ਼, ਰਿਸ਼ਤੇ ਅਤੇ ਆਪਣੇ ਫ਼ੁਰਸਤ ਦੇ ਪਲਾਂ ਤੋਂ ਵੀ ਦੂਰ ਹੋ ਗਏ ਹਾਂ। ਆਓ ਹੁਣ ਦੇ ਨੌਜਵਾਨ ਵਰਗ ਨੂੰ ਦੱਸ ਦਈਏ ਕਿ ਕੁਝ ਦਹਾਕੇ ਪਹਿਲਾ ਮਨੋਰੰਜਨ ਦੇ ਸਾਧਨ ਕਿਹੜੇ-ਕਿਹੜੇ ਹੁੰਦੇ ਸਨ। ਆਉ ਉਨ੍ਹਾਂ ਸਾਧਨਾ ਬਾਰੇ ਤੁਹਾਡੇ ਨਾਲ ਕੁਝ ਗੱਲਾਂ ਕਰਦੇ ਹਾਂ।

### ਬਲੈਕ ਐਂਡ ਵ੍ਹਾਈਟ ਟੀਵੀ



ਪੁਰਾਣੇ ਜ਼ਮਾਨੇ 'ਚ ਸਾਰੇ ਲੋਕਾਂ ਦੇ ਕੋਲ ਟੈਲੀਵਿਜ਼ਨ ਨਹੀਂ ਹੁੰਦੇ ਸਨ। ਪਿੰਡ 'ਚ ਰਹਿਣ ਵਾਲੇ ਸੈਂਕੜੇ ਘਰਾਂ 'ਚੋਂ ਕਿਸੇ-ਕਿਸੇ ਘਰ 'ਚ ਟੀਵੀ ਹੁੰਦਾ ਸੀ ਤੇ ਉਹ ਵੀ ਬਲੈਕ ਐਂਡ ਵਾਈਟ ਟੀਵੀ। ਟੀਵੀ ਵੇਖਣ ਵਾਲੇ ਲੋਕਾਂ ਦਾ ਉਸ ਘਰ 'ਚ ਹਮੇਸ਼ਾਂ ਇੱਕਠ ਲੱਗਾ ਰਹਿੰਦਾ ਸੀ ਪਰ ਸਮਾਂ ਬਦਲਿਆ ਅੱਜ ਬਲੈਕ ਐਂਡ ਵ੍ਹਾਈਟ ਟੀਵੀ ਕਿਤੇ ਵੀ ਵਿਖਾਈ ਨਹੀਂ ਦਿੰਦਾ। ਅੱਜ ਦਾ ਜ਼ਮਾਨਾ ਐੱਲਈਡੀ ਤੇ ਐੱਚਡੀ ਦਾ ਹੈ।

### ਰੇਡੀਓ

ਮਨੋਰੰਜਨ ਦਾ ਸਭ ਤੋਂ ਸਸਤਾ ਤੇ ਹਰਮਨ ਪਿਆਰਾ ਸਾਧਨ ਰੇਡੀਓ ਸੀ ਭਾਵੇਂ ਇਸ ਵਿਚ ਮੂਰਤ ਸਾਹਮਣੇ ਵਿਖਾਈ ਨਹੀਂ ਸੀ ਦਿੰਦੀ ਪਰ ਫਿਰ ਵੀ ਇੰਜ ਹੀ ਜਾਪਦਾ ਸੀ ਕਿ ਸਭ ਅੱਖਾਂ ਦੇ ਸਾਹਮਣੇ ਹੋ ਰਿਹਾ ਹੈ। ਦੂਰ-ਦੁਰਾਡੇ ਦੀਆਂ ਖ਼ਬਰਾਂ ਸੁਣਨ ਲਈ ਜਦ ਖ਼ਬਰਾਂ ਦਾ ਸਮਾਂ ਹੋ ਜਾਂਦਾ ਤਾਂ ਆਸੇ-ਪਾਸੇ ਘਰਾਂ ਦੇ ਸਿਆਣੇ ਬੰਦੇ ਰੇਡੀਓ ਦੇ ਆਲੇ-ਦੁਆਲੇ ਬੈਠ ਜਾਂਦੇ ਸਨ। ਗੀਤ-ਸੰਗੀਤ, ਕਹਾਣੀਆਂ ਆਦਿ ਵੀ ਰੇਡੀਓ ਤੇ ਸੁਣੇ ਜਾਂਦੇ ਸਨ ਪਰ ਨਾਲੋਂ-ਨਾਲ ਲੋਕ ਕੰਮ ਵੀ ਕਰਦੇ ਸਨ ਤੇ ਰੇਡੀਓ ਦੀ ਆਵਾਜ਼ ਵੀ ਸੁਣਦੇ। ਜਿਵੇਂ ਕਿ ਹੁਣ ਕੇਨੈਡਾ, ਅਮਰੀਕਾ, ਇੰਗਲੈਂਡ ਆਦਿ ਮੁਲਕਾਂ ਵਿਚ ਲੋਕ ਰੇਡੀਓ ਹੀ ਸੁਣਦੇ ਹਨ ਨਾਲੋਂ-ਨਾਲ ਆਪਣਾ ਕੰਮ ਵੀ ਕਰਦੇ ਹਨ। ਹਾਂ ਹੁਣ ਕੁਝ ਲੋਕਾਂ ਦਾ ਰੁਝਾਨ ਰੇਡੀਓ ਵੱਲ ਦੁਬਾਰਾ ਆ ਰਿਹਾ ਹੈ ਜਿਵੇਂ ਲੋਕਾਂ ਨੇ ਗੱਡੀਆਂ ਵਿਚ ਅਤੇ ਦੁਕਾਨਾਦਾਰਾਂ ਨੇ ਦੁਕਾਨਾਂ 'ਛ ਰੇਡੀਓ ਲਗਵਾ ਲਏ ਹਨ।

### ਟੇਪ ਰਿਕਾਰਡਰ

ਇਕ ਜ਼ਮਾਨੇ 'ਚ ਲੋਕ ਆਪਣੇ ਮਨ-ਪਸੰਦੀਦਾ ਗੀਤਾਂ ਨੂੰ ਸੁਣਨ ਲਈ ਆਡੀਓ ਕੈਸਟ 'ਚ ਚੋਣਵੇਂ ਗਾਣਿਆਂ ਨੂੰ ਰਿਕਾਰਡ ਕਰਵਾਉਂਦੇ ਸਨ। ਇਸ ਕੰਮ ਲਈ ਕਾਫ਼ੀ ਸਮਾਂ ਲੱਗਦਾ ਸੀ ਪਰ ਅੱਜ ਦੇ ਇੰਟਰਨੈੱਟ ਦੇ ਯੁੱਗ 'ਚ ਟੇਪ ਰਿਕਾਰਡਰ ਗਾਇਬ ਹੋ ਗਿਆ ਹੈ। ਇਸ ਦੀ ਥਾਂ ਪਿੰਨ-ਡਰਾਇਵ ਤੇ ਮੈਂਬਰੀ ਕਾਰਡ ਨੇ ਲੈ ਲਈ ਹੈ।



ਬਜ਼ੁਰਗਾਂ ਵੱਲੋਂ ਆਪਣੇ ਮਨਪਸੰਦੀਦਾ ਗਾਣੇ ਸੁਣਨ ਲਈ ਕਿਸੇ ਦੁਕਾਨਦਾਰ ਕੋਲ ਜਾ ਕੇ ਉਸ ਕੋਲੋਂ ਆਡੀਓ ਕੈਸੇਟ 'ਚ ਗਾਣੇ ਰਿਕਾਰਡ ਕਰਵਾਏ ਜਾਂਦੇ ਸਨ। ਇਹ ਕਰੀਬ ਵੀਹ ਸਾਲ ਪੁਰਾਣੀ ਗੱਲ ਹੈ ਪਰ ਅੱਜ ਦੇ ਟਾਈਮ 'ਚ ਲੋਕ ਮਿੰਟਾਂ-ਸਕਿੰਟਾਂ 'ਚ ਗਾਣਾ ਡਾਊਨਲੋਡ ਕਰ ਕੇ ਸੁਣ ਲੈਂਦੇ ਹਨ।

### ਵਾਕਮੈਨ

ਅੱਜ ਜਿਵੇਂ ਨੌਜਵਾਨ ਕੁੜੀਆਂ-ਮੁੰਡਿਆਂ ਨੂੰ ਮੋਬਾਈਲ ਤੇ ਹੈਡਫੋਨ ਲਾ ਕੇ ਘੁੰਮ ਦੇ ਹੋਏ ਵੇਖਦੇ ਹਾਂ, ਅਜਿਹੀ ਹਾਲਾਤ ਅੱਜ ਤੋਂ ਕਰੀਬ ਵੀਹ ਸਾਲ ਪਹਿਲਾਂ ਵੀ ਸੀ ਪਰ ਉਸ ਸਮੇਂ ਲੋਕ ਮੋਬਾਈਲ ਦੀ ਜਗ੍ਹਾ ਵਾਕਮੈਨ ਦੇ ਜ਼ਰੀਏਂ ਹੈਡਫੋਨ ਨਾਲ ਗਾਣੇ ਸੁਣਦੇ ਸੀ ਪਰ ਅੱਜ ਆਧੁਨਿਕਤਾ ਦੇ ਸਮੇਂ ਨੇ ਵਾਕਮੈਨ ਨੂੰ ਪੂਰੀ ਤਰ੍ਹਾਂ ਨਾਲ ਗਾਇਬ ਕਰ ਦਿੱਤਾ ਹੈ।

### ਬਾਇਓਸਕੋਪ

ਬਾਇਓਸਕੋਪ ਦੀ ਆਪਣੇ ਜ਼ਮਾਨੇ 'ਚ ਪੂਰੀ ਧੂਮ ਸੀ ਤੇ ਬੱਚਿਆਂ 'ਚ ਹਮੇਸ਼ਾਂ ਹੀ ਬਾਇਓਸਕੋਪ ਪ੍ਰਤੀ ਉਤਸ਼ਾਹ ਰਹਿੰਦਾ ਸੀ। ਜਦ ਵੀ ਕੋਈ ਵਿਅਕਤੀ ਪਿੰਡ 'ਚ ਬਾਇਓਸਕੋਪ ਲੈ ਕੇ ਆਉਂਦਾ ਤਾਂ ਉਸ ਦੇ ਕੋਲ ਬੱਚਿਆਂ ਦਾ ਭਾਰੀ ਇਕੱਠ ਹੋ ਜਾਂਦਾ ਸੀ।

ਬੱਚੇ ਆਪਣੇ ਮਾਪਿਆਂ ਨੂੰ ਚਵਾਨੀ ਤੇ ਅਠਿਆਨੀ ਲਿਆ ਕੇ ਉਸ ਵਿਅਕਤੀ ਤੋਂ ਬਾਇਓਸਕੋਪ 'ਚ ਅੱਖਾਂ ਪਾ ਕੇ ਆਪਣਾ ਮਨੋਰੰਜਨ ਕਰਦੇ ਪਰ ਅੱਜ-ਕੱਲ੍ਹ ਕੋਈ ਵੀ ਬਾਇਓਸਕੋਪ ਵਾਲਾ ਗਲ਼ੀਆਂ ਅਤੇ ਮੁਹੱਲਿਆਂ 'ਚ ਵਿਖਾਈ ਵਿਖਾਈ ਨਹੀਂ ਦਿੰਦਾ।

### ਰੀਲ ਵਾਲਾ ਕੈਮਰਾ

ਪੁਰਾਣੇ ਜ਼ਮਾਨੇ 'ਚ ਕਿਸੇ ਦੇ ਘਰ ਕੈਮਰੇ ਹੋਣ ਨੂੰ ਬਹੁਤ ਵੱਡੀ ਗੱਲ ਮੰਨਿਆ ਜਾਂਦਾ ਸੀ। ਤਦ ਕੈਮਰੇ ਤੋਂ ਫੋਟੋ ਖਿੱਚਣ ਲਈ ਕਿਸੇ ਦੂਜੇ ਵਿਅਕਤੀ ਦੀ ਉਡੀਕ ਕੀਤੀ ਜਾਂਦੀ ਸੀ। ਅੱਜ ਦੇ ਮੋਬਾਈਲ ਯੁੱਗ 'ਚ ਲੋਕਾਂ 'ਚ ਸੈਲਫ਼ੀ ਦਾ ਕਰੇਜ਼ ਵਧਿਆ ਹੈ। ਹੁਣ ਕੈਮਰੇ ਦੀ ਬਜਾਏ ਮੋਬਾਈਲ ਤੋਂ ਹੀ ਕੈਮਰੇ ਦਾ ਕੰਮ ਲਿਆ ਜਾਂਦਾ ਹਨ। ਇਸ ਨਾਲ ਖ਼ੁਦ ਦੀ ਫੋਟੋ ਖ਼ੁਦ ਹੀ ਖਿੱਟੀ ਜਾ ਸਕਦੀ ਹੈ ।•

99157-07070

ਕੌਮੀ ਪੱਤ੍ਰਿਕਾ

## ਸੰਪਾਦਕੀ

# ਵਿਕਾਸ ਲਈ ਅਰਥਚਾਰਾ ਰੀੜ੍ਹ ਦੀ ਹੱਡੀ

ਕਿਸੇ ਵੀ ਸਮਾਜ ਦੀ ਬਣਤਰ ਅਤੇ ਵਿਕਾਸ ਲਈ ਅਰਥਚਾਰਾ ਰੀੜ੍ਹ ਦੀ ਹੱਡੀ ਦਾ ਕੰਮ ਕਰਦਾ ਹੈ। ਕਿੱਤੇ ਨਾਲ ਜੁੜੀ ਮਨੁੱਖੀ ਸ਼ਕਤੀ ਆਪਣੀ ਕਿਰਤ ਰਾਹੀਂ ਇਸ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ। ਪੰਜਾਬ ਜਿਸ ਦੀ ਬਹੁਗਿਣਤੀ ਵੱਸੋਂ ਪਿੰਡਾਂ ਵਿੱਚ ਰਹਿੰਦੀ ਹੈ ਤੇ ਖੇਤੀ ਨਾਲ ਜੁੜੀ ਹੋਈ ਹੈ, ਮੁਲਕ ਦੇ ਅੰਨ ਭੰਡਾਰਾਂ 'ਚ 60% ਤੱਕ ਹਿੱਸਾ ਪਾਉਂਦਾ ਰਿਹਾ ਹੈ। ਸੂਬੇ ਵਿੱਚ ਬਹੁਤੀਆਂ ਵੱਡੀਆਂ ਜੋਤਾਂ ਨਹੀਂ ਕਿਉਂਕਿ ਵਿੱਚ ਬਹੁਗਿਣਤੀ ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ; ਇੱਕ ਤਿਹਾਈ ਕਿਸਾਨਾਂ ਕੋਲ 5 ਏਕੜ ਤੋਂ ਵੀ ਘੱਟ ਜ਼ਮੀਨ ਹੈ; ਭਾਵ, ਬਹੁਗਿਣਤੀ ਛੋਟੇ ਤੇ ਗਰੀਬ ਕਿਸਾਨਾਂ ਦੀ ਹੈ ਜੋ ਸਖ਼ਤ ਮਿਹਨਤ ਨਾਲ ਸਿਰਫ ਆਪਣੇ ਪਰਿਵਾਰ ਹੀ ਨਹੀਂ ਪਾਲਦ ਬਲਕਿ ਮੁਲਕ ਲਈ ਵੀ ਅੰਨ ਮੁਹੱਈਆ ਕਰਵਾਉਂਦੇ ਹਨ। ਇਸ ਦੇ ਬਾਵਜੂਦ ਵੀ ਸ਼ਾਸਨ ਅਤੇ ਪ੍ਰਸ਼ਾਸਨ ਨੇ ਇਸ ਖੇਤਰ ਦੀਆਂ ਦਿੱਕਤਾਂ ਵੱਲ ਕਦੇ ਧਿਆਨ ਨਹੀਂ ਦਿੱਤਾ। ਹਰੀ ਕ੍ਰਾਂਤੀ ਨੇ ਜਿੱਥੇ ਪੈਦਾਵਾਰ ਵਿੱਚ ਅਥਾਹ ਵਾਧਾ ਕੀਤਾ, ਉੱਥੇ ਖੇਤੀ ਖੇਤਰ ਨੂੰ ਮੰਡੀ ਦੇ ਰਹਿਮੋ-ਕਰਮ ਉੱਤੇ ਛੱਡ ਦਿੱਤਾ। ਇਉਂ ਖੇਤੀ ਖਰਚਿਆਂ/ਲਾਗਤਾਂ ਦੇ ਲਗਾਤਾਰ ਵਾਧੇ, ਜਿਣਸਾਂ ਦਾ ਵਾਜਿਬ ਭਾਅ ਨਾ ਮਿਲਣ ਅਤੇ ਕਰਜ਼ੇ ਕਾਰਨ ਕਿਸਾਨੀ ਨੂੰ ਮੰਦਹਾਲੀ ਵੱਲ ਧੱਕ ਦਿੱਤਾ। ਕੌਮੀ ਪੱਧਰ ਉੱਤੇ ਹਰ ਕਿਸਾਨ ਪਰਿਵਾਰ ਸਿਰ 74121 ਰੁਪਏ ਔਸਤਨ ਕਰਜ਼ਾ ਹੈ। ਪੰਜਾਬ ਵਿੱਚ ਇਹ ਕਰਜ਼ਾ 2.05 ਲੱਖ ਰੁਪਏ, ਹਰਿਆਣਾ ਵਿੱਚ 1.83 ਲੱਖ, ਹਿਮਾਚਲ ਪ੍ਰਦੇਸ਼ ਵਿੱਚ 85285 ਅਤੇ ਜੰਮੂ ਕਸ਼ਮੀਰ ਵਿੱਚ 30435 ਰੁਪਏ ਹੈ। 1997 ਵਿੱਚ ਪੰਜਾਬ ਦੀ ਕਿਸਾਨੀ ਸਿਰ 5700 ਕਰੋੜ ਰੁਪਏ ਦਾ ਕਰਜ਼ਾ ਸੀ ਜੋ 2022-23 ਵਿੱਚ 73673 ਕਰੋੜ ਰੁਪਏ ਤੱਕ ਪਹੁੰਚ ਗਿਆ। ਇਉਂ ਕਰਜ਼ੇ ਦੀ ਪੰਡ ਹੌਲੀ ਹੋਣ ਦੀ ਥਾਂ ਦਿਨ-ਬਦਿਨ ਭਾਰੀ ਹੋ ਰਹੀ ਹੈ। ਇਸੇ ਆਰਥਿਕ ਬੇਵਸੀ ਅਤੇ ਨਿਰਾਸ਼ਤਾ ਵਿੱਚੋਂ ਹੀ ਕਿਸਾਨ ਕਦੇ ਆਤਮ-ਹੱਤਿਆ ਕਰਦਾ ਹੈ ਅਤੇ ਕਦੇ ਅੰਦੋਲਨ ਦਾ ਰਸਤਾ ਅਖ਼ਤਿਆਰ ਕਰਦਾ ਹੈ। ਅਧਿਐਨਾਂ ਮੁਤਾਬਿਕ ਪੰਜਾਬ ਦੇ ਪੇਂਡੂ ਖੇਤਰ ਵਿੱਚ ਹੁਣ ਤੱਕ ਤਕਰੀਬਨ 30 ਹਜ਼ਾਰ ਆਤਮ-ਹੱਤਿਆਵਾਂ ਹੋ ਚੁੱਕੀਆਂ ਹਨ ਅਤੇ ਕਿਸਾਨ ਅੰਦੋਲਨ ਦੀ ਜਾਗਰੂਕਤਾ ਤੇ ਸਮਾਜਿਕ ਸਮੂਹਿਕ ਢਾਰਸ ਦੇ ਬਾਵਜੂਦ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਸਿਆਸੀ ਅਣਦੇਖੀ ਕਾਰਨ ਪੇਂਡੂ ਸਮਾਜ ਖ਼ੁਦ ਨੂੰ ਲੁੱਟਿਆ-ਪੁੱਟਿਆ ਤੇ ਟੁੱਟਿਆ ਮਹਿਸੂਸ ਕਰ ਰਿਹਾ ਹੈ। ਨੈਸ਼ਨਲ ਸੈਂਪਲ ਸਰਵੇ (2002) ਦੀ ਰਿਪੋਰਟ ਮੁਤਾਬਿਕ ਤਕਰੀਬਨ 40% ਕਿਸਾਨਾਂ ਨੇ ਖੇਤੀਬਾੜੀ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਹੈ। ਸਰਕਾਰੀ ਨੀਤੀਆਂ ਵਿੱਚ ਕੋਈ ਖਾਸ ਤਬਦੀਲੀ ਨਾ ਹੋਣ ਕਾਰਨ ਹਾਲਾਤ ਹੋਰ ਗੰਭੀਰ ਹੋ ਚੁੱਕੇ ਹਨ। ਘਾਟੇ ਦਾ ਵਣਜ ਹੋਣ ਦੇ ਬਾਵਜੂਦ ਕਿਸਾਨੀ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਮਾਨਸਿਕ ਕਾਰਨਾਂ ਕਰ ਕੇ ਧਰਤੀ/ਖੇਤੀ ਨਾਲ ਜੁੜੀ ਰਹਿਣਾ ਚਾਹੁੰਦੀ ਹੈ। ਇਸੇ ਪ੍ਰਸੰਗ ਵਿੱਚ ਕਿਸਾਨਾਂ ਦੀ ਲਾਮਬੰਦੀ ਅਤੇ ਹੁਣੇ ਵਾਪਸ ਹੋਈ ਲੈਂਡ ਪੂਲਿੰਗ ਨੀਤੀ ਦੇ ਸਬੰਧਾਂ ਨੂੰ ਸਮਝਣਾ ਬਿਹਤਰ ਰਹੇਗਾ। ਹਰੇ ਇਨਕਲਾਬ ਵਾਲੇ ਮਾਡਲ ਨੇ ਇਕੱਲੇ ਆਰਥਿਕ ਖੇਤਰ ਹੀ ਨਹੀਂ, ਕੁਦਰਤੀ ਸੋਮਿਆਂ ਦਾ ਉਜਾੜਾ ਵੀ ਕੀਤਾ। ਅੱਜ ਪੰਜਾਬ ਵਿੱਚ 14.5 ਲੱਖ ਤੋਂ ਵੱਧ ਟਿਊਬਵੈੱਲ ਸਿੰਜਾਈ ਖ਼ਾਤਿਰ ਲੱਗੇ ਹੋਏ ਹਨ। ਜ਼ਮੀਨ ਹੇਠਲੇ ਪਾਣੀ ਦੀ ਪਰਤ 20 ਫੁੱਟ ਤੱਕ ਖ਼ਤਮ ਹੋ ਚੁੱਕੀ ਹੈ। ਦੂਜੀ ਪਰਤ ਪਿਛਲੇ 10 ਸਾਲਾਂ ਵਿੱਚ 100 ਤੋਂ 200 ਫੁੱਟ ਤੱਕ ਖ਼ਤਮ ਹੋ ਚੁੱਕੀ ਹੈ। ਤੀਜੀ ਪਰਤ ਜੋ 350 ਫੁੱਟ ਤੋਂ ਡੂੰਘੀ ਹੈ, ਉਹ ਹੁਣ ਝੋਨੇ ਦੀ ਸਿੰਜਾਈ ਲਈ ਵਰਤੀ ਜਾ ਰਹੀ ਹੈ। ਝੋਨੇ ਕਾਰਨ ਪੰਜਾਬ ਦੇ ਕੁੱਲ 150 ਬਲਾਕਾਂ ਵਿੱਚੋਂ 140 ਬਲਾਕ ਚਿੰਤਾ ਵਾਲੀ ਹਾਲਤ ਵਿੱਚ ਹਨ। ਜਿਉਂ-ਜਿਉਂ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ, ਤਿਉਂ-ਤਿਉਂ ਬੋਰ ਡੂੰਘੇ ਕਰਨ ਅਤੇ ਮੁੜ ਜਿ ?ਆਦਾ ਪਾਵਰ ਵਾਲੀਆਂ ਸਬਮਰਸੀਬਲ ਮੋਟਰਾਂ ਲਾਉਣ ਨਾਲ ਖਰਚਿਆਂ ਦਾ ਬੋਝ ਵਧ ਰਿਹਾ ਹੈ। ਸੈਂਟਰਲ ਬੋਰਡ ਆਫ ਗਰਾਊਂਡ ਵਾਟਰ ਮੁਤਾਬਿਕ, 2039 ਤੱਕ ਪਾਣੀ 1000 ਫੁੱਟ ਡੂੰਘਾ ਹੋ ਜਾਵੇਗਾ; ਭਾਵ, ਪੰਜਾਬ ਰੇਗਸਤਾਨ ਬਣ ਜਾਵੇਗਾ। ਧਰਤੀ ਵਿੱਚ ਲਗਾਤਾਰ ਹੋ ਰਹੇ ਬੋਰ ਇੱਕ ਨਾ ਇੱਕ ਦਿਨ ਕਿਸੇ ਨਾ ਕਿਸੇ ਕੁਦਰਤੀ ਆਫ਼ਤ ਦਾ ਕਾਰਨ ਬਣਨਗੇ। ਮਾਹਿਰਾਂ ਮੁਤਾਬਿਕ, ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਨਿਕਾਸੀ ਕਾਰਨ ਵਾਟਰ ਬਾਡੀਜ਼ ਦੀਆਂ ਬਣਤਰਾਂ ਵਿੱਚ ਵਿਗਾੜ ਪੈਦਾ ਹੋ ਸਕਦੇ ਹਨ। ਹਰ ਸਾਲ ਝੋਨੇ ਹੇਠ ਰਕਬਾ ਵਧ ਰਿਹਾ ਹੈ ਜੋ ਹੁਣ 32 ਲੱਖ ਹੈਕਟੇਅਰ ਤੋਂ ਉੱਪਰ ਪਹੁੰਚ ਗਿਆ ਹੈ। ਸਰਕਾਰ ਦੇ ਰੋਕਣ ਦੇ ਬਾਵਜੂਦ ਪਾਬੰਦੀਸ਼ੁਦਾ ਝੋਨੇ ਦੀਆਂ ਵੰਨਗੀਆਂ ਦੀ ਲੁਆਈ ਹੋਈ। ਝੋਨੇ ਦੀ ਸਿੱਧੀ ਲੁਆਈ ਦਾ ਰਕਬਾ ਤੇਜ਼ੀ ਨਾਲ ਘਟਿਆ ਹੈ। ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇਣ ਦੀ ਸਰਕਾਰੀ ਸਹੂਲਤ ਨੇ ਵੀ ਕੰਮ ਨਹੀਂ ਕੀਤਾ। ਦੂਜੇ, ਚੌਲ ਪੰਜਾਬ ਦੇ ਲੋਕਾਂ ਦੀ ਖੁਰਾਕ ਦਾ ਹਿੱਸਾ ਨਹੀਂ; ਇਸ ਦੇ ਬਾਵਜੂਦ ਨਫ਼ੇ ਕਾਰਨ ਇਹ ਸਭ ਕੁਝ ਹੋ ਰਿਹਾ ਹੈ। ਇਕੱਲੇ ਪਾਣੀ ਦੀ ਹੀ ਬਰਬਾਦੀ ਨਹੀਂ ਸਗੋਂ ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਮਨੁੱਖੀ ਸਮਾਜਿਕ ਜੀਵਨ ਨੂੰ ਤਬਾਹ ਕਰ ਰਹੀ ਹੈ ਅਤੇ ਸਮੁੱਚਾ ਵਾਤਾਵਰਨ ਦੂਸ਼ਿਤ ਹੋ ਰਿਹਾ ਹੈ। ਸੂਬੇ ਵਿੱਚ ਜ਼ਹਿਰਾਂ ਦੀ ਅੰਨ੍ਹੇਵਾਹ ਵਰਤੋਂ ਸਿਰਫ ਝੋਨੇ/ਕਣਕ ਤੱਕ ਸੀਮਤ ਨਹੀਂ, ਸਬਜ਼ੀਆਂ ਤੇ ਫਲਾਂ ਵਿੱਚ ਜ਼ਹਿਰਾਂ ਦੀ ਮਿਕਦਾਰ ਮਿੱਥੀ ਹੱਦ ਤੋਂ ਕਿਤੇ ਪਾਰ ਜਾ ਚੁੱਕੀ ਹੈ। ਪਸ਼ੂਆਂ ਲਈ ਚਾਰਾ ਵੀ ਜ਼ਹਿਰਾਲਾ ਹੋ ਚੁੱਕਿਆ ਹੈ। ਆਲ ਇੰਡੀਆ ਕੋਆਰਡੀਨੇਟਡ ਰਿਸਰਚ ਪ੍ਰਾਜੈਕਟ ਦੀ ਰਿਪੋਰਟ ਮੁਤਾਬਿਕ ਫ਼ਲ, ਸਬਜ਼ੀਆਂ ਤੇ ਅਨਾਜ ਵਿੱਚ ਡੀਡੀਟੀ, ਬੀਐੱਚਸੀ, ਐੱਚਸੀਐੱਚ ਦੇ ਅੰਸ਼ ਮੌਜੂਦ ਹਨ। ਹੋਰ ਤਾਂ ਹੋਰ, ਇਨ੍ਹਾਂ ਕੀਟਨਾਸ਼ਕਾਂ ਦਾ ਮੱਝਾਂ, ਗਾਵਾਂ ਦੇ ਦੁੱਧ ਅਤੇ ਮੱਖਣ 'ਤੇ ਵੀ ਮਾਰੂ ਅਸਰ ਹੋ ਰਿਹਾ ਹੈ। ਪੰਜਾਬ ਸਰਕਾਰ ਦੇ ਸਰਵੇ ਮੁਤਾਬਿਕ ਮੁਕਤਸਰ, ਬਠਿੰਡਾ, ਮਾਨਸਾ, ਫਿਰੋਜ਼ਪੁਰ ਤੇ ਤਰਨਤਾਰਨ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ, ਯੂਰੇਨੀਅਮ ਅਤੇ ਰਸਾਇਣਕ ਜ਼ਹਿਰੀਲਾਪਣ ਅਣਕਿਆਸੀ ਹੱਦ ਤੱਕ ਜਾ ਚੁੱਕਿਆ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਵੀ ਆਪਣੀ ਰਿਪੋਰਟ ਵਿੱਚ ਅਜਿਹੇ ਨਤੀਜਿਆਂ 'ਤੇ ਪੁੱਜਿਆ ਹੈ। ਇਨ੍ਹਾਂ ਖ਼ਤਰਨਾਕ ਤੱਤਾਂ ਦਾ ਮਨੁੱਖੀ ਜੀਵਨ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ ਅਤੇ ਨਵਜੰਮੇ ਬੱਚੇ ਜੀਨ ਗੜਬੜੀ ਕਾਰਨ ਮੰਦਬੁੱਧੀ ਦਾ ਸ਼ਿਕਾਰ ਹੋ ਰਹੇ ਹਨ। ਸੰਸਾਰ ਸਿਹਤ ਸੰਸਥਾ ਮੁਤਾਬਿਕ 80% ਬਿਮਾਰੀਆਂ ਦਾ ਕਾਰਨ ਪਾਣੀ ਦੀ ਵਿਗੜੀ ਹਾਲਤ ਹੈ। ਪੰਜਾਬ ਦੀ ਦੱਖਣ-ਪੱਛਮੀ ਪੱਟੀ ਕੈਂਸਰ ਨੇ ਗ੍ਰਿਫ਼ਤ ਵਿੱਚ ਹੈ। ਕੈਂਸਰ ਤੋਂ ਬਚਾਅ ਅਤੇ ਇਸ ਦੇ ਸਹੀ ਇਲਾਜ ਲਈ ਕਿਧਰੇ ਕੋਈ ਸਾਰਥਕ ਹੰਭਲਾ ਦਿਖਾਈ ਨਹੀਂ ਦੇ ਰਿਹਾ। ਦਰਿਆਵਾਂ ਅਤੇ ਨਹਿਰਾਂ ਦਾ ਪਾਣੀ ਫੈਕਟਰੀਆਂ 'ਚੋਂ ਡਿੱਗ ਰਹੇ ਤੇਜ਼ਾਬਾਂ ਕਾਰਨ ਜ਼ਹਿਰੀਲਾ ਹੋ ਚੁੱਕਿਆ ਹੈ ਜਿਸ ਕਾਰਨ ਪਾਣੀ ਵਿੱਚ ਰਹਿਣ ਵਾਲੇ ਜੀਵ ਮਰ ਰਹੇ ਹਨ। ਘੱਗਰ ਜੋ ਤਕਰੀਬਨ ਬਰਸਾਤੀ ਦਰਿਆ ਹੈ, ਵਿੱਚ ਨਾਲਿਆਂ ਰਾਹੀਂ ਹਿਮਾਚਲ, ਚੰਡੀਗੜ੍ਹ, ਪੰਚਕੂਲਾ, ਪੰਜਾਬ ਅਤੇ ਹਰਿਆਣਾ ਦੇ ਨਾਲ ਲਗਦੇ ਸ਼ਹਿਰਾਂ ਦੀਆਂ ਫੈਕਟਰੀਆਂ ਅਤੇ ਸੀਵਰੇਜ ਦਾ ਦੂਸ਼ਿਤ ਪਾਣੀ ਸੁੱਟ ਕੇ ਇਸ ਨੂੰ ਜ਼ਹਿਰੀਲਾ ਬਣਾ ਦਿੱਤਾ ਗਿਆ ਹੈ। ਦੂਸ਼ਿਤ ਪਾਣੀ ਨਾ ਸਿਰਫ ਜ਼ਮੀਨ ਅਤੇ ਹੇਠਲੇ ਪਾਣੀ ਨੂੰ ਜ਼ਹਿਰੀਲਾ ਬਣਾ ਰਿਹਾ ਹੈ। ਇਉਂ ਪੁਆਧ ਦਾ ਜਿਹੜਾ ਖੇਤਰ ਵਾਤਾਵਰਨ ਪੱਖੋਂ ਸ਼ੁੱਧ ਮੰਨਿਆ ਜਾਂਦਾ ਸੀ, ਉਹ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਿਆ ਹੈ। ਪੰਜਾਬ ਅੰਦਰ ਇਕੱਲਾ ਸੋਕਾ ਹੀ ਨਹੀਂ, ਡੋਬਾ ਵੀ ਬਰਸਾਤ ਦੇ ਦਿਨਾਂ ਵਿੱਚ ਸੂਬੇ ਦੀ ਅਹਿਮ ਸਮੱਸਿਆ ਹੈ। ਹੜ੍ਹਾਂ ਬਾਰੇ ਅਕਸਰ ਇਹੀ ਪ੍ਰਚਾਰਿਆ ਜਾਂਦਾ ਹੈ ਕਿ ਜ਼ਿਆਦਾ ਮੀਂਹ ਪੈਣ ਕਾਰਨ ਹੜ੍ਹ ਆ ਰਹੇ ਹਨ ਪਰ ਜੇ ਮੀਂਹ ਪੈਣ ਦੇ ਰੁਝਾਨ 'ਤੇ ਨਿਗਾਹ ਮਾਰੀਏ ਤਾਂ ਪਿਛਲੇ ਸਾਲਾਂ ਵਿੱਚ ਮੀਂਹ ਪੈਣ ਦੀ ਔਸਤ ਘਟੀ ਹੈ। ਇਸ ਸਾਲ ਪਿਛਲੇ ਸਾਲਾਂ ਦੇ ਮੁਕਾਬਲੇ ਮੀਂਹ ਬਹੁਤ ਜ਼ਿਆਦਾ ਪਏ ਹਨ ਜਿਸ ਨਾਲ ਪੰਜਾਬ ਅੰਦਰ ਹੜ੍ਹਾਂ ਕਾਰਨ ਅਣਕਿਆਸੀ ਤਬਾਹੀ ਦੇਖਣ ਨੂੰ ਮਿਲ ਰਹੀ ਹੈ। ਹੁਣ ਪਹਿਲਾਂ ਵਾਂਗ ਲੰਮੀਆਂ ਝੜੀਆਂ ਨਹੀਂ ਲਗਦੀਆਂ; ਬਸ ਕੁਝ ਥਾਵਾਂ ਉੱਤੇ ਇੱਕਦਮ ਬੱਦਲ ਫਟ ਕੇ ਮਣਾਂ ਮੂੰਹੀਂ ਪਾਣੀ ਡਿੱਗ ਪੈਂਦਾ ਹੈ। ਪਹਾੜੀ ਇਲਾਕਿਆਂ ਵਿੱਚ ਬੱਦਲ ਫਟਣ ਦੀਆਂ ਘਟਨਾਵਾਂ 'ਚ ਅਥਾਹ ਵਾਧਾ ਹੋਇਆ ਹੈ। ਆਲਮੀ ਤਪਸ਼ ਵਧ ਗਈ ਹੈ। ਤਰੱਕੀ ਦੇ ਨਾਂ ਹੇਠ ਬਿਨਾਂ ਇਹ ਸੋਚੇ ਸਮਝੇ ਕਿ ਇਸ ਦੇ ਵਾਤਾਵਰਨ 'ਤੇ ਕੀ ਮਾਰੂ ਪ੍ਰਭਾਵ ਹੋਣਗੇ, ਪਹਾੜਾਂ ਦੀ ਅੰਨ੍ਹੇਵਾਹ ਕਟਾਈ ਹੋ ਰਹੀ ਹੈ। ਪਹਾੜ ਪੋਲੇ ਪੈ ਰਹੇ ਹਨ। ਕੁਦਰਤ ਦਾ ਤਵਾਜ਼ਨ ਵਿਗੜ ਰਿਹਾ ਹੈ।

# ਡਿਪਟੀ ਕਮਿਸ਼ਨਰ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਦਿੱਤੇ ਸਖ਼ਤ ਨਿਰਦੇਸ਼, ਸੱਤ ਦਿਨ 'ਚ ਮੰਗੀ ਰਿਪੋਰਟ



**ਹੁਸ਼ਿਆਰਪੁਰ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅਧਿਕਾਰੀਆਂ ਸਮੇਤ ਬੀਤੀ ਦੇਰ ਰਾਤ ਚੱਬੇਵਾਲ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਹਾਰਟਾ, ਬਡਲਾ ਦਾ ਦੌਰਾ ਕੀਤਾ ਅਤੇ ਉੱਥੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਅਤੇ ਕਿਹਾ ਕਿ ਪ੍ਰਭਾਵਿਤ ਲੋਕਾਂ ਦੇ ਨੁਕਸਾਨ ਦਾ ਗੰਭੀਰਤਾ ਅਤੇ ਤਰਜ਼ੀਹ ਨਾਲ ਮੁਲਾਂਕਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰੀ ਬਾਰਿਸ਼ ਅਤੇ ਹੜ੍ਹਾਂ ਕਾਰਨ ਜ਼ਿਲ੍ਹੇ ਵਿੱਚ ਸਰਕਾਰੀ ਅਤੇ ਨਿੱਜੀ ਜਾਇਦਾਦਾਂ ਨੂੰ ਬਹੁਤ ਨੁਕਸਾਨ ਹੋਇਆ ਹੈ,

ਜਿਸ ਦੇ ਮੱਦੇਨਜ਼ਰ ਨੁਕਸਾਨ ਦਾ ਸਹੀ ਮੁਲਾਂਕਣ ਕਰਨਾ ਅਤੇ ਢਾਂਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ। ਇਸ ਮੰਤਵ ਲਈ ਜ਼ਿਲ੍ਹੇ ਦੀਆਂ ਸਾਰੀਆਂ ਸਬ-ਡਵੀਜ਼ਨਾਂ ਵਿੱਚ ਸਬੰਧਤ ਐਸ.ਡੀ.ਐਮਜ਼ ਦੀ ਪ੍ਰਧਾਨਗੀ ਹੇਠ ਸਾਂਝੀਆਂ ਟੀਮਾਂ ਬਣਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਨ੍ਹਾਂ ਟੀਮਾਂ ਵਿੱਚ ਲੋਕ ਨਿਰਮਾਣ ਵਿਭਾਗ, ਜਲ ਸਰੋਤ ਵਿਭਾਗ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੀ.ਐਸ.ਪੀ.ਸੀ.ਐਲ., ਪੰਚਾਇਤ ਵਿਭਾਗ, ਸਿੱਖਿਆ ਵਿਭਾਗ, ਸਬੰਧਤ ਬੀ.ਡੀ.ਪੀ.ਓ. ਅਤੇ ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੇ ਕਾਰਜਕਾਰੀ ਅਧਿਕਾਰੀ ਦੇ ਨਾਲ-ਨਾਲ ਹੋਰ ਜ਼ਰੂਰੀ ਅਧਿਕਾਰੀ ਸ਼ਾਮਲ ਹੋਣਗੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਦੇ ਸਾਰੇ ਸਕੂਲਾਂ, ਆਂਗਣਵਾੜੀ ਕੇਂਦਰਾਂ, ਹਸਪਤਾਲਾਂ, ਜਨਤਕ ਇਮਾਰਤਾਂ ਅਤੇ ਨਿੱਜੀ ਘਰਾਂ ਦਾ ਤਕਨੀਕੀ ਤੌਰ @ਤੇ ਨਿਰੀਖਣ ਕੀਤਾ ਜਾਵੇਗਾ ਅਤੇ ਜੇਕਰ ਉਹ ਢਾਂਚਾਗਤ ਤੌਰ @ਤੇ ਪ੍ਰਮਾਣਿਤ ਹੋਣਗੇ ਤਾਂ ਹੀ ਮੁੜ ਵਰਤੋਂ ਲਈ ਸੁਰੱਖਿਅਤ ਘੋਸ਼ਿਤ ਕੀਤੇ ਜਾਣਗੇ। ਨਿੱਜੀ ਅਤੇ ਜਨਤਕ ਨੁਕਸਾਨ ਦਾ ਮੁਲਾਂਕਣ ਐਸਡੀਆਰਐਫ ਦੇ ਅਧਿਸੂਚਿਤ ਮਾਪਦੰਡਾਂ ਅਨੁਸਾਰ ਕੀਤਾ ਜਾਵੇਗਾ ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਸਮੇਂ ਸਿਰ ਢੁਕਵਾਂ ਮੁਆਵਜ਼ਾ ਮਿਲ ਸਕੇ। ਉਨ੍ਹਾਂ ਹਦਾਇਤ ਕੀਤੀ ਕਿ ਸਾਰੇ ਐਸ.ਡੀ.ਐਮਜ਼ ਸਬੰਧਤ ਵਿਭਾਗਾਂ ਨਾਲ ਤਾਲਮੇਲ ਯਕੀਨੀ ਬਣਾਉਣ ਅਤੇ ਸਮੱਸਿਆਵਾਂ ਦਾ ਮੌਕੇ @ਤੇ ਹੱਲ ਕਰਨ ਲਈ ਰੋਜ਼ਾਨਾ ਸਮੀਖਿਆ ਮੀਟਿੰਗਾਂ ਕਰਨ। ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਇਹ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਸਾਰੀਆਂ ਸਕੂਲ ਪ੍ਰਬੰਧਨ ਕਮੇਟੀਆਂ, ਪੰਚਾਇਤਾਂ ਅਤੇ ਲੋਕ ਨਿਰਮਾਣ ਵਿਭਾਗ ਦੀ ਤਕਨੀਕੀ ਸਹਾਇਤਾ ਨਾਲ ਸਕੂਲ ਇਮਾਰਤਾਂ ਦਾ ਸੁਰੱਖਿਆ ਆਡਿਟ ਪੂਰਾ ਕਰਨ। ਸਾਰੀਆਂ ਸਾਂਝੀਆਂ ਟੀਮਾਂ ਤੁਰੰਤ ਕੰਮ ਸ਼ੁਰੂ ਕਰਨ ਅਤੇ ਸੱਤ ਦਿਨਾਂ ਦੇ ਅੰਦਰ ਜ਼ਿਲ੍ਹਾ ਦਫ਼ਤਰ ਨੂੰ ਮੁੱਢਲੀ ਰਿਪੋਰਟ ਜਮ੍ਹਾਂ ਕਰਾਉਣ ਜਦੋਂ ਕਿ ਅੰਤਿਮ ਰਿਪੋਰਟ ਵਿੱਚ ਸੁਰੱਖਿਆ ਪ੍ਰਮਾਣੀਕਰਣ ਅਤੇ ਨੁਕਸਾਨ ਦਾ ਮੁਲਾਂਕਣ ਦੋਵੇਂ ਸ਼ਾਮਲ ਹੋਣਗੇ।

ਡਿਪਟੀ ਕਮਿਸ਼ਨਰ ਨੇ ਇਸ ਮੌਕੇ ਬਿਆਸ ਦਰਿਆ ਵਿੱਚ ਹੋ ਰਹੇ ਕਟਾਵ ਬਾਰੇ ਵੀ ਗੰਭੀਰ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਬਹੁਤ ਜ਼ਿਆਦਾ ਗਾਦ ਅਤੇ ਟਾਪੂਆਂ ਦੇ ਬਣਨ ਕਾਰਨ ਦਰਿਆ ਦੇ ਕੁਦਰਤੀ ਵਹਾਅ ਵਿੱਚ ਵਿਘਨ ਪਿਆ ਹੈ ਅਤੇ ਤੇਜ਼ ਬਹਾਅ ਸਿੱਧੇ ਬੰਨ੍ਹਾਂ ਨਾਲ ਟਕਰਾ ਕੇ ਕਿਨਾਰਿਆਂ ਨੂੰ ਕੱਟ ਰਹੇ ਹਨ।

ਇਸ ਕਾਰਨ ਸ੍ਰੀ ਹਰਗੋਬਿੰਦਪੁਰ (ਰੜਾ) ਪੁਲ ਦੇ ਨੇੜੇ ਬੰਨ੍ਹ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਜਿਸ ਨਾਲ ਪੁਲ, ਨੇੜਲੇ ਪਿੰਡਾਂ ਅਤੇ ਖੇਤੀਬਾੜੀ ਵਾਲੀ ਜ਼ਮੀਨ ਲਈ ਖ਼ਤਰਾ ਪੈਦਾ ਹੋ ਗਿਆ ਹੈ। ਇਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਇੱਕ ਪ੍ਰਸਤਾਵ ਭੇਜਿਆ ਹੈ, ਜਿਸ ਤਹਿਤ ਬਿਆਸ ਦਰਿਆ ਦੀ ਵਿਗਿਆਨਕ ਅਤੇ ਨਿਯੰਤਰਿਤ ਗਾਰ ਕੱਢਣ ਦਾ ਕੰਮ ਕੀਤਾ ਜਾਵੇਗਾ ਅਤੇ ਲਗਭਗ 13 ਕਿਲੋਮੀਟਰ ਲੰਬੇ ਬੰਨ੍ਹ ਪਹਿਲ ਦੇ ਆਧਾਰ @ਤੇ ਬਣਾਏ ਜਾਣਗੇ। ਇਹ ਕੰਮ ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਦੀ ਨਿਗਰਾਨੀ ਹੇਠ ਕੀਤਾ ਜਾਵੇਗਾ ਤਾਂ ਜੋ ਨਦੀ ਦੇ ਕੁਦਰਤੀ ਵਹਾਅ ਅਤੇ ਜੈਵ ਵਿਭਿੰਨਤਾ ਪ੍ਰਭਾਵਿਤ ਨਾ ਹੋਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਯਤਨਾਂ ਦਾ ਉਦੇਸ਼ ਨਾ ਸਿਰਫ਼ ਮਨੁੱਖੀ ਜੀਵਨ ਅਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ, ਸਗੋਂ ਹੜ੍ਹ ਪ੍ਰਬੰਧਨ ਅਤੇ ਲੰਬੇ ਸਮੇਂ ਲਈ ਵਾਤਾਵਰਣ ਸੰਤੁਲਨ ਬਣਾਈ ਰੱਖਣਾ ਵੀ ਹੈ।

# ਫਾਜ਼ਿਲਕਾ ਦੇ ਵਿਧਾਇਕ ਨੇ ਹੜ੍ਹ ਪ੍ਰਭਾਵਿਤ ਪਿੰਡ ਰੇਤੇ ਵਾਲੀ ਭੈਣੀ ਸਮੇਤ ਵੱਖ-ਵੱਖ ਪਿੰਡਾਂ ਵਿੱਚ ਵੰਡੀਆਂ ਤਰਪਾਲਾਂ



**ਫਾਜ਼ਿਲਕਾ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡ ਰੇਤੇ ਵਾਲੀ ਭੈਣੀ, ਝੰਗੜ ਭੈਣੀ, ਰਾਮ ਸਿੰਘ ਭੈਣੀ ਤੇ ਦੋਨਾਂ ਨਾਨਕਾ ਆਦਿ ਪਿੰਡਾਂ ਵਿੱਚ ਤਰਪਾਲਾਂ ਵੰਡੀਆਂ। ਇਸ ਮੌਕੇ ਉਨ੍ਹਾਂ ਨਾਲ ਤਹਿਸੀਲਦਾਰ ਫਾਜ਼ਿਲਕਾ ਜਸਪ੍ਰੀਤ ਸਿੰਘ ਵੀ ਹਾਜ਼ਰ ਸਨ।

ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੇ ਨਾਲ ਖੜ੍ਹੀ ਹੈ ਤੇ ਉਨ੍ਹਾਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਤੇ ਨਜ਼ਰ ਰੱਖੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਉਹ ਲਗਾਤਾਰ ਪਿੰਡਾਂ ਵਿੱਚ ਵਿਚਰ ਕੇ ਲੋਕਾਂ ਦਾ ਹਾਲ ਜਾਣ ਰਹੇ ਹਨ ਤੇ ਉਨ੍ਹਾਂ ਨੂੰ ਰਾਹਤ ਸਮੱਗਰੀ ਜਿਵੇਂ ਕਿ ਰਾਸ਼ਨ, ਸਾਫ ਪਾਣੀ ਤੇ ਪਸ਼ੂਆਂ ਲਈ ਫੀਡ ਦੀ ਵੰਡ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੁੱਝ ਦਿਨ ਪਹਿਲਾਂ ਹੜ੍ਹ ਪ੍ਰਭਾਵਿਤ ਪਿੰਡਾਂ ਵੱਲੋਂ ਉਨ੍ਹਾਂ ਤੋਂ ਤਰਪਾਲਾਂ ਦੀ ਮੰਗ ਕੀਤੀ ਗਈ ਸੀ ਤੇ ਹੁਣ ਇਹ ਮੰਗ ਪੂਰੀ ਕਰਦਿਆਂ ਉਨ੍ਹਾਂ ਨੂੰ ਤਰਪਾਲਾਂ ਦੀ ਵੰਡ ਕੀਤੀ ਜਾ ਰਹੀ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਕਿਹਾ ਕਿ ਜੇਕਰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੈ ਤਾਂ ਉਹ ਬੇਝਿਜਕ ਹੋ ਕੇ ਉਨ੍ਹਾਂ ਨੂੰ ਦੱਸਣ ਹਰ ਸਮੱਸਿਆ ਦੇ ਹੱਲ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਰਾਹਤ ਸਮੱਗਰੀ ਦੀ ਵੰਡ ਤੋਂ ਇਲਾਵਾ ਲੋਕਾ ਦੇ ਠਹਿਰਣ ਲਈ ਬਣੇ ਰਾਹਤ ਕੇਂਦਰਾਂ ਦਾ ਵੀ ਉਹ ਦੌਰਾ ਕਰ ਰਹੇ ਹਨ ਤੇ ਉਥੇ ਰਹਿ ਰਹੇ ਲੋਕਾਂ ਦਾ ਹਾਲ ਜਾਣ ਰਹੇ ਹਨ ਤੇ ਉਨ੍ਹਾਂ ਨੂੰ ਮਿਲ ਰਹੀ ਰਾਹਤ ਸਮੱਗਰੀ ਦਾ ਨਿਰੀਖਣ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੁਦਰਤ ਦੀ ਕਰੋਪੀ ਵਿੱਚ ਮੈਂ ਆਪਣਾ ਫਰਜ਼ ਸਮਝਦਾ ਹਾਂ ਕਿ ਮੈਂ ਲੋਕਾਂ ਦੇ ਨਾਲ ਖੜ੍ਹਾ ਤਾਂ ਕਿ ਮੇਰੇ ਹਲਕੇ ਦੇ ਲੋਕਾਂ ਦੀ ਹੌਸਲਾ ਅਫਜਾਈ ਹੋ ਸਕੇ।

ਇਸ ਦੌਰਾਨ ਪਿੰਡ ਵਾਸੀਆਂ ਵੱਲੋਂ ਵਿਧਾਇਕ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ! ਉਹਨਾਂ ਕਿਹਾ ਕਿ ਵਿਧਾਇਕ ਖੁਦ ਪਿੰਡਾਂ ਵਿੱਚ ਆ ਕੇ ਉਹਨਾਂ ਨੂੰ ਰਾਸ਼ਨ ਸਮੱਗਰੀ ਦੀ ਵੰਡ ਕਰ ਰਹੇ ਤੇ ਉਨ੍ਹਾਂ ਦਾ ਹਾਲ ਚਾਲ ਜਾਣ ਰਹੇ ਹਨ! ਜਿਸ ਲਈ ਉਹ ਪੰਜਾਬ ਸਰਕਾਰ ਤੇ ਵਿਧਾਇਕ ਦੇ ਧੰਨਵਾਦੀ ਹਨ!

# ਬਰਸਾਤ ਦੇ ਮੌਸਮ ਵਿਚ ਹੋਣ ਵਾਲੀਆਂ ਬੀਮਾਰੀਆਂ ਬਾਰੇ ਅਤੇ ਡੈਗੂ, ਚਿਕਨਗੁਨੀਆ, ਮਲੇਰੀਆ ਅਤੇ ਬਚਾਓ ਸਬੰਧੀ ਲੋਕਾਂ ਨੂੰ ਕੀਤਾ ਜਾਗਰੂਕ



**ਤਰਨ ਤਾਰਨ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਜਿਲਾ ਐਪੀਡੀਮੋਲੋਜਿਸਟ ਡਾ. ਰਾਘਵ ਗੁਪਤਾ ਡਾ. ਅਵਲੀਨ ਕੌਰ, ਮਾਸ ਮੀਡੀਆ ਅਫ਼ਸਰ ਸੁਖਵੰਤ ਸਿੰਘ ਅਤੇ ਏ ਐਮ ਓ ਕੰਵਲ ਬਲਰਾਜ ਸਿੰਘ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਮੀਆਂਵਿੰਡ ਡਾ. ਸਲਿੰਦਰ ਸਿੰਘ ਦੀ ਰਹਿਨੁਮਾਈ ਹੇਠ ਸੀ ਐੱਚ ਸੀ ਮੀਆਂਵਿੰਡ ਦੇ ਅਧੀਨ ਪੈਂਦੇ ਪਿੰਡ ਗਗੜੇਵਾਲ ਦੇ ਮੰਡ ਏਰੀਏ ਅਤੇ ਸਲੱਮ ਏਰੀਏ ਵਿੱਚ ਸਪੈਸ਼ਲ ਸਰਵੇ ਕੀਤਾ ਗਿਆ ,

ਅਤੇ ਇਕੱਤਰ ਲੋਕਾਂ ਨੂੰ ਡੈਗੂ ਬੁਖਾਰ, ਅਤੇ ਬਰਸਾਤ ਦੇ ਮੌਸਮ ਵਿਚ ਹੋਣ ਵਾਲੀਆਂ ਬੀਮਾਰੀਆਂ ਬਾਰੇ ਅਤੇ ਡੈਗੂ, ਚਿਕਨਗੁਨੀਆ, ਮਲੇਰੀਆ ਅਤੇ ਮੌਸਮੀ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਬਚਾਓ ਸਬੰਧੀ ਜਾਗਰੂਕ ਕੀਤਾ ਗਿਆ। ਕੂਲਰਾਂ, ਫਰਿਜਾਂ, ਗਮਲਿਆਂ, ਕੰਟੇਨਰਾਂ ਆਦਿ ਵਿੱਚੋ ਲਾਰਵਾ ਚੈਕ ਕੀਤਾ ਗਿਆ।

ਇਸ ਮੌਕੇ ਤੇ ਡਾ ਰਾਘਵ ਗੁਪਤਾ ਨੇ ਡੈਗੂ ਸਬੰਧੀ ਜਾਣਕਾਰੀ ਦਿੱਤੀ, ਅਤੇ ਦੱਸਿਆ ਕਿ ਡੈਗੂ ਬੁਖਾਰ ਇੱਕ ਵਾਇਰਲ ਬੁਖਾਰ ਹੈ, ਜੋਂ ਏਡੀਜ਼ ਇੰਜਪਟਾਈ ਨਾਮ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ, ਜ਼ਿਆਦਾ ਤਰ ਇਹ ਮੱਛਰ ਦਿਨ ਵੇਲੇ ਕੱਟਦਾ ਹੈ। ਇਹ ਮੱਛਰ ਖੜ੍ਹੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ । ਉਹਨਾਂ ਦੱਸਿਆ ਕਿ ਇਸ ਦੇ ਲੱਛਣ ਤੇਜ਼ ਬੁਖਾਰ, ਸਿਰ ਦਰਦ , ਅੱਖਾਂ ਦੇ ਪਿਛਲੇ ਪਾਸੇ ਦਰਦ, ਜੋੜਾਂ ਅਤੇ ਮਾਸਪੇਸ਼ੀਆਂ ਵਿੱਚ ਦਰਦ , ਸਰੀਰ ਉਪਰ ਲਾਲ ਦਾਣੇ ਨਿਕਲਣਾ , ਉਲਟੀ ਆਉਣੀ, ਮੂੰਹ , ਨੱਕ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ ਆਦਿ , ਖ਼ੂਨ ਵਿੱਚੋ ਪਲੈਟਲੈਟ ਸੈਲ ਦਾ ਘਟਨਾ, ਸਰੀਰਕ ਥਕਾਵਟ ਅਤੇ ਕਮਜ਼ੋਰੀ ਆਦਿ ਦੇ ਲੱਛਣ ਹੋ ਸਕਦੇ ਹਨ।

ਉਹਨਾਂ ਦੱਸਿਆ ਕਿ ਡੈਗੂ ਦੀ ਜਾਂਚ ਅਤੇ ਇਲਾਜ ਸਾਰੇ ਪੰਜਾਬ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ । ਜੇਕਰ ਉਪਰੋਕਤ ਲੱਛਣਾਂ ਕਿਸੇ ਵੀ ਵਿਅਕਤੀ ਨੂੰ ਇਹ ਲੱਛਣ ਨਜ਼ਰ ਆਉਣ ਤਾਂ ਨੇੜਲੇ ਸਿਹਤ ਕੇਂਦਰ ਤੋਂ ਲੋੜੀਂਦੇ ਟੈਸਟ ਕਰਵਾਉਣ ਉਪਰੰਤ ਆਪਣਾ ਇਲਾਜ ਟਾਈਮ ਸਿਰ ਕਰਵਾਉਣਾ ਚਾਹੀਦਾ ਹੈ । ਉਹਨਾਂ ਕਿਹਾ ਕਿ ਸਾਨੂੰ ਡੈਗੂ ਬੁਖਾਰ ਤੋਂ ਬਚਾਅ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਸਾਫ਼ ਸਫ਼ਾਈ ਦਾ ਖਿਆਲ ਰੱਖਿਆ ਜਾਵੇ। ਹਰ ਸ਼ੁਕਰਵਾਰ ਨੂੰ ਆਪਣੇ ਘਰਾਂ ਦੇ ਕੂਲਰਾਂ, ਡਰੱਮਾ, ਫਰਿਜ ਦੀ ਟਰੇਆਂ, , ਟਾਇਰਾ, ਗਮਲਿਆਂ, ਪਸ਼ੂ ਪੰਛੀ ਲਈ ਪੀਣ ਦੇ ਪਾਣੀ ਦੇ ਬਰਤਨਾ ਨੂੰ ਜ਼ਰੂਰ ਸਾਫ਼ ਕਰੋ, ਕਿਉਂਕਿ ਡੈਗੂ ਦਾ ਮੱਛਰ ਖੜ੍ਹੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ।

ਇਸ ਮੌਕੇ ਤੇ ਭੁਪਿੰਦਰ ਸਿੰਘ ਐਸ ਆਈ ਸਿਵਲ ਸਰਜਨ ਦਫ਼ਤਰ ਤਰਨ ਤਾਰਨ ਅਤੇ ਲਖਵਿੰਦਰ ਸਿੰਘ ਮੈਂਬਰ ਪੰਚਾਇਤ, ਬਾਬਾ ਹੀਰਾ ਸਿੰਘ , ਸਾਹਿਬਜੀਤ ਸਿੰਘ ਐਸ ਆਈ , ਅਮਨਦੀਪ ਸਿੰਘ ਐਸ ਆਈ , ਸੁਖਦੀਪ ਸਿੰਘ , ਸੁਖਵਿੰਦਰ ਸਿੰਘ , ਗੁਰਿੰਦਰ ਸਿੰਘ ਗੁਰਦੇਵ ਸਿੰਘ ਹੈਲਥ ਮੇਲ ਵਰਕਰ , ਮੰਗਲ ਸਿੰਘ, ਬਲਜਿੰਦਰ ਸਿੰਘ , ਬਲਵਿੰਦਰ ਸਿੰਘ ਬਰੀਡਰ ਚੈਕਰ ਕੁਲਵਿੰਦਰ ਕੌਰ, ਰਾਜ਼ ਕੌਰ ਆਸਾ ਵਰਕਰ ਹਾਜ਼ਰ ਸਨ ।

# ਸਹਾਇਕ ਕਮਿਸ਼ਨਰ ਰਾਕੇਸ਼ ਗਰਗ ਵਲੋਂ ਸਿਵਲ ਹਸਪਤਾਲ ਦੀ ਤੜਕਸਾਰ ਅਚਨਚੇਤ ਚੈਕਿੰਗ

**ਮਲੇਰਕੋਟਲਾ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਦਿਸ਼ਾ-ਨਿਰਦੇਸ਼ਾਂ ਅਧੀਨ, ਮੁੱਖ ਮੰਤਰੀ ਫੀਲਡ ਅਫਸਰ-ਕਮ-ਸਹਾਇਕ ਕਮਿਸ਼ਨਰ (ਜਨਰਲ) ਰਾਕੇਸ਼ ਗਰਗ ਵਲੋਂ ਅੱਜ ਸਥਾਨਕ ਸਿਵਲ ਹਸਪਤਾਲ ਦਾ ਤੜਕਸਾਰ ਅਚਨਚੇਤ ਨਿਰੀਖਣ ਆਮ ਵਿਅਕਤੀ ਵਾਂਗ(ਹੁਲੀਆ ਬਦਲ ਕੇ) ਕੀਤਾ ਗਿਆ।

ਇਸ ਚੈਕਿੰਗ ਦਾ ਮੁੱਖ ਮੰਤਵ ਬਰਸਾਤੀ ਮੌਸਮ ਵਿੱਚ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਨਿਪਟਣ ਲਈ ਲੋਕਾਂ ਨੂੰ ਐਮਰਜੈਂਸੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੀ ਪੂਰੀ ਪੜਤਾਲ ਕਰਨੀ ਸੀ।

ਨਿਰੀਖਣ ਦੌਰਾਨ ਸਹਾਇਕ ਕਮਿਸ਼ਨਰ ਨੇ ਐਮਰਜੈਂਸੀ ਵਾਰਡ, ਓਪੀਡੀ, ਦਵਾਈਆਂ ਦੇ ਸਟਾਕ, ਲੈਬ ਟੈਸਟਿੰਗ ਰੂਮ, ਡਿਊਟੀ ਰੋਸਟਰ ਅਤੇ ਸਫ਼ਾਈ ਪ੍ਰਨਾਲੀ ਦਾ ਵਿਸਥਾਰ ਨਾਲ ਜਾਇਜ਼ਾ ਲਿਆ। ਉਨ੍ਹਾਂ ਨੇ ਡਾਕਟਰਾਂ ਅਤੇ ਸਟਾਫ਼ ਨੂੰ ਹਦਾਇਤ ਕੀਤੀ ਕਿ ਬਰਸਾਤੀ ਮੌਸਮ ਵਿੱਚ ਮਲੇਰੀਆ, ਡੇਂਗੂ, ਟਾਇਫਾਇਡ ਅਤੇ ਹੋਰ ਪਾਣੀ ਨਾਲ ਜੁੜੀਆਂ ਬਿਮਾਰੀਆਂ ਦੇ ਮਰੀਜ਼ਾਂ ਨੂੰ ਤੁਰੰਤ ਅਤੇ ਉਚਿਤ ਇਲਾਜ ਪ੍ਰਦਾਨ ਕੀਤਾ ਜਾਵੇ।

ਸਹਾਇਕ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਅਵਾਮ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹਨ। ਉਨ੍ਹਾਂ ਦੱਸਿਆ ਕਿ ਇਸ ਮੌਸਮ ਵਿੱਚ ਸਿਵਲ ਹਸਪਤਾਲਾਂ ਅਤੇ ਹੋਰ ਸਰਕਾਰੀ ਸਿਹਤ ਕੇਂਦਰਾਂ 'ਚ ਦਵਾਈਆਂ ਅਤੇ ਸਟਾਫ਼ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

ਇਸਦੇ ਨਾਲ ਹੀ ਉਨ੍ਹਾਂ ਨੇ ਸਿਹਤ ਅਧਿਕਾਰੀਆਂ ਨੂੰ ਕਿਹਾ ਕਿ ਸਫ਼ਾਈ ਪ੍ਰਨਾਲੀ, ਪਾਣੀ ਦੇ ਸਟੋਰੇਜ ਟੈਂਕਾਂ ਅਤੇ ਹਸਪਤਾਲ ਦੇ ਹਰੇਕ ਭਾਗ ਦੀ ਰੋਜ਼ਾਨਾ ਨਿਗਰਾਨੀ ਕੀਤੀ ਜਾਵੇ।

ਚੈਕਿੰਗ ਦੌਰਾਨ ਮੌਜੂਦ ਡਿਊਟੀ ਮੈਡੀਕਲ ਅਫ਼ਸਰ ਅਤੇ ਹੋਰ ਅਧਿਕਾਰੀਆਂ ਨੇ ਸਹਾਇਕ ਕਮਿਸ਼ਨਰ ਨੂੰ ਭਰੋਸਾ ਦਿਵਾਇਆ ਕਿ ਅਵਾਮ ਨੂੰ ਵਕਤ-ਸਿਰ ਸਾਰੀਆਂ ਸਹੂਲਤਾਂ ਮਿਲਣਗੀਆਂ ਅਤੇ ਕਿਸੇ ਵੀ ਮਰੀਜ਼ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਹੀਂ ਹੋਣ ਦਿੱਤੀ ਜਾਵੇਗੀ।

ਸਹਾਇਕ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਹਤ ਵਿਭਾਗ ਵਲੋਂ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ, ਪਾਣੀ ਖੜ੍ਹਾ ਨਾ ਹੋਣ ਦੇਣ, ਸਾਫ-ਸੁਥਰਾ ਖਾਣ-ਪੀਣ ਵਰਤਣ ਅਤੇ ਬਿਮਾਰੀ ਦੇ ਲੱਛਣ ਦਿਖਣ 'ਤੇ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਨਾਲ ਸੰਪਰਕ ਕਰਨ।

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਸਹਾਇਕ ਕਮਿਸ਼ਨਰ ਤੋਂ ਸਿਵਲ ਹਸਪਤਾਲ ਦੀ ਚੈਕਿੰਗ ਦਾ ਜਾਇਜਾ ਲੈਣ ਉਪਰੰਤ ਕਿਹਾ, ਜ਼ਿਲ੍ਹੇ ਦੇ ਹਰੇਕ ਹਸਪਤਾਲ ਤੇ ਸਿਹਤ ਕੇਂਦਰ ਦੀ ਨਿਯਮਿਤ ਨਿਗਰਾਨੀ ਕੀਤੀ ਜਾ ਰਹੀ ਹੈ। ਸਾਡਾ ਸਭ ਤੋਂ ਵੱਡਾ ਲਕਸ਼ ਅਵਾਮ ਦੀ ਜਾਨ ਤੇ ਸਿਹਤ ਦੀ ਰੱਖਿਆ ਕਰਨਾ ਹੈ। ਕਿਸੇ ਵੀ ਹਾਲਤ ਵਿੱਚ ਲੋਕਾਂ ਨੂੰ ਸਿਹਤ ਸੇਵਾਵਾਂ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ।

# ਸਿੱਖਿਆ ਵਿਭਾਗ ਵੱਲੋਂ ਹੜ ਪੀੜਤਾਂ ਨੂੰ ਰਾਹਤ ਸਮੱਗਰੀ ਭੇਜਣਾ ਇਕ ਸ਼ਲਾਘਾਯੋਗ ਕਦਮ- ਨਵਦੀਪ ਸਿੰਘ ਪਨੇਸਰ



**ਬਟਾਲਾ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ ਬਲਾਕ ਬਟਾਲਾ-1 ਦੇ ਸਮੂਹ ਅਧਿਆਪਕਾਂ ਦੁਆਰਾ ਸ. ਜਸਵਿੰਦਰ ਸਿੰਘ ਬੀ.ਪੀ.ਈ.ਓ. ਬਟਾਲਾ -1 ਦੀ ਅਗਵਾਈ ਹੇਠ ਹੜ੍ਹ ਪੀੜਤਾਂ ਲਈ ਲੌੜੀਦੀਂ ਰਾਹਤ ਸਮੱਗਰੀ ਭੇਜੀ ਗਈ ਜੋ ਕਿ ਇਕ ਸ਼ਲਾਘਾਯੋਗ ਕਦਮ ਹੈ।ਅਧਿਆਪਕ ਨਵਦੀਪ ਸਿੰਘ ਪਨੇਸਰ ਨੇ ਗੱਲ ਕਰਦਿਆਂ ਕਿਹਾ ਕਿ ਉਹ ਇਨ੍ਹਾਂ ਅਧਿਆਪਕਾ ਦੇ ਇਸ ਜਜਬੇ ਨੂੰ ਦਿਲੋਂ ਸਲਾਮ ਕਰਦੇ ਹਾਂ। ਜੋ ਇੰਨੀ ਵੱਡੀ ਕੁਦਰਤੀ ਕ੍ਰੋਪੀ ਵਿੱਚ ਵੱਧ- ਚੜ੍ਹ ਕੇ ਸਾਥ ਦੇ ਰਹੇ ਹਨ।

ਇਸ ਬਲਾਕ ਦੇ ਸਮੂਹ ਅਧਿਆਪਕਾ ਕਈ ਦਿਨ੍ਹਾਂ ਤੋਂ ਇਸ ਰਾਹਤ ਸਮੱਗਰੀ ਨੂੰ ਇੱਕਠਾ ਕਰਨ ਲਈ ਦਿਨ ਰਾਤ ਉਪਰਾਲੇ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਉਹ ਇਸ ਮੌਕੇ ਵਿਸ਼ੇਸ਼ ਤੌਰ ਤੇ ਜਿਲ੍ਹਾ ਸਿੱਖਿਆ ਅਫਸਰ ( ਐ.ਸਿ/ ਸੈ. ਸਿ ) ਗੁਰਦਾਸਪੁਰ ਸ੍ਰੀਮਤੀ ਪਰਮਜੀਤ ਕੌਰ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ ਜਿਨ੍ਹਾਂ ਦੀ ਰਹਿਨੁਮਾਈ ਹੇਠ ਸਿੱਖਿਆ ਵਿਭਾਗ, ਜਿਲ੍ਹਾ ਗੁਰਦਾਸਪੁਰ ਇੰਨੀ ਤਰੱਕੀ ਕਰ ਰਿਹਾ ਹੈ।ਉਨ੍ਹਾਂ ਅੱਜ ਦੇ ਸ਼ੁੱਭ ਦਿਨ ਤੇ ਅਧਿਆਪਕ ਦਿਵਸ ਤੇ ਸਮੂਹ ਅਧਿਆਪਕਾਂ ਨੂੰ ਵਧਾਈ ਦਿੱਤੀ।

# ਹੜ ਪ੍ਰਭਾਵਿਤ ਇਲਾਕੇ ਵਿੱਚ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਵੰਡਿਆ ਪਸ਼ੂਆਂ ਲਈ ਚਾਰਾ



**ਖਡੂਰ ਸਾਹਿਬ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਮੁੰਡਾ ਪਿੰਡ ਵਿਖੇ ਹੜ੍ਹ ਨਾਲ ਪ੍ਰਭਾਵਿਤ ਪਰਿਵਾਰਾਂ ਦੇ ਪਸ਼ੂਆਂ ਵਾਸਤੇ ਚਾਰਾ ਪਹੁੰਚਾ ਕੇ ਸਹਾਇਤਾ ਕੀਤੀ ਹੈ। ਜਿਸ ਵਿੱਚ ਵਿਧਾਇਕ ਲਾਲਪੁਰਾ ਨੇ ਕਿਹਾ ਕਿ ਸਾਡੇ ਹਲਕਾ ਖਡੂਰ ਸਾਹਿਬ ਦੇ ਪਿੰਡਾਂ ਦੀਆਂ ਬਹੁਤ ਸਾਰੀਆਂ ਜਮੀਨਾਂ ਹੜ ਦੀ ਮਾਰ ਹੇਠ ਆ ਚੁੱਕੀਆਂ ਹਨ, ਜਿਸ ਕਾਰਨ ਪਸ਼ੂਆਂ ਦਾ ਚਾਰਾ ਖਤਮ ਹੋ ਗਿਆ ਹੈ ਅਤੇ ਲੋਕਾਂ ਨੂੰ ਪਸ਼ੂਆਂ ਦਾ ਪੇਟ ਭਰਨ ਵਾਸਤੇ ਚਾਰੇ ਦੀ ਜਰੂਰਤ ਪੈ ਰਹੀ ਹੈ।

ਪੰਜਾਬ ਵਿੱਚ ਭਾਰੀ ਬਾਰਿਸ਼ ਕਾਰਨ ਹੋਏ ਹੜ੍ਹਾਂ ਨੇ ਖਡੂਰ ਸਾਹਿਬ ਹਲਕੇ ਦੇ ਲਗਭਗ 12 ਪਿੰਡਾਂ ਨੂੰ ਪ੍ਰਭਾਵਿਤ ਕੀਤਾ ਹੈ। ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਖੁਦ ਹਲਕੇ ਦੇ ਪਿੰਡਾਂ ਵਿੱਚ ਪਹੁੰਚ ਕੇ ਪੀੜਤ ਪਰਿਵਾਰਾਂ ਨੂੰ ਮਿਲ ਰਹੇ ਹਨ ਅਤੇ ਰਾਹਤ ਸਮੱਗਰੀ ਵੰਡ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਆਮ ਆਦਮੀ ਦੇ ਪੱਖ ਵਿੱਚ ਖੜ੍ਹੀ ਰਹਿੰਦੀ ਹੈ ਅਤੇ ਹੜ੍ਹ ਪੀੜਤਾਂ ਨੂੰ ਹਰ ਸੰਭਵ ਮਦਦ ਪ੍ਰਦਾਨ ਕੀਤੀ ਜਾ ਰਹੀ ਹੈ ।

ਵਿਧਾਇਕ ਲਾਲਪੁਰਾ ਨੇ ਕਿਹਾ, ÷ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਵਿੱਚ ਲੋਕਾਂ ਨੂੰ ਤੁਰੰਤ ਮਦਦ ਦੀ ਲੋੜ ਹੁੰਦੀ ਹੈ। ਪੰਜਾਬ ਸਰਕਾਰ ਨੇ ਹਮੇਸ਼ਾ ਆਪਣੇ ਵਾਅਦਿਆਂ ਅਨੁਸਾਰ ਜਨਤਾ ਦੀ ਸੇਵਾ ਕੀਤੀ ਹੈ ਅਤੇ ਅੱਜ ਵੀ ਅਸੀਂ ਪੀੜਤ ਪਰਿਵਾਰਾਂ ਨਾਲ ਹੀ ਖੜ੍ਹੇ ਹਾਂ।ਇਸ ਮੌਕੇ ਸ੍ਰੀ ਮਨਜਿੰਦਰ ਸਿੰਘ ਲਾਲਪੁਰਾ ਨੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਭਰੋਸਾ ਦਿਵਾਇਆ ਹੈ ਕਿ ਹੜ੍ਹਾਂ ਤੋਂ ਨੁਕਸਾਨ ਦੀ ਪੂਰੀ ਭਰਪਾਈ ਕੀਤੀ ਜਾਵੇਗੀ ਅਤੇ ਭਵਿੱਖ ਵਿੱਚ ਅਜਿਹੀਆਂ ਆਫ਼ਤਾਂ ਤੋਂ ਬਚਾਅ ਲਈ ਵੀ ਕੰਮ ਕੀਤਾ ਜਾਵੇਗਾ। ਇਸ ਸਮੇਂ ਉਨਾਂ ਦੇ ਨਾਲ ਚੇਅਰਮੈਨ ਪ੍ਰਭਜੋਤ ਕੌਰ ਜਿਲਾ ਯੋਜਨਾ ਬੋਰਡ ਮੋਹਾਲੀ , ਬਲਾਕ ਪ੍ਰਧਾਨ ਗੁਰਦਿਆਲ ਸਿੰਘ ਭੈਲ, ਬਲਾਕ ਪ੍ਰਧਾਨ ਪ੍ਰਭਜੀਤ ਸਿੰਘ ਤੁੜ, ਰਜਿੰਦਰ ਸਿੰਘ ਪੰਨੂ ਰੂੜੇ ਆਸਲ ਅਤੇ ਹਲਕਾ ਤਰਨ ਤਾਰਨ ਦੀ ਆਮ ਆਦਮੀ ਪਾਰਟੀ ਦੀ ਸਾਰੀ ਟੀਮ ਉਸ ਸਮੇਂ ਹਾਜ਼ਰ ਸਨ।

# ਸਿਖਲਾਈ ਸਫਲਤਾ ਪੂਰਵਕ ਪੂਰੀ ਕਰਨ ਤੇ ਸਿਖਿਆਰਥੀਆਂ ਨੂੰ 3500 ਰੁਪਏ ਵਜੀਫਾ ਵੀ ਦਿੱਤਾ ਜਾਵੇਗਾ

**ਤਰਨ ਤਾਰਨ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਕੈਬਨਿਟ ਮੰਤਰੀ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ, ਸ਼੍ਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਸ਼੍ਰੀ ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼੍ਰੀ ਵਰਿਆਮ ਸਿੰਘ ਡਿਪਟੀ ਡਾਇਰੈਕਟਰ ਡੇਅਰੀ ਤਰਨ ਤਾਰਨ ਦੀ ਰਹਿਨੁਮਾਈ ਹੇਠ ਦੋ ਹਫਤੇ ਦੀ ਡੇਅਰੀ ਸਿਖਲਾਈ ਕੇਵਲ ਐਸ. ਸੀ. ਕੈਟਾਗਰੀ ਦੇ ਬੇਰੋਜਗਾਰ ਸਿਖਿਆਰਥੀਆਂ ਲਈ ਮਿਤੀ 15 ਸਤੰਬਰ 2025 ਤੋਂ ਡੇਅਰੀ ਟ੍ਰੇਨਿੰਗ ਸੈਂਟਰ, ਤਰਨ ਤਾਰਨ ਵਿਖੇ ਸ਼ੁਰੂ ਹੋਣ ਜਾ ਰਹੀ ਹੈ।

ਜਿਸ ਲਈ ਸਿਖਿਆਰਥੀਆਂ ਦੀ ਕਾਉਂਸਲਿੰਗ 08 ਸਤੰਬਰ 2025 ਨੂੰ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਤਰਨ ਤਾਰਨ ਵਿਖੇ ਕੀਤੀ ਜਾਣੀ ਹੈ । ਇਸ ਸਿਖਲਾਈ ਦੀ ਯੋਗਤਾ ਪੰਜਵੀ ਪਾਸ ਰੱਖੀ ਗਈ ਹੈ, ਸਿਖਿਆਰਥੀ ਦੀ ਉਮਰ 18 ਤੋਂ 55 ਸਾਲ ਦੇ ਦਰਮਿਆਨ ਹੋਵੇ ਅਤੇ ਸਿਖਿਆਰਥੀ ਪੇਂਡੂ ਇਲਾਕੇ ਦਾ ਵਸਨੀਕ ਹੋਵੇ ਅਤੇ ਸਿਖਿਆਰਥੀ ਕੋਲ ਪਸ਼ੂ ਰੱਖਣ ਲਈ ਜਗਾਂ ਦਾ ਯੋਗ ਪ੍ਰਬੰਧ ਅਤੇ ਚਾਰੇ ਦਾ ਪ੍ਰਬੰਧ ਹੋਵੇ ਅਤੇ ਨਾਲ ਹੀ ਸਿਖਿਆਰਥੀ ਦਾ ਬੈਂਕ ਖਾਤਾ ਜੋ ਕਿ ਚਾਲੂ ਹੋਣਾ ਜਰੂਰੀ ਹੈ । ਇਹ ਸਿਖਲਾਈ ਬਿਲਕੁੱਲ ਹੀ ਮੁਫਤ ਕਰਵਾਈ ਜਾ ਰਹੀ ਹੈ ਅਤੇ ਸਿਖਲਾਈ ਸਫਲਤਾ ਪੂਰਵਕ ਪੂਰੀ ਕਰਨ ਤੇ ਸਿਖਿਆਰਥੀਆਂ ਨੂੰ 3500 ਰੁਪਏ ਵਜੀਫਾ ਵੀ ਦਿੱਤਾ ਜਾ ਰਿਹਾ ਹੈ ।

ਟ੍ਰੇਨਿੰਗ ਵਿੱਚ ਸਿਖਿਆਰਥੀਆਂ ਨੂੰ ਦੁਧਾਰੂ ਪਸ਼ੂਆਂ ਦੀਆਂ ਨਸਲਾਂ, ਖਾਦ-ਖੁਰਾਕ ਅਤੇ ਪਸ਼ੂਆਂ ਦੀ ਸਾਂਭ ਸੰਭਾਲ ਦੀ ਜਾਣਕਾਰੀ ਦਿੱਤੀ ਜਾਵੇਗੀ । ਚਾਹਵਾਨ ਸਿਖਿਆਰਥੀ (ਅਸਲ ਅਤੇ ਫੋਟੋ ਕਾਪੀਆਂ) ਪੜਾਈ ਦਾ ਸਰਟੀਫਿਕੇਟ, ਅਧਾਰ ਕਾਰਡ, ਪਾਸਪੋਰਟ ਸਾਈਜ ਫੋਟੋ ਅਤੇ ਅਨੁਸੂਚਿਤ ਜਾਤੀ ਸਰਟੀਫਿਕੇਟ ਅਤੇ ਬੈਂਕ ਪਾਸਬੁੱਕ ਦੀ ਫੋਟੋ ਕਾਪੀ ਨਾਲ ਲੈ ਕੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਤਰਨ ਤਾਰਨ ਨਾਲ ਸੰਪਰਕ ਕਰ ਸਕਦੇ ਹਨ ।

ਟ੍ਰੇਨਿੰਗ ਕਰਨ ਉਪਰੰਤ ਸਿਖਿਆਰਥੀਆਂ ਨੂੰ ਬੈਂਕਾਂ ਤੋਂ ਸਸਤੀਆ ਦਰਾਂ ਤੇ ਕਰਜਾ ਮੁਹੱਈਆ ਕਰਵਾਇਆ ਜਾਵੇਗਾ ਅਤੇ ਸਰਕਾਰ ਵੱਲੋਂ ਦੁਧਾਰੂ ਪਸ਼ੂਆਂ ਦੀ ਖਰੀਦ ਤੇ 33% ਸਬਸਿਡੀ ਵੀ ਮੁਹੱਈਆਂ ਕਰਵਾਈ ਜਾਵੇਗੀ ।

# ਮਾਨਵਤਾ ਦੀ ਸਭ ਤੋਂ ਵੱਡੀ ਸੇਵਾ ਨਿਸ਼ਕਾਮ ਦਾਨ : ਡੀਸੀ ਰਾਜੇਸ਼ ਧੀਮਾਨ



**ਬਠਿੰਡਾ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸੰਸਾਰ 'ਤੇ ਜੇਕਰ ਨਜ਼ਰ ਮਾਰੀ ਜਾਵੇ ਤਾਂ ਮਾਨਵਤਾ ਦੀ ਸਭ ਤੋਂ ਵੱਡੀ ਸੇਵਾ ਨਿਸ਼ਕਾਮ ਦਾਨ ਹੈ।

ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਡੀਸੀ ਸ੍ਰੀ ਰਾਜੇਸ਼ ਧੀਮਾਨ ਨੇ ਜ਼ਿਲ੍ਹੇ ਦੇ ਪਿੰਡ ਤੁੰਗਵਾਲੀ ਦੀ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਾਂਝੇ ਉਦਮ ਸਦਕਾ ਹੜ੍ਹ ਪੀੜਤ ਖੇਤਰਾਂ ਦੇ ਲੋਕਾਂ ਦੀ ਮਦਦ ਲਈ 8 ਟਰਾਲੀਆਂ ਨੂੰ ਰਵਾਨਾ ਕਰਨ ਉਪਰੰਤ ਕੀਤਾ। ਰਵਾਨਾ ਕੀਤੀਆਂ ਟਰਾਲੀਆਂ ਵਿੱਚ ਪਸ਼ੂਆਂ ਦੀ ਖੁਰਾਕ ਲਈ 2 ਟਰਾਲੀਆਂ ਤੂੜੀ ਦੀਆਂ, 1 ਟਰਾਲੀ ਮੱਕੀ ਦੇ ਆਚਾਰ ਦੀ, 1 ਟਰਾਲੀ ਦਾਣੇ ਚੌਕਰ ਦੀ, 35 ਕੁਆਇੰਟਲ ਆਟੇ ਤੋਂ ਇਲਾਵਾ ਬਾਕੀ ਰਾਸ਼ਨ ਕਿੱਟਾਂ ਆਦਿ ਸ਼ਾਮਲ ਸਨ।

ਇਸ ਮੌਕੇ ਡੀਸੀ ਨੇ ਨਗਰ ਨਿਵਾਸੀਆਂ ਅਤੇ ਸਮੂਹ ਗ੍ਰਾਮ ਪੰਚਾਇਤ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਨੇਕ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ।

ਇਸ ਦੌਰਾਨ ਡੀਸੀ ਨੂੰ ਵਿਸ਼ਵਾਸ਼ ਦਿਵਾਉਂਦਿਆਂ ਕਿਹਾ ਕਿ ਪਿੰਡ ਵਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਦੀ ਸਹਾਇਤਾ ਲਈ ਲੋੜ ਅਨੁਸਾਰ ਭਵਿੱਖ ਵਿੱਚ ਹਰ ਸੰਭਵ ਮਦਦ ਕੀਤੀ ਜਾਵੇਗੀ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਆਮ ਲੋਕਾਂ ਨੂੰ ਵੀ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਮਦਦ ਲਈ ਸੁੱਕੇ ਰਾਸ਼ਨ, ਪੀਣ ਵਾਲੇ ਪਾਣੀ ਅਤੇ ਤਰਪਾਲਾਂ ਤੋਂ ਇਲਾਵਾ ਪਸ਼ੂਆਂ ਲਈ ਚਾਰੇ ਆਦਿ ਦੀ ਸੇਵਾ ਲਈ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ।

# ਮਨੁੱਖਤਾ ਨੂੰ ਸੇਧ ਦਿੰਦੇ ਨੇ ਸਾਹਿਤ ਤੇ ਕਾਨੂੰਨ

## ਮੋਹਨ ਲਾਲ ਫਿਲੌਰੀਆ

ਰੂਬਰੂ



• ਹਰਮੀਤ ਸਿੰਘ ਅਟਵਾਲ
98155-05287

**ਚੰਡੀਗੜ੍ਹ ਦੀ ਸੀਬੀਆਈ ਅਦਾਲਤ ਨੇ ਇਕ ਪੁਲਿਸ ਅਫਸਰ ਨੂੰ ਰਿਸ਼ਵਤ ਦੇ ਕੇਸ ਵਿਚ 3 ਸਾਲ ਦੀ ਸਜ਼ਾ ਸੁਣਾਉਣ ਤੋਂ ਪਹਿਲਾਂ ਦੋਸ਼ੀ ਨੂੰ ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ 'ਨਮਕ ਕਾ ਦਰੋਗਾ' ਸੁਣਾਈ। ਇਹ ਹੈ ਮੁਨਸ਼ੀ ਪ੍ਰੇਮ ਚੰਦ ਦੀਆਂ ਕਹਾਣੀਆਂ ਦੀ ਅਮੀਰੀ ...**

ਕਹਾਣੀਆਂ ਲਿਖਦਾ-ਲਿਖਦਾ ਮੋਹਨ ਲਾਲ ਫਿਲੌਰੀਆ ਵਕੀਲ ਬਣ ਗਿਆ। ਇਸ ਸਮੇਂ ਜਲੰਧਰ ਦੀ ਕਚਹਿਰੀ 'ਚ ਵਕਾਲਤ ਕਰਦਾ ਹੈ। ਪੰਜਾਬੀ 'ਚ ਉਸ ਦੇ ਪੰਜ ਕਹਾਣੀ ਸੰਗ੍ਰਹਿ- 'ਸਰਕਾਰੀ ਵਰਦੀ', 'ਲਾਗੀ', 'ਮਿੱਟੀ ਦਾ ਬੋਝ', 'ਮੋਚੀ ਦਾ ਪੁੱਤ' ਅਤੇ 'ਕੱਚਾ ਮਾਸ' ਛਪ ਚੁੱਕੇ ਹਨ। ਕਹਾਣੀਆਂ ਦੀ ਇਕ ਪੁਸਤਕ 'ਮੋਚੀ ਕਾ ਬੇਟਾ' ਹਿੰਦੀ 'ਚ ਵੀ ਅਨੁਵਾਦ ਹੋ ਕੇ ਛਪੀ ਹੈ। ਕਹਾਣੀ 'ਮੋਚੀ ਦਾ ਪੁੱਤ' 'ਤੇ ਭਾਅ ਜੀ ਗੁਰਸ਼ਰਨ ਸਿੰਘ ਨਾਟਕ ਖੇਡਦੇ ਰਹੇ। ਅਜੇ ਵੀ ਪ੍ਰਗਤੀ ਕਲਾ ਕੇਂਦਰ ਲਾਂਦੜਾ ਵਾਲੇ ਕਹਾਣੀ 'ਮੋਚੀ ਦਾ ਪੁੱਤ' 'ਤੇ ਨਾਟਕ ਖੇਡਦੇ ਹਨ। ਉਨ੍ਹਾਂ ਨੇ ਇਸ ਕਹਾਣੀ 'ਤੇ ਅਧਾਰਤ ਟੈਲੀ ਫਿਲਮ ਵੀ ਬਣਾਈ ਜਿਹੜੀ ਕਿ ਦੇਸ਼ ਵਿਦੇਸ਼ 'ਚ ਸਲਾਹੀ ਗਈ। ਉਨ੍ਹਾਂ ਨੂੰ ਕਚਹਿਰੀ 'ਚ ਮਿਲਣ ਗਏ ਤਾਂ ਉਹ ਕੋਰਟ ਦੇ ਬਾਹਰ ਇਕ ਬੋਹੜ ਦੇ ਦਰਖ਼ਤ ਥੱਲੇ ਬੈਠੇ ਹਵਾ ਖਾ ਰਹੇ ਸਨ। ਬੋਹੜ ਦੇ ਨਾਲ ਇਕ ਪਿੱਪਲ ਦਾ ਦਰੱਖ਼ਤ ਵੀ ਹੈ।

ਪਹਿਲਾਂ ਚੁੱਪ ਰਹੇ ਫਿਰ ਬੋਲੇ ਕਿ ਸੁਣਦੇ ਹਾਂ ਮਹਾਤਮਾ ਬੁਧ ਨੂੰ ਬੋਹੜ ਦੇ ਪੇੜ ਥੱਲੇ ਗਿਆਨ ਹੋਇਆ ਸੀ ਸ਼ਾਇਦ ਏਥੋਂ ਗਿਆਨ ਮੈਨੂੰ ਵੀ ਮਿਲ ਜਾਵੇ। ਦੂਸਰਾ ਆਹ ਪਿੱਪਲ ਦਾ ਦਰੱਖ਼ਤ ਬਹੁਤ ਸਾਫ਼ ਸੁਥਰੀ ਹਵਾ ਦਿੰਦਾ ਹੈ। ਤੀਸਰਾ ਔਹ ਦੇਖੋ ਦੁਨੀਆ ਤੁਰੀ ਜਾਂਦੀ ਹੈ ਅਦਾਲਤਾਂ ਵੱਲ ਨੂੰ। ਔਰਤਾਂ, ਮਰਦ, ਕੁੜੀਆਂ, ਮੁੰਡੇ, ਪੁਲਸੀਏ ਦੌੜੇ ਜਾ ਰਹੇ ਹਨ। ਅੰਦਰ ਆਵਾਜ਼ਾਂ ਪੈ ਰਹੀਆਂ ਹਨ- ਮੈਂ ਬਨਾਮ ਤੂੰ- ਤੂੰ ਬਨਾਮ ਮੈਂ- ਪਿਓ-ਪੁੱਤ ਦੇ ਝਗੜੇ ਹਨ। ਭਰਾਵਾਂ-ਭਰਾਵਾਂ ਅਤੇ ਭੈਣਾਂ-ਭੈਣਾਂ ਦੇ ਝਗੜੇ ਹਨ। ਚਿੱਟੇ ਦਾ ਰੌਲ਼ਾ ਹੈ ਕਾਲੇ ਦਾ ਰੌਲ਼ਾ ਹੈ - ਜਾਤਾਂ ਪਾਤਾਂ ਦੇ ਝਗੜੇ ਹਨ। ਪੇਸ਼ ਹੈ ਉਨ੍ਹਾਂ ਨਾਲ ਹੋਈ ਗੱਲਬਾਤ :

- **ਇਹ ਵਕੀਲ ਬਣਨ ਦਾ ਸਬੱਬ ਕਿਵੇਂ ਬਣਿਆ?**

ਇਹ ਵੀ ਅਜੀਬ ਇਤਫਾਕ ਹੈ। ਮੈਂ ਸੱਤ ਜਗ੍ਹਾ 'ਤੇ 40 ਸਾਲ ਨੌਕਰੀ ਕਰ ਕੇ ਰਿਟਾਇਰ ਹੋ ਕੇ 60 ਸਾਲ ਦੀ ਉਮਰ 'ਚ ਵਕੀਲ ਬਣਿਆ। ਵਕੀਲ ਬਣਨ ਤੋਂ ਪਹਿਲਾਂ ਮੈਂ ਬੈਂਕ ਦਾ ਮੈਨੇਜਰ ਸੀ। ਮੈਨੇਜਰ ਤੋਂ ਪਹਿਲਾਂ ਮੈਂ ਪੰਜਾਬ ਸਰਕਾਰ ਦਾ ਬਾਬੂ (ਕਲਰਕ) ਸੀ। ਕਲਰਕ ਬਣਨ ਤੋਂ ਪਹਿਲਾਂ ਪਿੰਡ 'ਚ ਦਿਹਾੜੀਦਾਰ ਮਜ਼ਦੂਰ ਸੀ। ਜਿੱਥੇ ਮੇਰੇ ਪਰਿਵਾਰ ਦੇ ਮੈਂਬਰ ਅਜੇ ਵੀ ਦਿਹਾੜੀ ਲਾਉਣ 'ਚ ਫਸੇ ਹੋਏ ਹਨ।

- **ਵਕੀਲ ਬਣਨ ਲਈ ਤਾਂ ਕੋਰਸ ਕਰਨਾ ਪੈਂਦਾ ਹੈ?**

ਹਾਂ ਵਕੀਲ ਬਣਨ ਲਈ ਪੜ੍ਹਾਈ ਤਾਂ ਕਰਨੀ ਪੈਂਦੀ ਹੈ। ਮੇਰੀ ਪੜ੍ਹਾਈ ਦੀ ਕਹਾਣੀ ਅਲੱਗ ਹੈ। ਮੇਰੇ ਘਰ 'ਚੋਂ ਨਾ ਪਹਿਲਾਂ ਤੇ ਨਾ ਬਾਅਦ 'ਚ ਕੋਈ ਪੜ੍ਹਿਆ। ਮੈਂ ਨੂਰਮਹਿਲ ਤੋਂ 1966 'ਚ ਦਸਵੀਂ ਪਾਸ ਕੀਤੀ, ਦੋ ਸਾਲ ਫਗਵਾੜੇ ਕਾਲਜ 'ਚ ਪੜ੍ਹਿਆ। ਬੀ.ਏ. ਕਰਦਾ ਸੀ ਚੰਡੀਗੜ੍ਹ ਨੌਕਰੀ ਮਿਲ ਗਈ। ਕਿਸੇ ਟੀਚਰ ਨੇ ਸਲਾਹ ਦਿੱਤੀ ਦੌੜ ਜਾ। ਮੈਂ ਉੱਥੇ ਜਾ ਕੇ ਯੂਨੀਵਰਸਿਟੀ ਈਵਨਿੰਗ ਕਾਲਜ 'ਚੋਂ ਪਹਿਲਾਂ ਬੀਏ ਕੀਤੀ ਫਿਰ ਐੱਲਐੱਲਬੀ ਫਿਰ ਪਰਸੋਨਲ ਮੈਨੇਜਮੈਂਟ ਪੰਜਾਬੀ ਦੀ ਐੱਮਏ ਕੀਤੀ। ਐੱਲਐੱਲਬੀ ਈਵਨਿੰਗ ਕਾਲਜ ਤੋਂ ਕੀਤੀ। 1977 'ਚ ਬੈਂਕ 'ਚ ਅਫ਼ਸਰ ਭਰਤੀ ਹੋ ਗਿਆ ਨਹੀਂ ਤਾਂ ਮੈਂ ਉਦੋਂ 'ਚ ਹੀ ਵਕੀਲ ਬਣ ਜਾਣਾ ਸੀ। ਇਕ ਗੱਲ ਹੋਰ ਮੈਂ 59 ਸਾਲ ਦੀ ਉਮਰ 'ਚ ਪੰਜਾਬੀ 'ਵਰਸਿਟੀ ਪਟਿਆਲਾ ਤੋਂ ਐੱਮਏ ਜਰਨਲਿਜ਼ਮ ਵੀ ਕੀਤੀ।

- **ਸਾਹਿਤ ਵੱਲ ਝੁਕਾਅ ਕਿਵੇਂ ਬਣਿਆ?**

ਅਸਲ 'ਚ ਕੁਝ ਪਤਾ ਹੀ ਨਹੀਂ ਸੀ - ਅਸੀ ਕਿਥੇ ਜਾਣਾ - ਕਿਵੇਂ ਜਾਣਾ - ਕਿਉਂ ਜਾਣਾ। ਘਰ 'ਚ ਮੱਝ ਹੁੰਦੀ ਜਾਂ ਪਿੱਛੇ ਕੋਈ ਕਟੜੂ ਦੋ ਵੇਲੇ ਰੰਬਾ ਲੈ ਕੇ ਘਾਹ ਖੋਤਣ ਜਾਣਾ। ਓਹੀ ਰੰਬਾ ਅੱਗੋਂ ਨਿਆਣਿਆਂ ਦੇ ਹੱਥ ਤੇ ਅੱਗੋਂ ਅਗਲੀ ਪੀੜ੍ਹੀ। ਫਗਵਾੜੇ ਪੜ੍ਹਨ ਲੱਗੇ ਤਾਂ ਕਾਲਜ ਦੇ ਅੱਗੇ ਵਿਦਿਆਰਥੀ ਜਥੇਬੰਦੀਆਂ ਨਾਹਰੇ ਮਾਰਦੀਆਂ ਹੋਣੀਆਂ। ਗੰਨੇ ਵਾਲੀ ਮਿੱਲ ਦੇ ਬਾਹਰ ਕਿਸਾਨ ਯੂਨੀਅਨ ਵਾਲੇ, ਕੱਪੜੇ ਵਾਲੀ ਮਿੱਲ ਦੇ ਬਾਹਰ ਮਜ਼ਦੂਰ ਯੂਨੀਅਨ ਵਾਲੇ ਨਾਹਰੇ ਮਾਰਦੇ ਹੋਣੇ। ਫਿਰ ਇਕ ਦਿਨ ਕੱਪੜੇ ਵਾਲੀ ਮਿੱਲ ਦੇ ਬਾਹਰ ਧਰਨੇ 'ਤੇ ਬੈਠੇ ਮਜ਼ਦੂਰਾਂ ਤੇ ਪਾਰਸਲ ਕੀਤੇ ਬੰਬ ਫਟੇ। ਚਾਰ ਮਜ਼ਦੂਰ ਮਰ ਗਏ ਕੁਝ ਫੱਟੜ ਹੋਏ। ਇਹ ਘਟਨਾ ਨੇੜੇ ਤੋਂ ਦੇਖੀ। ਮਨ ਵਲੂੰਧਰਿਆ ਗਿਆ। ਇਹੋ ਜਿਹੀਆਂ ਘਟਨਾਵਾਂ ਅਕਸਰ ਵਾਪਰਦੀਆਂ ਸਨ। ਵਧੀਕੀਆਂ ਹੁੰਦੀਆਂ ਦੇਖੀਆਂ, ਪੜ੍ਹੀਆਂ, ਸੁਣੀਆਂ। ਇੰਜ ਵਧੀਕੀਆਂ ਕਰਨ ਵਾਲੇ ਬੁਰੇ ਲੱਗਣ ਲੱਗੇ। ਜਿਨ੍ਹਾਂ ਨਾਲ ਹੋ ਰਹੀਆਂ ਸੀ ਉਹ ਆਪਣੇ ਲੱਗਣ ਲੱਗੇ। ਇਹ ਗੱਲਾਂ ਪੇਸ਼ ਕਰਨ ਵਾਲਾ ਸਾਹਿਤ ਚੰਗਾ ਲੱਗਦਾ ਤੇ ਮਨ ਕਰਦਾ ਇਹੋ ਜਿਹਾ ਲਿਖਿਆ ਵੀ ਜਾਵੇ।

- **ਚੰਡੀਗੜ੍ਹ ਉਦੋਂ ਕਿਹੋ ਜਿਹਾ ਸੀ?**

1969 'ਚ ਚੰਡੀਗੜ੍ਹ ਨੌਕਰੀ ਲੱਗੀ ਸੀ। ਸਤਾਰਾਂ ਸੈਕਟਰ 'ਚ ਦਫ਼ਤਰ ਸੀ। ਇਕ ਦਿਨ 17 ਸੈਕਟਰ 'ਚ ਸ਼ਿਵ ਕੁਮਾਰ ਬਟਾਲਵੀ ਖੜ੍ਹਾ ਦੇਖਿਆ ਉਦੋਂ ਉਹਦੀ ਚੜ੍ਹਤ ਸੀ। ਉਹ ਐੱਸਬੀਆਈ 'ਚ ਨੌਕਰੀ ਕਰਦਾ ਸੀ। ਚੰਡੀਗੜ੍ਹ ਅਜੇ ਬਣਦਾ ਸੀ। ਵੱਡੀਆਂ-ਵੱਡੀਆਂ ਸਾਹਿਤਕ ਤੇ ਸਿਆਸੀ ਸ਼ਖ਼ਸੀਅਤਾਂ ਦੇਖੀਆਂ। ਵੱਡੇ-ਵੱਡੇ ਅਫ਼ਸਰ ਦੇਖੇ। ਪਰ ਇਨ੍ਹਾਂ ਨੂੰ ਦੇਖਣ ਤੋਂ ਬਾਅਦ ਦਿਲ ਦਿਮਾਗ਼ 'ਚ ਘਟੀਆਪਣ ਦਾ ਮਹਿਸੂਸ ਹੋਣਾ ਜੇ ਕੁਝ ਕੀਤਾ ਵੀ ਹੋਣਾ ਤਾਂ ਹਿੰਮਤ ਨਾ ਪੈਣੀ ਕਿ ਪ੍ਰਗਟ ਕਰ ਸਕੀਏ।

- **ਪੰਜਾਬ ਤੋਂ ਬਾਹਰ ਕਿੱਥੇ-ਕਿੱਥੇ ਰਹੇ?**

ਚੰਡੀਗੜ੍ਹ ਰਹਿ ਕੇ ਨੌਕਰੀ ਕੀਤੀ, ਪੜ੍ਹਾਈ ਕੀਤੀ, ਦਫ਼ਤਰਾਂ 'ਚ ਜਾਤੀ ਅਧਾਰਤ ਵਿਤਕਰਾ ਬਰਦਾਸ਼ਤ ਕੀਤਾ। ਵਿਜਯਾ ਬੈਂਕ 'ਚ ਨੌਕਰੀ ਬੰਗਲੌਰ ਲੱਗੀ। ਛੇ ਮਹੀਨੇ ਕੱਟੇ। ਦੂਰ ਸੀ। ਭਾਸ਼ਾ ਦੀ ਵੀ ਸਮੱਸਿਆ, ਦੂਸਰਾ ਦੇਸ਼ ਲੱਗਦਾ ਸੀ। ਦਿੱਲੀ ਤੋਂ ਲਖਨਊ, ਫਿਰ ਬਨਾਰਸ, ਫਿਰ ਜਲੰਧਰ, ਫਿਰ ਜਲੰਧਰ ਤੋਂ ਜਬਲਪੁਰ, ਭੋਪਾਲ, ਫਿਰ ਲਖਨਊ। ਬਨਾਰਸ ਤੇ ਚੰਡੀਗੜ੍ਹ ਘੁੰਮਦੇ ਰਹੇ। ਏਸੇ ਦੌਰਾਨ ਬੰਬਈ-ਕਲਕੱਤੇ ਵੀ ਆਉਣ ਜਾਣ ਬਣਿਆ ਰਿਹਾ। ਪੂਰਾ ਭਾਰਤ ਦੇਖ ਹੋ ਗਿਆ।

- **ਪੰਜਾਬ 'ਚ ਜਾਤ ਪਾਤ ਦੀ ਸਮੱਸਿਆ ਘੱਟ ਹੈ ਬਾਹਰ ਜ਼ਿਆਦਾ?**

ਨਹੀਂ ਅਜਿਹਾ ਨਹੀਂ। ਜਾਤ ਪਾਤ ਦੀ ਸਮੱਸਿਆ ਨਾ ਪੰਜਾਬ 'ਚ ਘੱਟ ਹੈ ਨਾ ਬਾਹਰ ਜ਼ਿਆਦਾ ਹੈ ਹਰ ਜਗ੍ਹਾ ਹੈ। ਜੇ ਬੰਦਾ ਸਪਸ਼ਟ ਹੋ ਕੇ ਰਹਿੰਦਾ ਹੈ ਤਾਂ ਕੋਈ ਸਮੱਸਿਆ ਨਹੀਂ। ਜੇ ਕੁੰਗੜ ਕੇ ਰਹੇਗਾ ਤਾਂ ਜਾਤ ਖਾ ਜਾਏਗੀ। ਹੁਣ ਝਾੜੂ ਦੇਣ ਵਾਲੇ ਨੂੰ ਉੱਚੀ ਜਾਤ ਵਾਲਾ ਕੋਈ ਕੁਝ ਨਹੀਂ ਕਹਿੰਦਾ। ਹਾਂ ਜੇ ਝਾੜੂ ਦੇਣ ਵਾਲੇ ਦੇ ਪਰਿਵਾਰ 'ਚੋਂ ਕਿਸੇ ਦਫ਼ਤਰ 'ਚ ਕਿਤੇ ਨੌਕਰੀ ਲੱਗ ਜਾਵੇ ਤਾਂ ਉਸ ਗਰੀਬ ਨੂੰ ਉੱਚੀ ਜਾਤ ਖਾ ਜਾਏਗੀ। ਰਿਜ਼ਰਵੇਸ਼ਨ ਦੇ ਮਿਹਣੇ ਮਾਰੇ ਜਾਣਗੇ। ਜਾਂ ਇਹ ਵੀ ਹੈ ਕਿ ਛੋਟੀ ਜਾਤ ਵਾਲਾ ਆਪਣੀ ਕਲੋਨੀ ਛੱਡ ਕੇ ਵਧੀਆ ਕਲੋਨੀ 'ਚ ਰਹਿਣ ਦਾ ਉਪਰਾਲਾ ਕਰੂਗਾ ਤਾਂ ਉਸ ਨੂੰ ਕਠਿਨਾਈ ਹੋਵੇਗੀ। ਹਾਲ ਹੀ 'ਚ ਇਕ ਪਿੰਡ ਇਕ ਗੁਰਦੁਆਰੇ ਦਾ ਨਾਹਰਾ ਉਠਿਆ ਸੀ ਜੋ ਮੱਠਾ ਪੈ ਗਿਆ। ਹੋਰ ਤਾਂ ਹੋਰ ਸ਼ਮਸਾਨ ਭੂਮੀਆਂ ਵੀ ਇੱਕਠੀਆਂ ਨਹੀਂ ਹੋ ਸਕੀਆਂ।

- **ਭਾਰਤ 'ਚ ਰਿਜ਼ਰਵੇਸ਼ਨ ਵੀ ਜਾਤ ਪਾਤ ਖ਼ਤਮ ਨਹੀਂ ਕਰ ਸਕੀ?**

ਨਹੀਂ ਰਿਜ਼ਰਵੇਸ਼ਨ ਨਾਲ ਜਾਤ ਪਾਤ ਖ਼ਤਮ ਨਹੀਂ ਹੋ ਸਕੀ। ਡਾ. ਅੰਬੇਡਕਰ ਦੀ ਅਗਵਾਈ 'ਚ ਅੰਗਰੇਜ਼ਾਂ ਨਾਲ ਸਿੱਧਾ ਰਾਬਤਾ ਕਾਇਮ ਕਰ ਕੇ ਜਿਹੜਾ ਦਲਿਤ ਮੁਕਤੀ ਦਾ ਅੰਦੋਲਨ ਉਠਿਆ ਸੀ ਉਹ ਰਿਜ਼ਰਵੇਸ਼ਨ ਦੇ ਲਾਰੇ ਨਾਲ ਸ਼ਾਂਤ ਕਰ ਦਿੱਤਾ। ਸਮੱਸਿਆ ਜਿਓਂ ਦੀ ਤਿਓਂ ਖੜ੍ਹੀ ਹੈ।

- **ਜਾਤ ਪਾਤ ਦੀ ਸਮੱਸਿਆ ਦਾ ਹੱਲ ਕੀ ਹੈ?**

ਇਹ ਸਮੱਸਿਆ ਹੱਲ ਹੋ ਸਕਦੀ ਹੈ। ਸਰਕਾਰ ਦੀ ਨੀਯਤ ਸਾਫ਼ ਹੋਵੇ। ਜਿੰਨੇ ਵੀ ਕਾਨੂੰਨ ਬਣੇ ਹਨ ਉਹ ਲਾਗੂ ਕੀਤੇ ਜਾਣ। ਕਾਨੂੰਨ ਲਾਗੂ ਨਾ ਕੀਤੇ ਜਾਣ ਦੀ ਸੂਰਤ 'ਚ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ। ਸਿੱਖਿਆ ਮੁਫ਼ਤ ਦਿੱਤੀ ਜਾਵੇ ਅਤੇ ਇਕੋ ਜਿਹੀ ਦਿੱਤੀ ਜਾਵੇ। ਇੰਗਲਿਸ਼ ਮੀਡੀਆ ਦੇ ਸਕੂਲ ਬੰਦ ਕੀਤੇ ਜਾਣ। ਸਭ ਤੋਂ ਛੋਟੀਆਂ ਜਾਤਾਂ ਵਾਲੇ ਆਪਣੀ ਜਾਤ ਅਤੇ ਆਪਣੇ ਆਪ ਨੂੰ ਮਜ਼ਬੂਤ ਕਰਨ। ਤਕਨੀਕ ਦਾ ਯੁਗ ਹੈ। ਪਰੰਪਰਾ ਜਾਂ ਜਾਤ ਦਾ ਯੁਗ ਹੈ। ਸਾਹਿਤ ਇਸ ਵਿਚ ਬੜਾ ਯੋਗਦਾਨ ਪਾ ਸਕਦਾ ਹੈ।

- **ਜਾਤਪਾਤ ਦੇ ਖ਼ਾਤਮੇ ਲਈ ਸਾਹਿਤ ਆਪਣੀ ਭੂਮਿਕਾ ਕਿਵੇਂ ਨਿਭਾਅ ਸਕਦਾ ਹੈ?**

ਕਿਸੇ ਵੀ ਸਮੱਸਿਆ ਦੀ ਪੇਸ਼ਕਾਰੀ ਸਮੇਂ ਸਾਹਿਤਕਾਰ ਨੂੰ ਇਮਾਨਦਾਰ ਹੋਣਾ ਪਵੇਗਾ। ਭਗਤੀ ਲਹਿਰ ਦੇ ਮਹਾਨ ਬਾਣੀਕਾਰ ਪੰਦਰਵੀਂ ਸੋਲਵੀਂ ਸਦੀ ਦੇ ਨਾਇਕ ਸਤਿਗੁਰ ਕਬੀਰ, ਗੁਰੂ ਰਵਿਦਾਸ, ਭਗਤ ਨਾਮਦੇਵ ਤੇ ਹੋਰ ਮਹਾਂਪੁਰਸ਼ ਅੱਜ ਵੀ ਅਣਗੌਲੇ ਪਏ ਹਨ। ਅੱਜ ਦੇ ਯੁਗ ਦੀ ਗੱਲ ਛੱਡੋ ਦਲਿਤਾਂ ਬਾਰੇ ਗੱਲ ਕਰਨ ਵਾਲੇ ਸਾਡੇ ਆਧੁਨਿਕ ਯੁਗ ਵਿਚ ਵੀ ਅਣਗੌਲੇ ਪਏ ਹਨ। ਦਲਿਤ ਲੇਖਕਾਂ ਤੇ ਦਲਿਤ ਸਾਹਿਤਕਾਰ ਹੋਣ ਦਾ ਫੱਟਾ ਲੱਗ ਜਾਂਦਾ ਹੈ।

- **ਆਪਣੀ ਲਿਖਣ ਪ੍ਰਕਿਰਿਆ ਬਾਰੇ ਗੱਲ ਦੱਸੋ।**

ਮੈਂ ਜੋ ਦੇਖਦਾ ਹਾਂ ਲਿਖਦਾ ਹਾਂ। ਚੋਰਬਜ਼ਾਰੀ, ਰਿਸ਼ਵਤਖੋਰੀ- ਹਰਾਮਖੋਰੀ ਹਰ ਜਗ੍ਹਾ ਹੈ। ਪੈਸਾ ਪੈਸੇ ਦਾ ਮਿੱਤਰ ਜਾਤਾਂ ਤੋਂ ਵੀ ਉੱਪਰ ਉੱਚੀ ਜਾਤ ਤੇ ਨੀਵੀਂ ਜਾਤ ਦੇ ਬੰਦਿਆ ਦਾ ਇਕੋ ਗੋਲ ਹੈ- ਪੈਸਾ। ਇਸ ਪੈਸੇ ਦੀ ਦੌੜ ਨੇ ਕਈ ਲਹਿਰਾਂ ਠੰਢੀਆਂ ਕਰ ਦਿੱਤੀਆਂ ਹਨ। ਨਵੀਂ ਪੁਸਤਕ "ਕੱਚਾ ਮਾਸ" ਵਿਚ ਕਈ ਕਹਾਣੀਆਂ ਏਸੇ ਰੰਗ ਦੀਆਂ ਹਨ। ਇਕ ਦਿਨ ਦੇਖਿਆ ਕੋਈ ਬਾਹਰੀ ਬੰਦਾ ਕਿਸੇ ਕਚਹਿਰੀ ਦੇ ਸਟਾਫ਼ ਨੂੰ ਪੈਸੇ ਦੇ ਰਿਹਾ ਸੀ। ਦੋਵਾਂ ਦੇ ਹੱਥਾਂ 'ਤੇ ੧ੳ ਉਕਰਿਆ ਹੋਇਆ ਸੀ ' ਹੇ ਵਾਹਿਗੁਰੂ-' ਕਹਾਣੀ ਲਿਖੀ। ਲਿਖਣ ਲਈ ਜਦ ਰਚਨਾ ਬਾਹਰ ਆਵੇ ਜਦੋਂ ਸਮਾਂ ਮਿਲੇ ਲਿਖ ਲੈਂਦਾ ਹਾਂ।

- **ਸਾਹਿਤ ਅਤੇ ਕਾਨੂੰਨ ਦਾ ਆਪਸ ਵਿਚ ਸਬੰਧ?**

ਸਾਹਿਤ ਵੀ ਕਾਨੂੰਨ ਹੈ ਤੇ ਕਾਨੂੰਨ ਵੀ ਸਾਹਿਤ। ਦੋਵੇਂ ਮਨੁੱਖਤਾ ਨੂੰ ਸੇਧ ਦੇਂਦੇ ਹਨ। ਸਮੱਸਿਆ ਹੈ ਸਮੱਸਿਆ ਦਾ ਹੱਲ ਹੈ-ਗੁਨਾਹਗਾਰ ਲਈ ਸਜ਼ਾ ਹੈ-ਪਛਤਾਵਾ ਹੈ, ਪਸ਼ਚਾਤਾਪ ਹੈ ਜੇਕਰ ਸਾਹਿਤ ਉੱਚ ਦਰਜੇ ਦਾ ਹੈ ਅਤੇ ਟੁੰਬਦਾ ਹੈ ਤਾਂ ਕਾਨੂੰਨ ਜਿੰਨਾ ਹੀ ਅਸਰ ਕਰੇਗਾ। ਅਜੇ ਕੁਝ ਦਿਨ ਪੁਰਾਣੀ ਗੱਲ ਹੈ, ਚੰਡੀਗੜ੍ਹ ਦੀ ਸੀਬੀਆਈ ਅਦਾਲਤ ਨੇ ਇਕ ਪੁਲਿਸ ਅਫਸਰ ਨੂੰ ਰਿਸ਼ਵਤ ਦੇ ਕੇਸ ਵਿਚ 3 ਸਾਲ ਦੀ ਸਜ਼ਾ ਸੁਣਾਉਣ ਤੋਂ ਪਹਿਲਾਂ ਜੱਜ ਸਾਹਿਬ ਨੇ ਦੋਸ਼ੀ ਨੂੰ ਮੁਨਸ਼ੀ ਪ੍ਰੇਮ ਚੰਦ ਦੀ -'ਨਮਕ ਕਾ ਦਰੋਗਾ'- ਕਹਾਣੀ ਸੁਣਾਈ। ਮੁਨਸ਼ੀ ਪ੍ਰੇਮ ਚੰਦ ਨੂੰ ਉਨ੍ਹਾਂ ਦੀਆਂ ਰਚਨਾਵਾਂ ਕਰਕੇ ਯਾਦ ਕੀਤਾ ਜਾਂਦਾ ਹੈ। 'ਨਮਕ ਕਾ ਦਰੋਗਾ' ਕਹਾਣੀ ਨੇ ਜੱਜ ਨੂੰ ਪ੍ਰਭਾਵਤ ਕੀਤਾ ਜੱਜ ਨੇ ਅੱਗੇ ਫ਼ੈਸਲਾ ਸੁਣਾਇਆ।

- **ਕਚਹਿਰੀ ਨਾਲ ਸਬੰਧਤ ਸਾਹਿਤ**

ਕਚਹਿਰੀ ਨਾਲ ਸਬੰਧਤ ਸਾਹਿਤ ਖ਼ਬਰਾਂ ਦੇ ਰੂਪ ਵਿਚ ਮਿਲਦਾ ਹੈ। ਸੁਪਰੀਮ ਕੋਰਟ-ਹਾਈ ਕੋਰਟ ਦੇ ਫ਼ੈਸਲੇ ਛਪਦੇ ਹਨ। ਸਾਡੇ ਸਾਹਿਤ ਅਕਾਡਮੀ ਐਵਾਰਡ ਪ੍ਰਾਪਤ ਲੇਖਕ ਮਿਤਰ ਸੈਨ ਮੀਤ ਦੇ ਸਾਰੇ ਨਾਵਲ-ਕਹਾਣੀਆਂ ਕਚਹਿਰੀ ਅਤੇ ਨਿਆਂ ਪ੍ਰਣਾਲੀ ਨਾਲ ਸਬੰਧਤ ਹਨ। ਮਿੱਤਰ ਸੈਨ ਮੀਤ ਜ਼ਿਲ੍ਹਾ ਅਟਾਰਨੀ ਸਨ ਪਰ ਨਿੰਦਰ ਘੁਗਿਆਣਵੀ ਦੀਆਂ ਲਿਖਤਾਂ ਹੋਰ ਵੀ ਰੋਚਕ ਹਨ। ਉਹ ਵਧਾਈ ਦੇ ਹੱਕਦਾਰ ਹਨ।

> **ਪੁਸਤਕ 'ਕੱਚਾ ਮਾਸ' ਵਿਚਲੀਆਂ ਕਹਾਣੀਆਂ ਬਾਰੇ ਕੁਝ ਦੱਸੋ।**
>
> ਪੁਸਤਕ ਵਿਚਲੀਆਂ ਕਹਾਣੀਆਂ ਬਾਰੇ ਨਿਰਣਾ ਪਾਠਕਾਂ ਦੇ ਹੱਥ ਹੈ। ਸਾਡੀਆਂ ਕਚਹਿਰੀਆਂ ਨਿਆਂ ਕਰਦੀਆਂ ਹਨ ਕਿ ਨਹੀਂ ਫ਼ੈਸਲੇ ਜ਼ਰੂਰ ਕਰਦੀਆਂ ਹਨ। ਉਹ ਵੀ ਦੇਰੀ ਨਾਲ-ਤਰੀਕਾਂ 'ਤੇ ਤਰੀਕਾਂ। ਪਰੇਸ਼ਾਨ ਹੁੰਦੇ ਹਨ ਲੋਕ। ਦਰੱਖ਼ਤ ਵੀ ਕਹਿੰਦੇ ਬਿਰਧ ਹੋ ਗਏ ਫ਼ੈਸਲੇ ਸੁਣਦੇ-ਸੁਣਦੇ। ਫਿਰ ਵੀ ਗਵਾਹੀ ਅੱਗੇ ਤੁਰਦੀ ਹੈ।



---

*ਪੰਜਾਬ ਦੀ ਵੰਡ ਬੜੀ ਖ਼ਤਰਨਾਕ ਤੇ ਦਰਦਨਾਕ ਸੀ। ਅਸੀਂ ਹਿੰਦੂ, ਸਿੱਖ, ਮੁਸਲਿਮ ਆਦਿ ਸਦੀਆਂ ਤੋਂ ਇਕੱਠੇ ਰਹਿ ਰਹੇ ਸੀ। ਦੋਵਾਂ ਪਾਸਿਆਂ ਦੀ ਆਬਾਦੀ ਦਾ ਉਜਾੜਾ, ਤਬਾਦਲਾ ਤੇ ਕਤਲੋਗਾਰਤ ਬੜੀ ਅਜੀਬ ਲੱਗੀ...*

# ਸੁਭਿ ਅਮਲਾ ਬਾਝਹੁ ਦੋਨੋ ਰੋਈ

• ਡਾ. ਸਤਬੀਰ ਸਿੰਘ
98880-29401

(ਲੜੀ ਜੋੜਨ ਲਈ ਸੰਡੇ ਦਾ ਪਿਛਲਾ ਅੰਕ ਦੇਖੋ)

ਇਕ ਖੋਤੀ 'ਤੇ ਸਾਮਾਨ ਲੱਦੀ ਅਸੀ ਇਕ ਗੂੜ੍ਹੇ ਮਿੱਤਰ ਦਿਲ-ਮੁਹੰਮਦ ਦੀ ਅਗਵਾਈ ਵਿਚ ਹਿੰਦੋਸਤਾਨ ਵੱਲ ਵੱਧ ਰਹੇ ਸਾਂ। ਇਕ ਉੱਚੇ ਲੰਮੇ ਗੱਭਰੂ ਨੇ ਮੇਰੇ ਤਾਇਆ ਜੀ ਦੇ ਮੋਢੇ 'ਤੇ ਛਵੀ ਰੱਖ ਕੇ ਵਾਰ ਕਰਨਾ ਚਾਹਿਆ ਪਰ ਦਿਲ ਮੁਹੰਮਦ ਨੇ ਛਵੀ ਦੀ ਡਾਂਗ ਫੜ ਕੇ ਧਾੜਵੀਆਂ ਦੇ ਹਾੜ੍ਹੇ ਕੱਢਣੇ ਸ਼ੁਰੂ ਕਰ ਦਿੱਤੇ। ਧਾੜਵੀ ਕਹਿਣ ਕਿ ਇਹ ਕਾਫ਼ਰ ਨੇ। ਤੂੰ ਅੱਲਾ ਰਸੂਲ ਦਾ ਬੰਦਾ ਕਿਉਂ ਵਿਚ ਆਣ ਖਲੋਤਾ ਏਂ?' 'ਜਿਨ੍ਹਾਂ ਨੂੰ ਤੁਸੀ ਕਾਫ਼ਿਰ ਕਹਿ ਕੇ ਮਾਰਨ ਲੱਗੇ ਹੋ ਇਹ ਵੀ ਅੱਲ੍ਹਾ ਰਸੂਲ ਤਕ ਪਹੁੰਚੇ ਹੋਏ ਨੇ ਜੋ ਅੱਲ੍ਹਾ ਤਾਲਾ ਦੀ ਸਾਰੀ ਲੁਕਾਈ ਨੂੰ ਸਕੂਲ 'ਚ ਤਾਲੀਮ ਦਿੰਦੇ ਨੇ। ਇਹ ਮਾਸਟਰ ਮਿਹਰ ਸਿੰਘ ਹੈ ਜੋ ਗੁਰਦੁਆਰੇ ਵੀ ਜਾਂਦਾ ਏ ਤੇ ਸਾਡੇ ਨਾਲ ਮਸੀਤ 'ਚ ਨਮਾਜ ਵੀ ਪੜ੍ਹਨ ਜਾਂਦਾ ਹੈ। ਜਿਸ ਨੂੰ ਤੁਸੀ ਕਾਫ਼ਿਰ ਸਮਝ ਰਹੇ ਹੋ, ਉਹ ਬਾਬੇ ਨਾਨਕ ਤੇ ਹਜ਼ਰਤ ਮੁਹੰਮਦ ਦਾ ਸੱਚਾ ਪੈਰੋਕਾਰ ਏ। ਅੱਲ੍ਹਾ ਤਾਲਾ ਮਿਹਰ ਕਰੇਗਾ ਤੁਹਾਡੇ 'ਤੇ ਵੀ, ਇਨ੍ਹਾਂ 'ਤੇ ਵੀ।'

'ਇਨ੍ਹਾਂ ਮਾਸੂਮ ਲੋਕਾਂ 'ਤੇ ਖ਼ੈਰ ਮਿਹਰ ਕਰੋ।' ਹੰਝੂ ਕੇਰ ਕੇ ਦਿਲ ਮੁਹੰਮਦ ਦੀ ਗੱਲ ਸੁਣ ਕੇ ਧਾੜਵੀ ਦਾ ਦਿਲ ਪਸੀਜ ਗਿਆ ਤੇ ਉਸ ਨੇ ਤਾਇਆ ਜੀ ਦੇ ਮੋਢੇ ਤੋਂ ਛਵੀ ਚੁੱਕ ਲਈ ਤੇ ਪਰਿਵਾਰ ਨੂੰ ਅੱਗੇ ਵਧਣ ਦੀ ਆਗਿਆ ਦੇ ਦਿੱਤੀ। ਧਾਹਾਂ ਮਾਰ ਕੇ ਰੋਂਦੇ ਮੇਰੇ ਬਾਬਾ ਜੀ ਤੇ ਦਿਲ ਮੁਹੰਮਦ ਮੁੜ ਕਦੇ ਵੀ ਨਾ ਮਿਲਣ ਲਈ ਵਿਛੜ ਗਏ। ਪਰ ਸਮਾਂ ਬੜਾ ਬੀਤ ਗਿਆ ਏ। ਬੜਾ ਪਾਣੀ ਪੁਲ਼ਾਂ ਹੇਠੋਂ ਲੰਘ ਗਿਆ ਏ। ਅਜੇ ਵੀ ਵੇਲਾ ਮੁਹੱਬਤ ਦੇ ਖ਼ਜ਼ਾਨੇ ਲਕੋਈ ਬੈਠਾ ਏ। ਆਓ ਇਨ੍ਹਾਂ ਨੂੰ ਲੱਭੀਏ।

*ਅੰਮ੍ਰਿਤਾ ਠੀਕ ਲਿਖਦੀ ਏ-*
*ਜਿੱਥੇ ਵੱਜਦੀ ਸੀ ਫੂਕ ਪਿਆਰ ਦੀ,*
*ਉਹ ਵੰਝਲੀ ਗਈ ਗੁਆਚ।*

ਅਸੀ ਇਕ ਨਵੀ ਪੀੜ੍ਹੀ ਦੇ ਨੌਜਵਾਨ ਹਾਂ।

'ਕੌੜੀ ਯਾਦ ਵਤਨ ਦੀ'



ਮੈਨੂੰ ਮੁਹੰਮਦ ਰਫ਼ੀ ਦਾ 'ਉਸਤਾਦੋਂ ਕੇ ਉਸਤਾਦ' ਫਿਲਮ ਦਾ ਗਾਇਆ ਗੀਤ ਵੀ ਹਿੰਦ-ਪਾਕਿ ਰਿਸ਼ਤਿਆਂ ਲਈ ਢੁੱਕਵਾਂ ਲਗਦਾ ਏ।

*'ਸੌ ਬਾਰ ਜਨਮ ਲੇਂਗੇ, ਸੌ ਬਾਰ ਫਨਾਅ ਹੋਂਗੇ।*
*ਐ ਜਾਨੇ ਵਫ਼ਾ ਫਿਰ ਵੀ, ਹਮ ਤੁਮ ਨਾ ਜੁਦਾ ਹੋਂਗੇ।*
*ਰੇਸ਼ਮਾ ਵੀ ਮੇਰੇ ਕੰਨਾਂ 'ਚ ਗੂੰਜਦੀ ਰਹਿੰਦੀ ਏ,*
*ਸੱਜਣਾ ਬਾਝੋਂ ਹੋਇਆ ਹਨੇਰਾ,*
*ਹਾਇ ਓਏ ਰੱਬਾ ਨਹੀ ਲਗਦਾ ਦਿਲ ਮੇਰਾ।*

ਪਾਕਿਸਤਾਨੀ ਸ਼ਾਇਰ ਤਾਸਿਰੋਜ਼ਰ ਦੀ ਇਹ ਨਜ਼ਮ ਦੋਵਾਂ ਪਾਸਿਆਂ ਦੇ ਆਵਾਮ ਨੂੰ ਬੜਾ ਸਕੂਨ ਦਿੰਦੀ ਹੈ।

*ਜੜ੍ਹਾਂ ਸਲਾਮਤ ਨੇ...*
*ਅਸੀ ਆਂ ਆਪਣੇ ਆਪ 'ਤੇ*
*ਬੜਾ ਜ਼ੁਲਮ ਕੀਤਾ*
*ਆਪਣੀ ਹੱਥੀ*
*ਆਪਣੀਆਂ ਸ਼ਾਖ਼ਾਂ ਕੱਟੀਆਂ*
*ਕਰੂੰਬਲਾਂ ਵੱਢੀਆਂ*
*ਫੇਰ ਆਪਣੇ ਵਜੂਦ ਦੇ ਟੋਟੇ*
*ਚਾਰ ਚੁਫੇਰੇ ਖਿਲਾਰ ਦਿੱਤੇ*
*ਕਰੂੰਬਲਾਂ ਵੱਢ ਹੋਣ ਤੋਂ ਬਾਅਦ ਵੀ*
*ਜੜ੍ਹਾਂ ਸਲਾਮਤ ਨੇ*
*ਜੜ੍ਹਾਂ ਸਲਾਮਤ ਨੇ*
*ਉਸ ਧਰਤੀ 'ਚ*
*ਜ਼ਿੰਦੀ ਮਿੱਟੀ ਨੂੰ*
*ਪੰਜ ਪਾਣੀਆਂ ਨੇ ਗੁੰਨ੍ਹਿਆ ਏ।*
*(ਰਵੇਲ ਲਾਹੌਰ)*

ਜੜ੍ਹਾਂ ਸਲਾਮਤ ਨੇ ਤੇ ਮੇਰੇ ਵੀਰ ਆਵਾਨ! ਤੁਸੀ ਮਿੱਟੀ ਦਾ ਮੋਹ ਜ਼ਾਹਿਰ ਕੀਤਾ। ਜੜ੍ਹਾਂ ਸਲਾਮਤ ਨੇ ਤਾਂ ਮਾਧੋਪੁਰੀ ਜੀ ਤੇ ਤੁਸੀ ਮੈਨੂੰ ਕਈ ਫੋਨ ਕੀਤੇ। ਤਰਸ ਰਹੀ ਏ ਨਵੀ ਤੇ ਤੀਜੀ ਪੀੜ੍ਹੀ ਵੀ ਪਿਆਰੇ ਵਤਨ ਤੇ ਪਿਆਰੀ ਜੰਮਣ ਭੋਇੰ ਨੂੰ ਵੇਖਣ ਲਈ। ਮੈਂ ਤੇ ਮੇਰੇ ਪਾਪਾ ਵੀ ਟਾਂਡੇ ਕਿਲ੍ਹੇ 'ਤੇ ਮੋਟੇ ਦੀਆਂ ਹਲਟੀਆਂ ਤੇ ਹਵੇਲੀਆਂ ਵੇਖਣ ਨੂੰ ਤਰਸ ਰਹੇ ਹਾਂ। ਇੰਜ ਲਗਦਾ ਹੈ ਕਿ ਟਾਂਡੇ ਸਾਨੂੰ ਪਿਆਰ ਕਰਨ ਤੇ ਸਾਡੇ ਤੋਂ ਕੁਰਬਾਨ ਹੋਣ ਵਾਲਾ ਦਿਲ ਮੁਹੰਮਦ ਜ਼ਿੰਦਾ ਨਹੀ ਮਿਲੇਗਾ। ਉਸ ਦੇ ਪੁੱਤ-ਪੋਤਰੇ ਪਛਾਣਨ ਨਾ ਪਛਾਣਨ। ਮਨੁੱਖ ਦੀ ਪਛਾਣ ਧੁੰਦਲੀ ਪੈ ਜਾਂਦੀ ਏ, ਜਦੋਂ ਉਹ ਬਹੁਤ ਦੇਰ ਆਪਸੀ ਮੇਲ ਜੋਲ ਨਹੀ ਕਰ ਸਕਦਾ। ਮਾਂ-ਬੋਲੀ ਤੇ ਮਾਂ ਭੂਮੀ ਤੇ ਸਾਂਝੀ ਤਹਿਜ਼ੀਬ ਸਾਨੂੰ ਸਦਾ ਹੀ ਨੇੜੇ ਰੱਖਦੀਆਂ ਹਨ। ਸ਼ਾਇਰ ਉਸਤਾਦ ਦਾਮਨ ਦੇ ਲਫ਼ਜ਼ ਕਿੰਨੇ ਢੁੱਕਵੇਂ ਨੇ ਸਾਡੇ ਦੋਵਾਂ ਪਾਸਿਆਂ ਲਈ-

*ਜਾਗਣ ਵਾਲਿਆਂ ਰੱਜ ਕੇ ਲੁਟਿਆ ਏ,*
*ਸੋਏ ਤੁਸੀ ਵੀ ਓ ਸੋਏ ਅਸੀ ਵੀ ਆਂ।*
*ਲਾਲੀ ਅੱਖੀਆਂ ਦੀ ਪਈ ਦੱਸਦੀ ਏ*
*ਰੋਏ ਤੁਸੀ ਵੀ ਓ ਰੋਏ ਅਸੀ ਵੀ ਆਂ।*

ਆਮੀਨ!

---

# ਕੌਣ ਹਨ 'ਲੋਕੀਂ ਕੀ ਆਖਣਗੇ' ਵਾਲੇ ਲੋਕ ?

• ਅਵਤਾਰ ਸਿੰਘ ਸੌਂਜਾ
98784 29005

*ਇਨ੍ਹਾਂ ਲੋਕਾਂ ਦੀ ਪਛਾਣ ਇਸ ਗੱਲ ਤੋਂ ਕੀਤੀ ਜਾ ਸਕਦੀ ਹੈ ਕਿ ਇਹ ਪਤਾ ਹੁੰਦੇ ਹੋਏ ਵੀ ਕਦੇ ਆਪਣੀ ਗ਼ਲਤੀ ਨਹੀਂ ਮੰਨਦੇ। ਨਾ ਹੀ ਦੂਜੇ ਦੀ ਕੋਈ ਕਹੀ ਗੱਲ ਸਮਝਦੇ ਹਨ ਨਾ ਸੁਣਦੇ ਹਨ ਪਰ ਆਪਣੀ ਗੱਲ ਸਾਰਿਆਂ ਨੂੰ ਸੁਣਾਉਣਾ ਚਾਹੁੰਦੇ ਹਨ। ਸੋਚਦੇ ਹਨ ਕਿ ਮੈਂ ਤੇ ਸਿਰਫ਼ ਮੈਂ ਹੀ ਸਹੀ ਹਾਂ ...*



ਜਦੋਂ ਵੀ ਘਰ ਵਿਚ ਕੋਈ ਨਵਾਂ ਕੰਮ ਸ਼ੁਰੂ ਹੋਣ ਲਗਦਾ, ਛੋਟੇ ਹੁੰਦਿਆਂ ਤੋਂ ਹੀ ਅਕਸਰ ਘਰ ਵਿਚ ਆਪਣੇ ਬਜ਼ੁਰਗਾਂ ਤੋਂ ਜਾਂ ਸਕੇ ਸਬੰਧੀਆਂ, ਦੋਸਤਾਂ ਤੋਂ ਇਕ ਗੱਲ ਜੋ ਆਮ ਸੁਣਨ ਨੂੰ ਮਿਲਦੀ ਰਹੀ ਉਹ ਸੀ ਲੋਕੀ ਕੀ ਆਖਣਗੇ? ਬਚਪਨ ਤੋਂ ਲੈ ਕੇ ਹੁਣ ਤਕ ਇਹੀ ਸੋਚਦਾ ਰਿਹਾ ਕਿ ਆਖ਼ਰ ਇਹ ਲੋਕੀ ਕੌਣ ਹਨ?ਇਹ ਲੋਕ ਰਹਿੰਦੇ ਕਿੱਥੇ ਹਨ? ਇਹ ਕਹਿਣ, ਆਖਣ ਤੋਂ ਬਿਨਾਂ ਕੁੱਝ ਹੋਰ ਕਿਉਂ ਨਹੀਂ ਕਰਦੇ? ਕੀ ਇਹ ਕਹਿਣ,ਆਖਣ ਲਈ ਸਾਰਾ ਦਿਨ ਵਿਹਲੇ ਹੀ ਰਹਿੰਦੇ ਹਨ? ਹੌਲੀ-ਹੌਲੀ ਸਮਾਜ ਵਿਚ ਵਿਚਰੇ ਤਾਂ ਇਨ੍ਹਾਂ ਲੋਕਾਂ ਦੇ ਚਿਹਰੇ ਸਾਹਮਣੇ ਆਉਣ ਲੱਗੇ, ਜਿਨ੍ਹਾਂ ਨੂੰ ਬਚਪਨ ਤੋਂ ਲੱਭਦਾ ਰਿਹਾ,ਉਹ ਤਾਂ ਆਸੇ ਪਾਸੇ ਹੀ ਮਿਲ ਗਏ ਜਿਵੇਂ ਕਹਿੰਦੇ ਨੀ ਹੁੰਦੇ ਕਿ 'ਕੁੱਛੜ ਕੁੜੀ ਸ਼ਹਿਰ ਢੰਡੋਰਾ'। ਹੌਲੀ-ਹੌਲੀ ਇਨ੍ਹਾਂ ਦੇ ਹਾਵ ਭਾਵਾਂ ਬਾਰੇ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ, ਕਈ ਵਾਰ ਜਾਣ ਬੁੱਝ ਕੇ ਵੱਖ-ਵੱਖ ਹਾਲਾਤ ਵਿਚ ਇਨ੍ਹਾਂ ਨੂੰ ਪਰਖਿਆ ਫਿਰ ਕਿਤੇ ਜਾ ਕੇ ਇਨ੍ਹਾਂ ਲੋਕਾਂ ਦਾ ਕਾਰਜ ਖੇਤਰ ਤੇ ਇਹ ਕਿਸ ਤਰ੍ਹਾਂ ਸੋਚਦੇ ਹਨ, ਕਿਸ ਤਰ੍ਹਾਂ ਕੰਮ ਕਰਦੇ ਹਨ ਜਾਂ ਕਹਿ ਲਓ ਕਿਸ ਤਰ੍ਹਾਂ 'ਕਹਿੰਦੇ ਜਾਂ ਆਖਦੇ ਹਨ' ਜਿਵੇਂ ਆਮ ਤੌਰ 'ਤੇ ਕਿਹਾ ਜਾਂਦਾ ਕਿ ਲੋਕੀ ਕੀ ਕਹਿਣਗੇ? ਦੀ ਸਮਝ ਆਉਣ ਲੱਗੀ। ਜਿੰਨਾ ਕੁ ਇਨ੍ਹਾਂ ਬਾਰੇ ਜਾਣਿਆ ਉਸ ਅਨੁਸਾਰ ਇਹ ਲੋਕ ਆਮ ਤੌਰ 'ਤੇ ਤੁਹਾਡੇ ਆਲੇ-ਦੁਆਲੇ ਹੀ ਕਾਰਜ ਕਰਦੇ ਹਨ। ਇਨ੍ਹਾਂ ਦੀ ਕਾਰਜ ਸ਼ੈਲੀ ਦੇ ਆਧਾਰ 'ਤੇ ਇਨ੍ਹਾਂ ਦੀਆਂ ਕੁੱਝ ਵੱਖ-ਵੱਖ ਸ਼੍ਰੇਣੀਆਂ ਬਣਾਈਆਂ ਜਾ ਸਕਦੀਆਂ ਹਨ।

ਆਓ ਪਹਿਲੀ ਸ਼੍ਰੇਣੀ ਭਾਵ 'ਲੋਕੀ ਕੀ ਕਹਿਣਗੇ' ਵਾਲੇ ਲੋਕਾਂ ਦੀ ਪਹਿਲੀ ਵੰਨਗੀ ਬਾਰੇ ਗੱਲ ਕਰੀਏ। ਜੇ ਤੁਸੀਂ ਆਪਣੀ ਜ਼ਿੰਦਗੀ ਵਿਚ ਆਪਣੀ ਮਿਹਨਤ ਤੇ ਪਰਮਾਤਮਾ ਦੀ ਮਿਹਰ ਸਦਕਾ ਵਧੀਆ ਰੁਤਬਾ ਹਾਸਲ ਕਰ ਚੁੱਕੇ ਹੋ ਜਾਂ ਵਧੀਆ ਪੈਸਾ ਕਮਾ ਲਿਆ ਹੈ, ਤਾਂ ਇਹ ਲੋਕ ਤੁਹਾਡੇ ਆਸ ਪਾਸ ਪ੍ਰਗਟ ਹੁੰਦੇ ਹਨ ਅਤੇ ਇਨ੍ਹਾਂ ਨੂੰ ਇਸ ਗੱਲ ਦਾ ਬਹੁਤ ਜ਼ਿਆਦਾ ਸ਼ਿਕਵਾ ਰਹਿੰਦਾ ਹੈ ਕਿ ਆਖਿਰ ਇਹ ਸਭ ਕੁੱਝ ਤੁਹਾਨੂੰ ਹੀ ਕਿਉਂ ਮਿਲਿਆ? ਇਹ ਤੁਹਾਡੀ ਤਰੱਕੀ ਜਾਂ ਪੈਸੇ ਨੂੰ ਦੋ ਨੰਬਰ ਦਾ ਭਾਵ ਬਲੈਕ ਮਨੀ ਜਾਂ ਠੱਗੀਆਂ ਮਾਰ ਕੇ ਕਮਾਇਆ ਦੱਸਦੇ ਹਨ ਭਾਵੇਂ ਤੁਸੀਂ ਇਸ ਤਰੱਕੀ ਲਈ ਦਿਨ ਰਾਤ ਭੱਜ-ਦੌੜ,ਹੱਡ ਭੰਨਵੀਂ ਮਿਹਨਤ ਕਿਉਂ ਨਾ ਕੀਤੀ ਹੋਵੇ, ਉਹ ਸਭ ਇਨ੍ਹਾਂ ਦੀਆਂ ਨਜ਼ਰਾਂ ਜਾਂ ਸਮਝ ਤੋਂ ਪਰੇ ਹੁੰਦਾ ਹੈ। ਇਨ੍ਹਾਂ ਦਾ ਤੁਹਾਡੇ ਤੋਂ ਬਿਨਾਂ ਇਕ ਰੋਸਾ ਰੱਬ ਨਾਲ ਵੀ ਰਹਿੰਦਾ ਹੈ ਕਿ ਰੱਬਾ ਫਲਾਣੇ ਨੂੰ ਤੂੰ ਛੱਪਰ ਪਾੜ ਕੇ ਦਿੱਤਾ ਹੈ ਪਰ ਸਾਡੀ ਵਾਰੀ? ਇਹ ਦਿਨ-ਰਾਤ ਉਠਦੇ ਬੈਠਦੇ ਰੱਬ ਨੂੰ ਤੇ ਦੂਜਿਆਂ ਨੂੰ ਕੋਸਦੇ ਰਹਿੰਦੇ ਹਨ ਪਰ ਆਪ ਆਪਣੀ ਤਰੱਕੀ ਲਈ ਡੱਕਾ ਨਹੀਂ ਤੋੜਦੇ। ਇਨ੍ਹਾਂ ਦੀ ਇਕ ਵਿਰੋਧੀ ਵੰਨਗੀ ਵੀ ਪਾਈ ਜਾਂਦੀ ਹੈ। ਇਸ ਵਿਚ ਉਹ ਲੋਕ ਆਉਂਦੇ ਹਨ ਕਿ ਪਰਮਾਤਮਾ ਨਾ ਕਰੇ, ਤੁਹਾਨੂੰ ਕਾਰੋਬਾਰ ਵਿਚ ਕੋਈ ਘਾਟਾ ਪੈ ਜਾਵੇ, ਕਿਧਰੇ ਰੁਜ਼ਗਾਰ ਨਾ ਮਿਲੇ, ਕੋਈ ਦੁੱਖ ਤਕਲੀਫ਼ ਘੇਰ ਲਵੇ ਤਾਂ ਇਨ੍ਹਾਂ ਲੋਕਾਂ ਦੀ ਚੱਕਰੀ ਘੁੰਮਦੀ ਹੈ ਅਤੇ ਤੁਸੀਂ ਇਨ੍ਹਾਂ ਦੀ ਨਜ਼ਰ ਵਿਚ ਦੁਨੀਆ ਦੇ ਸਭ ਤੋਂ ਨਿਕੰਮੇ ਅਤੇ ਬਦਕਿਸਮਤ ਵਿਅਕਤੀ ਬਣ ਜਾਂਦੇ ਹੋ। ਇਸ ਤਰ੍ਹਾਂ ਦੇ ਲੋਕ ਹਰ ਰੋਜ਼ ਤੁਹਾਨੂੰ ਦੇਖ ਦੇਖ ਮਸ਼ਕਰੀਆਂ ਕਰਦੇ ਹਨ। ਲੰਘਦੇ ਵੜਦੇ ਤਾਹਨੇ ਮਿਹਣੇ ਦਿੰਦੇ ਰਹਿੰਦੇ ਹਨ।

ਇਕ ਹੋਰ ਅਗਲੀ ਵੰਨਗੀ ਵਿਚ ਉਹ ਲੋਕ ਪਾਏ ਜਾਂਦੇ ਹਨ, ਜੋ ਕਹਿੰਦੇ ਹਨ ਜਾਂ ਆਖਦੇ ਹਨ,ਉਹ ਸਾਹਮਣੇ ਆ ਕੇ ਨਹੀਂ ਕਹਿੰਦੇ। ਇਹ ਕਹਿਣ ਲਈ ਜਾਂ ਆਖਣ ਲਈ ਕੋਈ ਹੋਰ ਮੋਢਾ ਲੱਭਦੇ ਹਨ ਭਾਵ ਕਿਸੇ ਦੀ ਬੁਰਾਈ ਲਈ ਦੂਜਿਆਂ ਨੂੰ ਸਾਧਨ ਵਜੋਂ ਵਰਤਦੇ ਹਨ। ਇਹ ਲੋਕ ਹੌਲੀ-ਹੌਲੀ ਦੂਜਿਆਂ ਦੇ ਕੰਨਾਂ ਵਿਚ ਤੁਹਾਡੇ ਪ੍ਰਤੀ ਜ਼ਹਿਰ ਘੋਲਦੇ ਰਹਿੰਦੇ ਹਨ। ਇਹ ਸ਼੍ਰੇਣੀ ਬਹੁਤ ਘਾਤਕ ਹੁੰਦੀ ਹੈ ਕਿਉਂਕਿ ਇਨ੍ਹਾਂ ਨੂੰ ਪਛਾਣਨਾ ਸਮੁੰਦਰ ਵਿੱਚੋਂ ਬੂੰਦ ਅਲੱਗ ਕਰਨ ਬਰਾਬਰ ਹੁੰਦਾ ਹੈ। ਇਹ ਲੋਕ ਕਈ ਵਾਰੀ ਸਾਰੀ ਸਾਰੀ ਉਮਰ ਸਾਹਮਣੇ ਨਹੀਂ ਆਉਂਦੇ। ਇਨ੍ਹਾਂ ਦਾ ਕਿਸੇ ਦੇ ਖ਼ੁਸ਼ਹਾਲ ਜੀਵਨ ਵਿਚ ਘੋਲਿਆ ਜ਼ਹਿਰ ਕਈ ਵਾਰ ਕਿਸੇ ਦਾ ਹੱਸਦਾ ਵਸਦਾ ਘਰ ਉਜਾੜ ਕੇ ਰੱਖ ਦਿੰਦਾ ਹੈ। ਜੇ ਕਦੇ ਇਨ੍ਹਾਂ ਦੀ ਕਹੀ ਜਾਂ ਬੋਲੀ ਗੱਲ ਫੜੀ ਵੀ ਜਾਵੇ ਜਾਂ ਸਾਹਮਣੇ ਆ ਜਾਵੇ ਤਾਂ ਇਹ ਸਾਫ਼ ਮੁਕਰ ਜਾਂਦੇ ਹਨ ਅਤੇ ਅਜਿਹੇ ਡਰਾਮੇ ਕਰਦੇ ਹਨ ਕਿ ਫਿਲਮੀ ਐਕਟਰਾਂ ਜਾਂ ਟੀ.ਵੀ ਸੀਰੀਅਲਾਂ ਦੀਆਂ ਸੱਸ-ਬਹੂਆਂ ਨੂੰ ਵੀ ਕਲਾਕਾਰੀ ਵਿਚ ਪਿੱਛੇ ਛੱਡ ਦਿੰਦੇ ਹਨ। ਸ਼ਾਇਦ ਇਸ ਵੰਨਗੀ ਦੇ ਲੋਕਾਂ ਕਰਕੇ ਹੀ ਅੱਜ ਕਲ੍ਹ ਗਿਰਗਿਟਾਂ ਰੰਗ ਬਦਲਣਾ ਛੱਡ ਦਿੱਤਾ ਹੈ।

ਇਕ ਹੋਰ ਵੰਨਗੀ ਵਿਚ ਅਜਿਹੇ ਲੋਕ ਆਉਂਦੇ ਹਨ ਜੋ ਸਾਡੇ ਮੂੰਹ 'ਤੇ ਬਹੁਤ ਮਿੱਠੇ ਬਣ ਕੇ ਰਹਿੰਦੇ ਹਨ, ਸਾਡੀ ਜੀ ਹਜ਼ੂਰੀ ਕਰਦੇ ਹਨ,ਵਾਹੀ ਵਾਹੀ ਕਰਦੇ ਹਨ,ਪਰ ਅੰਦਰੋਂ ਸਾੜਾ ਵੀ ਰੱਖਦੇ ਹਨ। ਇਸ ਕਿਸਮ ਦੇ ਲੋਕੀ ਸਾਡੀ ਛੋਟੀ ਜਿਹੀ ਗ਼ਲਤੀ ਦੀ ਤਾਕ ਵਿਚ ਰਹਿੰਦੇ ਹਨ ਕਿ ਕਦੋਂ ਅਸੀਂ ਕੋਈ ਅਣਚਾਹੀ ਗ਼ਲਤੀ ਕਰੀਏ ਅਤੇ ਫਿਰ ਇਹ ਸਾਨੂੰ ਰੱਜ ਕੇ ਕੋਸਣ ਜਾਂ ਕਹਿ ਲਓ ਆਪਣੇ ਮਨ ਅੰਦਰ ਸਾਡੇ ਪ੍ਰਤੀ ਭਰੀ ਭੜਾਸ ਕੱਢਣ। ਇਨ੍ਹਾਂ ਦੀ ਪਛਾਣ ਕਰਨੀ ਸੌਖੀ ਹੈ,ਆਮ ਤੌਰ 'ਤੇ ਇਹ ਸਾਡੇ ਬਹੁਤ ਨੇੜਲੇ ਸਾਥੀਆਂ 'ਚੋਂ ਹੁੰਦੇ ਹਨ।

---

# ਪੁਸਤਕ ਚਰਚਾ

ਰਿਸ਼ੀ ਪਰੰਪਰਾ ਦੇ ਵਾਹਕ ਲੜੀ ਅਧੀਨ ਇਹ ਪੁਸਤਕ ਪ੍ਰਕਾਸ਼ਿਤ ਕੀਤੀ ਗਈ ਹੈ ਜਿਵੇਂ ਕਿ ਟਾਈਟਲ ਤੋਂ ਹੀ ਜ਼ਾਹਿਰ ਹੈ ਕਿ ਇਸ ਵਿਚ ਮਦਨ ਲਾਲ ਢੀਂਗਰਾ ਦੀ ਜੀਵਨੀ ਨੂੰ ਅੰਕਿਤ ਕੀਤਾ ਹੋਵੇਗਾ। ਪੁਸਤਕ ਨੂੰ ਕੇਵਲ ਚਾਰ ਭਾਗਾਂ ਵਿਚ ਵੰਡ ਕੀਤਾ ਗਿਆ ਹੈ। ਮੁੱਢਲਾ ਜੀਵਨ ਅਤੇ ਦੇਸ਼ ਪ੍ਰੇਮ ਦੀ ਜਾਗ, ਇਨਕਲਾਬੀ ਰਾਹਾਂ ਦੇ ਆਦਰਸ਼, ਸੰਕਲਪ ਪੂਰਤੀ ਲਈ ਜੱਦੋ-ਜਹਿਦ ਅਤੇ ਕਤਲ ਤੋਂ ਸ਼ਹਾਦਤ ਤਕ। ਮੁਢਲੇ ਜੀਵਨ ਵਿਚ ਮਦਨ ਦੇ ਬਚਪਨ ਦਾ ਵੇਰਵਾ ਹੈ ਕਿ ਉਨ੍ਹਾਂ ਦੇ ਪਿਤਾ ਦਾ ਪੇਸ਼ਾ ਕੀ ਸੀ, ਉਸ ਦੇ ਕਿੰਨੇ ਭੈਣ ਭਰਾ ਸਨ। ਢੀਂਗਰਾ ਦੇ ਪੁਰਖੇ ਸਰਗੋਧਾ ਜ਼ਿਲ੍ਹੇ ਜੋ ਪਾਕਿਸਤਾਨ ਨਾਲ ਸਬੰਧਤ ਸਨ। 1850 ਵਿਚ ਢੀਂਗਰਾ ਹੁਰਾਂ ਦਾ ਪਰਿਵਾਰ ਸਾਹੀਵਾਲ (ਸਰਗੋਧਾ) ਛੱਡ ਕੇ ਅੰਮ੍ਰਿਤਸਰ ਆ ਵਸਿਆ। ਉਸ ਦੇ ਪਿਤਾ ਨੇ ਮੈਡੀਕਲ ਦੀ ਉਚੇਰੀ ਵਿੱਦਿਆ ਹਾਸਲ ਕੀਤੀ ਅਤੇ ਸਰਕਾਰੀ ਡਾਕਟਰ ਬਣੇ। ਮਦਨ ਲਾਲ ਦੇ ਸਾਰੇ ਹੀ ਭਰਾਵਾਂ ਨੇ ਉੱਚ ਵਿੱਦਿਆ ਹਾਸਲ ਕੀਤੀ ਤੇ ਚੰਗੇ ਰੁਤਬੇ ਗ੍ਰਹਿਣ ਕੀਤੇ। ਉਸ ਦੇ ਪਿਤਾ ਜੀ ਉਸ ਨੂੰ ਬਹੁਤ ਉੱਚੇ ਰੁਤਬੇ ਤੇ ਦੇਖਣ ਦੇ ਚਾਹਵਾਨ ਸਨ, ਪਰ ਮਦਨ ਹੁਰਾਂ ਨੂੰ ਤਾਂ ਆਪਣੇ ਵਤਨ ਦਾ ਫ਼ਿਕਰ ਸਤਾ ਰਿਹਾ ਸੀ ਕਿ ਅੰਗਰੇਜ਼ ਉਨ੍ਹਾਂ ਨੂੰ ਗ਼ੁਲਾਮ ਬਣਾ ਕੇ ਉਨ੍ਹਾਂ 'ਤੇ ਰਾਜ ਕਿਵੇਂ ਕਰ ਰਹੇ ਹਨ? ਇਸ ਮੰਤਵ ਲਈ ਉਹ ਇੰਗਲੈਂਡ ਵੀ ਗਿਆ, ਪਰ ਉਸਦੇ ਪਿਤਾ ਨੇ ਉਸ ਨੂੰ ਨਾਲਾਇਕ ਜਾਣਦਿਆਂ ਆਰਥਿਕ ਸਹਾਇਤਾ ਦੇਣੀ ਵੀ ਬੰਦ ਕਰ ਦਿੱਤੀ। ਉਸ ਨੇ ਪੈਸੇ ਕਮਾਉਣ ਲਈ ਸਖ਼ਤ ਮਿਹਨਤ ਕੀਤੀ ਤਾਂ ਕਿ ਉਹ ਵੀ ਦੂਸਰੇ ਕ੍ਰਾਂਤੀਕਾਰਾਂ ਵਾਂਗ ਇਕ ਕ੍ਰਾਂਤੀਕਾਰੀ ਬਣ ਸਕੇ ਅਤੇ ਆਪਣੇ ਦੇਸ਼ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਵਾ ਸਕੇ। ਇਸ ਪਵਿੱਤਰ ਕਾਰਜ ਦੀ ਪੂਰਤੀ ਲਈ ਉਸ ਹਰ ਤਰ੍ਹਾਂ ਨਾਲ ਆਪਣੇ ਆਪ ਨੂੰ ਯੋਗ ਬਣਾਇਆ। ਆਪਣੇ ਦ੍ਰਿੜ ਸੰਕਲਪ ਨੂੰ ਉਹ ਹਮੇਸ਼ਾ ਮਨ ਹੀ ਮਨ ਦੁਹਰਾਉਂਦਾ ਰਹਿੰਦਾ ਸੀ ਤਾਂ ਕਿ ਉਸ ਦੇ ਪੈਰ ਕਿਧਰੇ ਡਗਮਗਾ ਨਾ ਜਾਣ ਪਰ ਨਹੀਂ ਉਹ ਆਪਣੇ ਸੰਕਲਪ ਵਿਚ ਹਮੇਸ਼ਾ ਹੀ ਜਿੱਤ ਕੇ ਨਿਕਲਿਆ। ਆਪਣੇ ਵੱਲੋਂ ਕੀਤੇ ਪ੍ਰਣ ਨੂੰ ਉਸ ਪੂਰਾ ਕਰ ਦਿਖਾਇਆ। ਇਸੇ ਲਈ ਤਾਂ ਦੂਸਰੇ ਕ੍ਰਾਂਤੀਕਾਰਾਂ ਲਈ ਉਹ ਇਕ ਮਿਸਾਲ ਬਣਿਆ, ਜਿਸ ਵੱਲੋਂ ਜਗਾਈ ਮਸ਼ਾਲ ਲੈ ਕੇ ਕ੍ਰਾਂਤੀਕਾਰੀ ਆਪੋ ਆਪਣੀ ਲੜਾਈ ਲੜਦੇ ਰਹੇ ਤੇ ਸਾਡਾ ਦੇਸ਼ ਆਜ਼ਾਦ ਹੋਇਆ। ਇਹ ਕਿਤਾਬ ਵਿਦਿਆਰਥੀਆਂ ਅਤੇ ਆਜ਼ਾਦੀ ਤੋਂ ਪਹਿਲਾਂ ਦੇਸ਼ ਦੇ ਹਾਲਾਤ ਬਾਰੇ ਜਾਣਨ, ਸਮਝਣ ਵਾਲੇ ਖੋਜੀਆਂ ਲਈ ਬਹੁਤ ਹੀ ਲਾਹੇਵੰਦ ਦਸਤਾਵੇਜ਼ ਹੈ।




• ਸੁਖਮਿੰਦਰ ਸੇਖੋਂ

| | | | |
|---|---|---|---|
| ਪੁਸਤਕ : ਮਦਨ ਲਾਲ ਢੀਂਗਰਾ (ਗਾਥਾ ਆਜ਼ਾਦੀ ਘੁਲਾਟੀਏ ਦੀ) | | ਪੰਨੇ | : 128 |
| ਲੇਖਕ : ਡਾ. ਬੀਰਬਲ ਸਿੰਘ | | | |
| ਪ੍ਰਕਾਸ਼ਕ : ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ। | | ਮੁੱਲ | : 150/- |

ਕਹਾਣੀਕਾਰ ਮੁਖ਼ਤਿਆਰ ਸਿੰਘ ਦਾ ਪੇਂਡੂ ਪਿਛੋਕੜ ਹੈ, ਪਰ ਕਈ ਵਰ੍ਹੇ ਨੌਕਰੀ ਦੇ ਸਿਲਸਿਲੇ 'ਚ ਸ਼ਹਿਰ ਰਹਿਣ ਕਾਰਨ ਉਸ ਨੂੰ ਸ਼ਹਿਰੀਅਤ ਦਾ ਵੀ ਚੋਖਾ ਅਨੁਭਵ ਹੈ। ਇਸੇ ਲਈ ਉਸ ਦੀਆਂ ਕਹਾਣੀਆਂ 'ਚ ਜਵੰਤ ਸੱਭਿਆਚਾਰ ਦੇ ਝਲਕਾਰੇ ਥਾਂ ਪੁਰ ਥਾਂ ਉੱਕਰੇ ਦਿਖਾਈ ਦਿੰਦੇ ਹਨ। ਵੰਨ-ਸੁਵੰਨਤਾ ਉਸ ਦੀਆਂ ਕਹਾਣੀਆਂ ਦੀ ਵੱਖਰੀ ਪਛਾਣ ਹੈ। ਆਪਣੇ ਦੋਵਾਂ ਤਰ੍ਹਾਂ ਦੇ ਅਨੁਭਵ ਨੂੰ ਉਹ ਗਲਪੀ ਪਿੰਡਾ ਪ੍ਰਦਾਨ ਕਰਦਾ ਪ੍ਰਤੀਤ ਹੁੰਦਾ ਹੈ। ਕਹਾਣੀ ਅਤੇ ਨਾਵਲ ਲਿਖਣ ਦੀ ਮੁਹਾਰਤ ਕਰਕੇ ਉਸਦਾ ਗਲਪੀ ਯਥਾਰਥ ਦੁਖਾਂਤ/ਸੁਖਾਂਤ ਸਿਰਜਣ 'ਚ ਵੀ ਪੂਰੀ ਤਰ੍ਹਾਂ ਕਾਮਯਾਬ ਹੈ।

'ਚੜ੍ਹਦੇ ਸੂਰਜ ਦੀ ਲਾਲੀ' ਉਸ ਦਾ ਹਾਲ ਹੀ 'ਚ ਪ੍ਰਕਾਸ਼ਿਤ ਹੋਇਆ ਨਵਾਂ ਕਥਾ ਸੰਗ੍ਰਹਿ ਹੈ ਜਿਸ 'ਚ ਉਸ ਨੇ ਕੁੱਲ ਦਸ ਕਹਾਣੀਆਂ ਸ਼ਾਮਿਲ ਕੀਤੀਆਂ ਹਨ। ਇਨ੍ਹਾਂ ਕਹਾਣੀਆਂ 'ਚ ਵਿਭਿੰਨ ਰੰਗਾਂ ਅਤੇ ਸਰੋਕਾਰਾਂ ਦੀਆਂ ਕਹਾਣੀਆਂ ਸਿਰਜੀਆਂ ਗਈਆਂ ਹਨ। 'ਚਿਹਰੇ' ਦੇ ਦੋ ਭਰਾ ਜੋ ਜ਼ਮੀਨ ਦੀ ਵੰਡ ਕਾਰਨ ਆਪਣੀ ਨਫ਼ਰਤ ਦਾ ਸ਼ਿਕਾਰ ਹਨ, ਬਜ਼ੁਰਗ ਪਿਉ ਦੀ ਮੌਤ ਤੋਂ ਬਾਅਦ ਫੇਰ ਇਕ ਦੂਸਰੇ ਨਾਲ ਮੁਹੱਬਤੀ ਰਿਸ਼ਤਾ ਕਾਇਮ ਕਰ ਲੈਂਦੇ ਹਨ। 'ਧੀਏ ਤੂੰ ਵੀ' ਅਸਫ਼ਲ ਪਿਆਰ ਦੀ ਕਹਾਣੀ ਹੈ ਜੋ ਧੀ ਰਾਹੀ ਆਪਣੇ ਪਿਆਰ ਨੂੰ ਪੂਰਨਾ ਲੋਚਦੀ ਹੈ। ਕਰਮੀ ਜਦੋਂ ਧੀ ਨੂੰ ਕਿਸੇ ਮੁੰਡੇ ਨਾਲ ਫ਼ੋਨ 'ਤੇ ਚੈਟ ਕਰਦੀ ਦੇਖਦੀ ਹੈ ਤਾਂ ਉਹ ਸੋਚਕੇ ਹੈਰਾਨ ਹੁੰਦੀ ਹੈ ਕਿ ਉਸ ਦੀ ਧੀ ਵੀ ਉਸ ਵਾਲੇ ਰਾਹ ਤੁਰ ਪਈ ਹੈ। 'ਜਬਾੜੇ' ਸ਼ਹਿਰਾਂ 'ਚ ਭੂ-ਮਾਫ਼ੀਏ ਵੱਲੋਂ ਫੈਲਾਏ ਜਾ ਰਹੇ ਖ਼ੌਫ਼, ਭੈਅ ਤੇ ਭ੍ਰਿਸ਼ਟਾਚਾਰ ਦੀ ਕਹਾਣੀ ਹੈ। 'ਹੋਰ ਕਿੰਨਾ ਕੁ ਚਿਰ' ਦਾ ਪਾਤਰ ਰਾਜ ਜਦੋਂ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਭੰਗ ਕਰਦਾ ਹੈ ਤਾਂ ਉਸਦੀ ਪਤਨੀ ਸ਼ਕੁੰਤਲਾ ਨੂੰ ਅਜਿਹਾ ਸ਼ਾਕ ਲੱਗਦਾ ਹੈ ਜਿਸ ਕਾਰਨ ਉਹ ਮੰਜੇ ਨਾਲ ਮੰਜਾ ਹੋ ਕੇ ਰਹਿ ਜਾਂਦੀ ਹੈ। ਮੁਖ਼ਤਿਆਰ ਸਿੰਘ ਅਨੁਭਵੀ ਕਹਾਣੀਕਾਰ ਹੈ। ਉਸ ਨੂੰ ਕਹਾਣੀ ਕਹਿਣੀ ਅਤੇ ਬੁਣਨੀ ਆਉਂਦੀ ਹੈ। ਚੰਗਾ ਕਹਾਣੀਕਾਰ ਉਹੋ ਹੁੰਦਾ ਹੈ ਜੋ ਦੂਸਰੇ ਦੇ ਅਨੁਭਵ ਨੂੰ ਵੀ ਅੰਗੀਕਾਰ ਕਰ ਕੇ ਕਹਾਣੀ ਸਿਰਜ ਲਵੇ। ਇਹ ਮੁਹਾਰਤ ਮੁਖ਼ਤਿਆਰ ਸਿੰਘ ਕੋਲ ਹੈਗੀ ਆ। ਪੁਸਤਕ ਪੜ੍ਹਨ ਤੇ ਸਾਂਭਣਯੋਗ ਹੈ।




• ਕੇ. ਐੱਲ. ਗਰਗ

| | | | |
|---|---|---|---|
| ਪੁਸਤਕ : ਚੜ੍ਹਦੇ ਸੂਰਜ ਦੀ ਲਾਲੀ | | ਪੰਨੇ | : 128 |
| ਲੇਖਕ : ਮੁਖ਼ਤਿਆਰ ਸਿੰਘ 98728-23511 | | | |
| ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ। | | ਮੁੱਲ | : 200/- |

ਸਆਦਤ ਹਸਨ ਮੰਟੋ ਦਾ ਨਾਂ ਕਿਸੇ ਵੀ ਜਾਣ-ਪਛਾਣ ਦਾ ਮੁਥਾਜ ਨਹੀਂ। ਕੋਈ ਸਾਹਿਤਕ ਮੱਸ ਰੱਖਣ ਵਾਲਾ ਵਿਅਕਤੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਸ ਮੰਟੋ ਦੇ ਨਾਂ ਤੋਂ ਜਾਣੂ ਜ਼ਰੂਰ ਹੈ। ਵਿਸ਼ੇਸ਼ ਕਰ ਕੇ ਉਸ ਦੀਆਂ ਹੋਰ ਕਹਾਣੀਆਂ ਦੇ ਨਾਲ-ਨਾਲ ਟੋਬਾ ਟੇਕ ਸਿੰਘ ਕਹਾਣੀ ਬੜੀ ਚਰਚਾ ਦਾ ਵਿਸ਼ਾ ਰਹੀ। ਉਸ ਦੀਆਂ ਕਈ ਕਹਾਣੀਆਂ ਨੂੰ ਲੈ ਕੇ ਉਸ ਉੱਤੇ ਦੋਸ਼ ਵੀ ਲਗਦੇ ਰਹੇ ਅਤੇ ਉਨ੍ਹਾਂ ਦਾ ਵਿਰੋਧ ਵੀ ਹੁੰਦਾ ਰਿਹਾ। ਬਲਦੇਵ ਸਿੰਘ ਬੱਦਨ ਨੇ ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਨੂੰ ਇਕੱਤਰ ਕਰ ਕੇ ਅਤੇ ਕੁਝ ਕਹਾਣੀਆਂ ਦਾ ਅਨੁਵਾਦ ਕਰ ਕੇ ਇਕ ਵੱਡ ਅਕਾਰੀ ਪੁਸਤਕ ਦੇ ਰੂਪ ਵਿਚ 'ਸਆਦਤ ਹਸਨ ਮੰਟੋ ਦੀਆਂ ਹਿੰਦੁਸਤਾਨ-ਪਾਕਿਸਤਾਨ ਵੰਡ ਦੀਆਂ ਕਹਾਣੀਆਂ' ਸਿਰਲੇਖ ਹੇਠ ਹੱਥਲੀ ਪੁਸਤਕ 'ਚ ਦਰਜ ਕਰ ਕੇ ਇਕ ਵਡਮੁੱਲਾ ਉਪਰਾਲਾ ਕੀਤਾ ਹੈ।

ਇਸ ਪੁਸਤਕ ਵਿਚ ਜਿੰਨੀਆਂ ਵੀ ਕਹਾਣੀਆਂ ਦਰਜ ਹਨ ਉਨ੍ਹਾਂ ਦੇ ਵਿਸ਼ੇ 1947 ਦੀ ਦੇਸ਼ ਵੰਡ ਨਾਲ ਹੀ ਸਬੰਧਤ ਹਨ। ਦੇਸ਼ ਵੰਡ ਸਮੇਂ ਹਿੰਦੁਸਤਾਨ ਦੋ ਹਿੱਸਿਆਂ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਰੂਪ ਵਿਚ ਭੂਗੋਲਿਕ ਤੌਰ 'ਤੇ ਵੰਡਿਆ ਗਿਆ ਪਰ ਇਸ ਵੰਡ ਨੇ ਜਿਹੜਾ ਮਨੁੱਖਤਾ ਦਾ ਘਾਣ ਕੀਤਾ ਉਸ ਦੇ ਦ੍ਰਿਸ਼ ਇਨ੍ਹਾਂ ਕਹਾਣੀਆਂ ਵਿਚ ਪੜ੍ਹ ਕੇ ਪਾਠਕ ਦੀ ਮਾਨਸਿਕਤਾ ਝੰਜੋੜੀ ਜਾਂਦੀ ਹੈ ਵਿਸ਼ੇਸ਼ ਕਰ ਕੇ ਔਰਤਾਂ ਦੀ ਹੋਈ ਬੇਪਤੀ ਅਤੇ ਬੇਦੋਸ਼ਿਆਂ ਦੇ ਡੁੱਲ੍ਹੇ ਖ਼ੂਨ ਅਤੇ ਭਰਾ ਦੇ ਭਰਾ ਬਣੇ ਵੈਰੀ ਦੇ ਕਰੁਣਾਮਈ ਮੰਜ਼ਰ ਇਨ੍ਹਾਂ ਕਹਾਣੀਆਂ ਵਿੱਚੋਂ ਵੇਖਣ ਨੂੰ ਮਿਲਦੇ ਹਨ। ਇਹ ਸਾਰੀਆਂ ਹੀ ਕਹਾਣੀਆਂ ਮਾਨਵੀ ਨਜ਼ਰੀਏ ਤੋਂ ਲਿਖੀਆਂ ਗਈਆਂ ਹਨ। ਪਹਿਲੇ ਭਾਗ ਵਿਚ 14 ਕਹਾਣੀਆਂ ਹਨ ਦੂਜੇ ਭਾਗ ਵਿਚ 'ਕਾਲੇ ਹਾਸ਼ੀਏ' ਕਹਾਣੀ ਤਕ ਵਿਧਾ ਪੱਖੋਂ ਕਹਾਣੀ ਰਚਨਾ ਤੇ ਖਰੀਆਂ ਉਤਰਦੀਆਂ ਹਨ ਪਰ ਉਸ ਤੋਂ ਬਾਅਦ ਮਿੰਨੀ-ਕਹਾਣੀ ਦੇ ਰੂਪ ਵਿਚ ਛੋਟੀਆਂ ਕਹਾਣੀਆਂ ਹਨ। ਇਸੇ ਤਰ੍ਹਾਂ ਇਸ 'ਚ ਪੰਦਰਵੀਂ ਕਹਾਣੀ ਤੋਂ 27ਵੀਂ ਕਹਾਣੀ ਤਕ ਕਹਾਣੀਆਂ ਦਰਜ ਹਨ। ਇਨ੍ਹਾਂ ਕਹਾਣੀਆਂ ਨੂੰ ਪੜ੍ਹਦਿਆਂ ਪਾਠਕ ਮੰਟੋ ਦੀਆਂ ਕਹਾਣੀਆਂ ਦੇ ਵਿਸ਼ਾਗਤ ਅਤੇ ਸ਼ੈਲੀਗਤ ਪਾਸਾਰਾਂ ਦਾ ਆਨੰਦ ਮਾਣਦਾ ਹੈ। ਵਧੀਆ ਛਪਾਈ ਵਾਲੀ ਇਹ ਪੁਸਤਕ ਪੜ੍ਹਨ ਅਤੇ ਸਾਂਭ ਕੇ ਰੱਖਣ ਯੋਗ ਹੈ।




• ਡਾ. ਸਰਦੂਲ ਸਿੰਘ ਔਜਲਾ

| | | | |
|---|---|---|---|
| ਪੁਸਤਕ : ਸਆਦਤ ਹਸਨ ਮੰਟੋ ਦੀਆਂ ਹਿੰਦੁਸਤਾਨ-ਪਾਕਿਸਤਾਨ ਵੰਡ ਦੀ ਕਹਾਣੀਆਂ | | ਪੰਨੇ | : 225 |
| ਅਨੁਵਾਦ : ਡਾ. ਬਲਦੇਵ ਸਿੰਘ ਬੱਧਨ | | ਮੁੱਲ | : 350/- |
| ਪ੍ਰਕਾਸ਼ਕ : ਲਕਸ਼ਯ ਪਬਲੀਕੇਸ਼ਨਜ਼, ਦਿੱਲੀ। | | | |

ਪੁਸਤਕ ਭਾਰਤੀ ਵਿਗਿਆਨ ਦੇ ਰਾਹ ਦਸੇਰੇ ਡਾ. ਕੁਲਦੀਪ ਕੌਰ ਦੀ ਪਲੇਠੀ ਪੁਸਤਕ ਹੈ। ਵਿਗਿਆਨਕ ਖੋਜਾਂ ਦੀ ਗੱਲ ਕਰਦਿਆਂ ਸਾਡੇ ਮੁਲਕ ਨੂੰ ਅਕਸਰ ਹੀ ਹਾਸ਼ੀਏ 'ਤੇ ਜਾਣ ਲਿਆ ਜਾਂਦਾ ਹੈ। ਸਮਝਿਆ ਜਾਂਦਾ ਹੈ ਕਿ ਵਿਗਿਆਨਕ ਖੋਜਾਂ ਤਾਂ ਜਿਵੇਂ ਸਿਰਫ਼ ਤੇ ਸਿਰਫ਼ ਵਿਕਸਤ ਮੁਲਕਾਂ ਦੇ ਵਿਗਿਆਨੀਆਂ ਵੱਲੋਂ ਹੀ ਕੀਤੀਆਂ ਗਈਆਂ ਹੋਣ। ਸ਼ਾਇਦ ਵਿਗਿਆਨਕ ਖੋਜਾਂ ਦੇ ਖੇਤਰ ਵਿਚ ਭਾਰਤੀ ਵਿਗਿਆਨੀਆਂ ਨੂੰ ਅਣਗੌਲਿਆਂ ਕੀਤੇ ਜਾਣ ਦਾ ਮਾਮਲਾ ਲੇਖਿਕਾ ਨੂੰ ਵੀ ਖਟਕਿਆ ਹੋਣਾ ਅਤੇ ਇਸ ਖਟਕ ਨੂੰ ਉਨ੍ਹਾਂ ਹੱਥਲੀ ਪੁਸਤਕ ਵਿਚ ਬਾਖ਼ੂਬੀ ਦੂਰ ਕੀਤਾ ਹੈ। ਪੁਸਤਕ ਵਿਚ ਲੇਖਿਕਾ ਨੇ ਕੁੱਲ ਉੱਨੀ ਭਾਰਤੀ ਵਿਗਿਆਨੀਆਂ ਦੀਆਂ ਜੀਵਨੀਆਂ ਅਤੇ ਉਨ੍ਹਾਂ ਵੱਲੋਂ ਵਿਗਿਆਨ ਖੋਜ ਦੇ ਖੇਤਰ ਵਿਚ ਪਾਏ ਯੋਗਦਾਨ ਦਾ ਵਰਣਨ ਕੀਤਾ ਹੈ। ਪਹਿਲੇ ਲੇਖ ਵਿਚ ਲੇਖਿਕਾ ਨੇ ਜਗਦੀਸ਼ ਚੰਦਰ ਬੋਸ ਬਾਰੇ ਲਿਖਿਆ ਹੈ ਕਿ ਉਸ ਨੂੰ ਭਾਰਤ ਦਾ ਪਹਿਲਾ ਆਧੁਨਿਕ ਵਿਗਿਆਨੀ ਮੰਨਿਆ ਜਾਂਦਾ ਹੈ। ਤਾਰ ਰਹਿਤ ਟੈਲੀਗ੍ਰਾਫੀ ਦਾ ਆਰੰਭ ਬੋਸ ਦੀਆਂ ਮਿਲੀਮੀਟਰ ਲੰਬਾਈ ਵਾਲੀਆਂ ਤਰੰਗਾਂ ਦੀ ਖੋਜ ਨਾਲ ਹੋਇਆ। ਪੁਸਤਕ ਦਾ ਦੂਜਾ ਲੇਖ ਵਿਗਿਆਨੀ ਪ੍ਰਫੁੱਲ ਚੰਦਰ ਬਾਰੇ ਹੈ। ਲੇਖਿਕਾ ਅਨੁਸਾਰ ਪ੍ਰਫੁੱਲ ਆਧੁਨਿਕ ਰਸਾਇਣਕ ਵਿਗਿਆਨ ਦੇ ਜਨਮਦਾਤਾ ਸਨ।

ਲੇਖ ਵਿਚ ਉਨ੍ਹਾਂ ਦੀਆਂ ਦੋ ਖੋਜਾਂ ਮਰਕਿਊਰਸ ਨਾਈਟ੍ਰੇਟ ਦੀ ਖੋਜ ਅਤੇ ਅਮੋਨੀਅਮ ਨਾਈਟਰੇਟ ਦੀਆਂ ਖੋਜਾਂ ਦਾ ਵਰਣਨ ਮਹਿਜ਼ ਤਿੰਨ ਸਤਰਾਂ ਵਿਚ ਕੀਤਾ ਹੈ ਅਤੇ ਬਾਕੀ ਸਾਰੇ ਲੇਖ ਵਿਚ ਉਨ੍ਹਾਂ ਦੇ ਜੀਵਨ ਬਾਬਤ ਹੀ ਲਿਖਿਆ ਹੈ। ਚੰਗਾ ਹੁੰਦਾ ਜੇ ਉਨ੍ਹਾਂ ਦੀਆਂ ਖੋਜਾਂ ਬਾਬਤ ਹੀ ਮੈਟਰ ਲੇਖ ਵਿਚ ਜ਼ਿਆਦਾ ਸ਼ਾਮਿਲ ਕੀਤਾ ਜਾਂਦਾ। ਭਾਰਤ ਦੇ ਮਹਾਨ ਚਿਕਿਤਸਾ ਮਾਹਿਰ ਉਪੇਂਦਰ ਨਾਥ ਬ੍ਰਹਮਚਾਰੀ ਨੂੰ ਕਾਲੇ ਬੁਖ਼ਾਰ ਦੀ ਦਵਾਈ ਦਾ ਖੋਜ ਕਰਤਾ ਦੱਸਦਿਆਂ ਕਾਫ਼ੀ ਚੰਗੀ ਜਾਣਕਾਰੀ ਦਿੱਤੀ ਗਈ ਹੈ। ਗਣਿਤ ਵਿਗਿਆਨੀ ਸ੍ਰੀਨਿਵਾਸ ਰਾਮਾਨੁਜਨ ਵੱਲੋਂ ਨੰਬਰ ਥਿਊਰੀ ਖੇਤਰ ਵਿਚ ਕੀਤੀਆਂ ਖੋਜਾਂ ਦਾ ਬਾਖ਼ੂਬੀ ਵਰਣਨ ਕੀਤਾ ਹੈ। ਮਹਾਨ ਵਿਗਿਆਨੀਆਂ ਦੀਆਂ ਖੋਜਾਂ ਅਤੇ ਜੀਵਨੀਆਂ ਨੂੰ ਲੇਖਿਕਾ ਨੇ ਬੜੇ ਦਿਲਚਸਪ ਅਤੇ ਸਰਲ ਤਰੀਕੇ ਨਾਲ ਬਿਆਨ ਕੀਤਾ ਹੈ। ਪੁਸਤਕ ਵਿਚ ਕਿਧਰੇ ਉਕਾਵਾਂਪਣ ਜਾਂ ਨੀਰਸਤਾ ਨਹੀਂ ਆਉਂਦੀ। ਪਾਠਕ ਇਕ ਵਿਗਿਆਨੀ ਬਾਬਤ ਪੜ੍ਹਨ ਤੋਂ ਬਾਅਦ ਅਗਲਾ ਲੇਖ ਪੜ੍ਹਨ ਲਈ ਉਤਾਵਲਾ ਹੋਣ ਲੱਗਦਾ ਹੈ। ਬੱਚਿਆਂ ਲਈ ਇਹ ਪੁਸਤਕ ਬਹੁਤ ਲਾਹੇਵੰਦ ਹੈ।




• ਬਿੰਦਰ ਸਿੰਘ ਖੁੱਡੀ ਕਲਾਂ

| | | | |
|---|---|---|---|
| ਪੁਸਤਕ : ਭਾਰਤੀ ਵਿਗਿਆਨ ਦੇ ਰਾਹ-ਦਸੇਰੇ | | ਪੰਨੇ | : 112 |
| ਲੇਖਕ : ਡਾ. ਕੁਲਦੀਪ ਕੌਰ | | ਮੁੱਲ | : 200/- |
| ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਮੋਹਾਲੀ। | | | |

# ਹਾਈਜੀਨਕ ਵਸਤਾਂ ਦੇ ਨਾਲ-ਨਾਲ ਰੋਜਮਰਾ ਦੀਆਂ ਜਰੂਰੀ ਵਸਤਾਂ ਕਰਵਾਈਆਂ ਲੋਕਾਂ ਨੂੰ ਮੁਹੱਈਆ



**ਫਾਜ਼ਿਲਕਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਖੁਸ਼ੀ ਫਾਊਂਡੇਸ਼ਨ ਦੇ ਚੇਅਰਪਰਸਨ ਅਤੇ ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਦੀ ਧਰਮ ਪਤਨੀ ਮੈਡਮ ਖੁਸ਼ਬੂ ਸਵਨਾ ਹਾਈਜੀਨ ਰਾਹਤ ਸਮੱਗਰੀ ਲੈ ਕੇ ਰਾਹਤ ਕੇਂਦਰ ਰਾਣਾ ਵਿਚ ਪਹੁੰਚੇ। ਉਨ੍ਹਾਂ ਨਾਲ ਅਬੋਹਰ ਦੀ ਸਮਾਜ ਸੇਵੀ ਸੰਸਥਾ ਵੀ ਮੌਜੂਦ ਸੀ ਜਿਸ ਵਿਚ ਅਨੇਕਾ ਨੌਜਵਾਨਾਂ ਵੱਲੋਂ ਆਪਣਾ ਬਣਦਾ ਸਹਿਯੋਗ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਰੋਜਮਰਾ ਦੀਆਂ ਜਰੂਰੀ ਵਸਤਾਂ ਜੋ ਕਿ ਸਾਡੇ ਲਈ ਜਰੂਰੀ ਹੁੰਦੀਆਂ ਹਨ, ਦੀ ਵੰਡ ਲੋਕਾਂ ਨੂੰ ਕੀਤੀ ਗਈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਸਾਬੁਨ, ਤੇਲ, ਮੱਛਰਾਂ ਤੋਂ ਬਚਾਅ ਸਬੰਧੀ ਦਵਾਈ ਅਤੇ ਸੈਨੇਟਰੀ ਨੈਪਕਿਨ ਆਦਿ ਵਸਤਾਂ ਲੋਕਾਂ ਨੂੰ ਮੁਹੱਈਆ ਕਰਵਾਈਆਂ ਗਈਆਂ। ਉਨ੍ਹਾਂ ਪਾਣੀ ਦੀ ਮਾਰ ਹੇਠ ਆਏ ਹੋਰਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਜਲਦ ਤੋਂ ਜਲਦ ਸੁਰੱਖਿਅਤ ਥਾਵਾਂ 'ਤੇ ਆ ਜਾਣ।

ਮੈਡਮ ਖੁਸ਼ਬੂ ਨੇ ਕਿਹਾ ਕਿ ਕੁਦਰਤੀ ਆਪਦਾ ਨੂੰ ਨਜਿਠਣ ਲਈ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਤੇ ਉਨ੍ਹਾਂ ਦੀ ਸੰਸਥਾ ਲਗਾਤਾਰ ਲੋਕਾਂ ਦੀ ਮਦਦ ਲਈ ਤਤਪਰ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਲੋਕਾਂ ਨੂੰ ਰਾਹਤ ਦੇਣ ਲਈ ਰਾਹਤ ਕੇਂਦਰ ਸਥਾਪਿਤ ਕੀਤੇ ਗਏ ਹਨ ਤੇ ਕੇਂਦਰਾਂ ਵਿਖੇ ਹੋਰ ਲੋੜੀਂਦੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਖਾਣ-ਪੀਣ ਤੋਂ ਲੈ ਕੇ ਰਹਿਣ-ਸਹਿਣ ਤੱਕ ਹਰੇਕ ਤਰ੍ਹਾਂ ਨਾਲ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ।

# ਪ੍ਰੋਫੈਸਰ ਬਲਜਿੰਦਰ ਕੌਰ ਪਹੁੰਚੇ ਫਾਜ਼ਿਲਕਾ ਰਾਹਤ ਕਾਰਜਾਂ ਦਾ ਲਿਆ ਜਾਇਜ਼ਾ



**ਫਾਜ਼ਿਲਕਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਪ੍ਰੋਫੈਸਰ ਬਲਜਿੰਦਰ ਕੌਰ ਚੀਫ ਵਿਪ ਵੱਲੋਂ ਅੱਜ ਫਾਜ਼ਿਲਕਾ ਦਾ ਦੌਰਾ ਕੀਤਾ ਗਿਆ ਅਤੇ ਉਨ੍ਹਾਂ ਨੇ ਇੱਥੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਫਾਜ਼ਿਲਕਾ ਵਿਖੇ ਬਣਾਏ ਗਏ ਰਾਹਤ ਕੈਂਪ ਦਾ ਜਾਇਜ਼ਾ ਲਿਆ। ਇੱਥੇ ਵੱਖ-ਵੱਖ ਹਲਕਿਆਂ ਤੋਂ ਆਉਣ ਵਾਲੀ ਰਾਹਤ ਸਮਗਰੀ ਇਕੱਤਰ ਕੀਤੀ ਜਾਂਦੀ ਹੈ ਅਤੇ ਫਿਰ ਇਲਾਕਿਆਂ ਦੀ ਜ਼ਰੂਰਤ ਅਨੁਸਾਰ ਸੰਬੰਧਿਤ ਪਿੰਡਾਂ ਵਿੱਚ ਇੱਥੋਂ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ।

ਪ੍ਰੋਫੈਸਰ ਬਲਜਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਆਪਣੇ ਲੋਕਾਂ ਦੇ ਨਾਲ ਡੱਟ ਕੇ ਖੜੀ ਹੈ ਅਤੇ ਹਰ ਪ੍ਰਕਾਰ ਦੀ ਮਦਦ ਉਪਲਬਧ ਕਰਵਾਈ ਜਾ ਰਹੀ ਹੈ ਉਹਨਾਂ ਨੇ ਕਿਹਾ ਕਿ ਵੱਖ-ਵੱਖ ਹਲਕਿਆਂ ਤੋਂ ਰਾਹਤ ਸਮੱਗਰੀ ਪ੍ਰਭਾਵਿਤ ਇਲਾਕਿਆਂ ਵਿੱਚ ਪਹੁੰਚ ਰਹੀ ਹੈ ਜਿੱਥੇ ਪਾਰਟੀ ਦੇ ਵਿਧਾਇਕ ਸਾਹਿਬਾਨ ਇਸ ਰਾਹਤ ਸਮੱਗਰੀ ਨੂੰ ਲੋਕਾਂ ਨੂੰ ਤਕਸੀਮ ਕਰ ਰਹੇ ਹਨ। ਪ੍ਰੋਫੈਸਰ ਬਲਜਿੰਦਰ ਕੌਰ ਨੇ ਕਿਹਾ ਕਿ ਇਹ ਇੱਕ ਕੁਦਰਤੀ ਕਰੋਪੀ ਹੈ ਪਰ ਪੰਜਾਬ ਸਰਕਾਰ ਇਹ ਯਕੀਨੀ ਬਣਾਏਗੀ ਕਿ ਹੜ ਤੋਂ ਬਾਅਦ ਸਪੈਸ਼ਲ ਗੁਰਦਾਵਰੀ ਕਰਾ ਕੇ ਲੋਕਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ।ਉਹਨਾਂ ਨੇ ਕਿਹਾ ਕਿ ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਲੋੜੀਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ।

ਇਸ ਮੌਕੇ ਉਹਨ ਦੇ ਨਾਲ ਐਸ ਡੀ ਐਮ ਫਾਜ਼ਿਲਕਾ ਵੀਰਪਾਲ ਕੌਰ, ਉਪਕਾਰ ਸਿੰਘ ਜਾਖੜ, ਨਾਇਬ ਤਹਿਸੀਲਦਾਰ ਅਰਾਧਨਾ ਖੋਸਲਾ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ ।

# ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਫਾਜ਼ਿਲਕਾ ਪਹੁੰਚੇ, ਰਾਹਤ ਕਾਰਜਾਂ ਦੀ ਕੀਤੀ ਸਮੀਖਿਆ

**ਫਾਜ਼ਿਲਕਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਦੇ ਪੰਚਾਇਤ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਅੱਜ ਫਾਜ਼ਿਲਕਾ ਜ਼ਿਲ੍ਹੇ ਵਿੱਚ ਪਹੁੰਚੇ । ਇਸ ਮੌਕੇ ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਬੈਠਕ ਕਰਨ ਤੋਂ ਬਾਅਦ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੜ ਪ੍ਰਭਾਵਿਤ ਹਰੇਕ ਲੋੜਵੰਦ ਪਰਿਵਾਰ ਤੱਕ ਰਾਹਤ ਸਮੱਗਰੀ ਪਹੁੰਚਾ ਰਹੀ ਹੈ।



ਕੈਬਨਿਟ ਮੰਤਰੀ ਸ ਸੌਂਦ ਨੇ ਆਖਿਆ ਕਿ ਇਹ ਇੱਕ ਕੁਦਰਤੀ ਕਰੋਪੀ ਹੈ, ਲੇਕਿਨ ਇਸ ਔਖੇ ਸਮੇਂ ਵਿੱਚ ਸਰਕਾਰ ਆਪਣੇ ਲੋਕਾਂ ਦਾ ਡੱਟ ਕੇ ਸਾਥ ਦੇ ਰਹੀ ਹੈ । ਉਹਨਾਂ ਨੇ ਕਿਹਾ ਕਿ ਫਾਜ਼ਿਲਕਾ ਜ਼ਿਲ੍ਹੇ ਵਿੱਚ ਪ੍ਰਸ਼ਾਸਨ ਦੀਆਂ ਸਾਰੀਆਂ ਟੀਮਾਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਪ੍ਰਭਾਵਿਤ ਇਲਾਕਿਆਂ ਵਿੱਚੋਂ ਲੋਕਾਂ ਨੂੰ ਸੁਰੱਖਿਤ ਬਾਹਰ ਕੱਢਿਆ ਜਾਵੇ। ਉਹਨਾਂ ਨੇ ਕਿਹਾ ਕਿ ਪੀੜਿਤ ਪਰਿਵਾਰਾਂ ਦੇ ਰਾਸ਼ਨ ਅਤੇ ਉਹਨਾਂ ਦੇ ਜਾਨਵਰਾਂ ਲਈ ਕੈਟਲ ਫੀਡ ਕਿਸ਼ਤੀਆਂ ਰਾਹੀਂ ਵੀ ਅੰਦਰਲੇ ਪਿੰਡਾਂ ਤੱਕ ਭੇਜੀ ਜਾ ਰਹੀ ਹੈ।

ਕੈਬਨਿਟ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਰਾਹਤ ਕੈਂਪ ਕਾਰਜਸ਼ੀਲ ਹਨ। ਉਨ੍ਹਾਂ ਨੇ ਕਿਹਾ ਕਿ ਰਾਹਤ ਕੈਂਪਾਂ ਵਿੱਚ ਆਏ ਸਾਰੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਸਾਰੀਆਂ ਬੁਨਿਆਦੀ ਜ਼ਰੂਰਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਸ਼ਨੀਵਾਰ ਨੂੰ ਉਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨਗੇ।

ਇਸ ਮੌਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਕੈਬਨਿਟ ਮੰਤਰੀ ਨੂੰ ਸਥਾਨਕ ਹਾਲਾਤਾਂ ਤੋਂ ਜਾਣੂ ਕਰਵਾਇਆ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਏ ਜਾ ਰਹੇ ਰਾਹਤ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਐਸਐਸਪੀ ਗੁਰਮੀਤ ਸਿੰਘ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ ਪੀ ਪ੍ਰਧਾਨ ਐਸ ਸੀ ਵਿੰਗ ਪੰਜਾਬ, ਸ੍ਰੀ ਚੁਸਪਿੰਦਰ ਸਿੰਘ ਚਹਿਲ, ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੁਭਾਸ਼ ਚੰਦਰ, ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਨੀਰੂ ਗਰਗ ਵੀ ਹਾਜ਼ਰ ਸਨ॥

# ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਲੋਕਾਂ ਦੇ ਨਾਲ-ਰਾਹਤ ਕਾਰਜ ਜੰਗੀ ਪੱਧਰ 'ਤੇ ਜਾਰੀ

**ਗੁਰਦਾਸਪੁਰ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਗੁਰਦਾਸਪੁਰ ਦੇ ਕੁਝ ਖੇਤਰਾਂ ਵਿੱਚ ਰਾਵੀ ਦਰਿਆ ਦੇ ਹੜ੍ਹ ਨਾਲ ਪ੍ਰਭਾਵਿਤ ਪਿੰਡਾਂ ਦੇ ਵਸਨੀਕਾਂ ਲਈ ਅੱਜ ਰਾਹਤ ਸਮਗਰੀ ਲੈ ਕੇ ਤਿਲਕ ਨਗਰ ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ ਅਤੇ ਹਲਕਾ ਅਮਰਗੜ੍ਹ ਤੋਂ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਦੀਨਾਨਗਰ ਵਿਖੇ ਪਹੁੰਚੇ। ਇਸ ਮੌਕੇ ਉਨ੍ਹਾਂ ਨਾਲ ਬਟਾਲਾ ਤੋਂ ਵਿਧਾਇਕ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਸ੍ਰੀ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ, ਸੀਨੀਅਰ ਆਪ ਆਗੂ ਸ਼ਮਸ਼ੇਰ ਸਿੰਘ, ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਨਵ-ਨਿਯੁਕਤ ਚੇਅਰਮੈਨ ਅਤੇ ਆਪ ਦੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ, ਜੁਗਰਾਜ ਸਿੰਘ ਐੱਸ.ਪੀ (ਐੱਚ) ਅਤੇ ਓਲੰਪੀਅਨ ਪੀ.ਸੀ.ਐੱਸ. ਅਧਿਕਾਰੀ ਰੁਪਿੰਦਰਪਾਲ ਸਿੰਘ ਵੀ ਹਾਜ਼ਰ ਸਨ।




ਤਿਲਕ ਨਗਰ ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ ਅਤੇ ਹਲਕਾ ਅਮਰਗੜ੍ਹ ਤੋਂ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਵੱਲੋਂ ਸਥਾਨਿਕ ਲੀਡਰਸ਼ਿਪ ਨਾਲ ਜਾ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਸਮਗਰੀ ਵੰਡੀ ਗਈ। ਇਸ ਰਾਹਤ ਸਮਗਰੀ ਵਿੱਚ ਕਣਕ, ਰਾਸ਼ਨ, ਸੁੱਕੀ ਰਸਦ, ਤਰਪਾਲਾਂ, ਮੱਛਰਦਾਨੀਆਂ, ਓਡੋਮੋਸ, ਬੱਚਿਆਂ ਦੇ ਕੱਪੜੇ, ਡਾਇਪਰ, ਸੈਨੇਟਰੀ ਪੈਡ ਅਤੇ ਘਰੇਲੂ ਜ਼ਰੂਰਤ ਵਾਲਾ ਸਮਾਨ ਸ਼ਾਮਲ ਸੀ।

ਰਾਵੀ ਦਰਿਆ ਤੋਂ ਪਾਰ ਦੇ ਪਿੰਡਾਂ ਵਿੱਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮਗਰੀ ਵੰਡਣ ਮੌਕੇ ਵਿਧਾਇਕ ਸ਼ੈਰੀ ਕਲਸੀ ਅਤੇ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਮੁੱਚੀ ਰਾਜ ਸਰਕਾਰ ਅਤੇ ਪਾਰਟੀ ਹੜ੍ਹ ਪ੍ਰਭਾਵਿਤ ਲੋਕਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਫ਼ਸਲਾਂ ਸਮੇਤ ਲੋਕਾਂ ਦਾ ਹੋਰ ਬਹੁਤ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਅਸੀਂ ਸਾਰੇ ਆਪਣੇ ਭਰਾਵਾਂ ਦੇ ਨਾਲ ਹਾਂ ਅਤੇ ਉਹ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਅੱਜ ਹੜ੍ਹ ਪੀੜ੍ਹਤ ਪਰਿਵਾਰਾਂ ਲਈ ਰਾਹਤ ਸਮਗਰੀ ਲੈ ਕੇ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਹੜ੍ਹ ਪੀੜ੍ਹਤਾਂ ਦੀ ਹਰ ਸੰਭਵ ਮਦਦ ਕਰ ਰਹੀ ਹੈ ਉਥੇ ਸਾਡਾ ਵੀ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਵੀ ਹੜ੍ਹ ਪੀੜ੍ਹਤਾਂ ਦੀ ਵੱਧ ਤੋਂ ਵੱਧ ਮਦਦ ਕਰੀਏ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਮਿਲ ਕੇ ਇਸ ਸੰਕਟ ਤੋਂ ਪਾਰ ਪਾ ਲਵਾਂਗੇ।

ਇਸ ਮੌਕੇ ਆਪ ਆਗੂ ਸ਼ਮਸ਼ੇਰ ਸਿੰਘ ਨੇ ਹੜ੍ਹ ਪੀੜ੍ਹਤਾਂ ਨੂੰ ਰਾਹਤ ਸਮਗਰੀ ਦੇਣ ਲਈ ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ ਅਤੇ ਹਲਕਾ ਅਮਰਗੜ੍ਹ ਤੋਂ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਤੇ ਉਨ੍ਹਾਂ ਦੇ ਸਾਥੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਅਸ਼ੋਕ ਮਾਨੂ, ਕੌਂਸਲਰ ਤਿਲਕ ਨਗਰ, ਸਰਪੰਚ ਜਗਦੀਸ਼ ਸਿੰਘ ਘੁੰਮਣ ਅਮਰਗੜ੍ਹ ਤੋਂ, ਸਰਪੰਚ ਹਰਦੀਪ ਸਿੰਘ ਮੰਡੀਆਂ, ਹਰਜੀਤ ਸਿੰਘ ਰਿੰਕੂ, ਸੁਭਾਸ਼ ਯਾਦਵ, ਮਨਇੰਦਰ ਸਿੰਘ ਚੰਡੋਕ, ਸਾਹਿਬ ਸਿੰਘ, ਦੀਪਕ ਸ਼ਰਮਾ, ਅਮਰੀਕ ਸਿੰਘ ਮਿੱਕੀ, ਗੁਰਵਿੰਦਰ ਸਿੰਘ, ਈਸ਼ਵਰ ਸਿੰਘ, ਕਰਨ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਗੋਲਡੀ ਵੀ ਮੌਜੂਦ ਸਨ।

## ਹੜ ਪ੍ਰਭਾਵਿਤ ਇਲਾਕਿਆਂ ਤੋਂ 4 ਹਜਾਰ ਲੋਕਾਂ ਨੂੰ ਸੁਰੱਖਿਤ ਬਾਹਰ ਕੱਢਿਆ

**ਫਾਜ਼ਿਲਕਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਫਾਜਿਲਕਾ ਦੇ ਸਰਹੱਦੀ ਪਿੰਡਾਂ ਵਿੱਚ ਹੁਣ ਤੱਕ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਵੱਖ ਵੱਖ ਟੀਮਾਂ ਨੇ 3953 ਲੋਕਾਂ ਨੂੰ ਸੁਰੱਖਿਤ ਬਾਹਰ ਕੱਢਿਆ ਹੈ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਦਿੱਤੀ ਹੈ। ਉਨਾਂ ਨੇ ਦੱਸਿਆ ਕਿ ਜ਼ਿਲ੍ਹੇ ਦੇ 39 ਪਿੰਡ ਹੜਾਂ ਨਾਲ ਪ੍ਰਭਾਵਿਤ ਹੋਏ ਹਨ ਅਤੇ ਇਹਨਾਂ ਪਿੰਡਾਂ ਦੀ 24,212 ਲੋਕਾਂ ਦੀ ਆਬਾਦੀ ਹੜਾਂ ਦੀ ਮਾਰ ਹੇਠ ਆਈ ਹੈ। ਉਨਾਂ ਨੇ ਦੱਸਿਆ ਕਿ ਹੁਣ ਤੱਕ 23 ਰਾਹਤ ਕੈਂਪ ਕਾਰਜਸ਼ੀਲ ਹਨ ਅਤੇ ਇਹਨਾਂ ਰਾਹਤ ਕੈਂਪਾਂ ਵਿੱਚ 2548 ਲੋਕ ਰਹਿ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਲਗਾਤਾਰ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ ਅਤੇ ਹੁਣ ਤੱਕ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ 8314 ਰਾਸ਼ਨ ਕਿੱਟਾਂ ਵੰਡੀਆਂ ਜਾ ਚੁੱਕੀਆਂ ਹਨ। ਇਸੇ ਤਰ੍ਹਾਂ ਲੋਕਾਂ ਦੇ ਦੁਧਾਰੂ ਜਾਨਵਰਾਂ ਲਈ 4750 ਬੈਗ ਕੈਟਲ ਫੀਡ ਦੇ ਵੀ ਵੰਡੇ ਗਏ ਹਨ। ਉਨਾਂ ਨੇ ਕਿਹਾ ਕਿ ਐਨਡੀਆਰਐਫ ਦੀਆਂ ਚਾਰ ਟੀਮਾਂ, ਫੌਜ ਦੀਆਂ ਦੋ ਯੂਨਿਟ ਅਤੇ ਇੱਕ ਟੀਮ ਬੀਐਸਐਫ ਦੀ ਰਾਹਤ ਕਾਰਜਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰ ਰਹੀ ਹੈ। ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਰਾਹਤ ਪਹੁੰਚਾਉਣ ਵਿੱਚ ਲਗਾਤਾਰ ਕਾਰਜਸ਼ੀਲ ਹੈ। ਉਨਾਂ ਨੇ ਲੋਕਾਂ ਤੋਂ ਮਿਲ ਰਹੇ ਸਹਿਯੋਗ ਲਈ ਲੋਕਾਂ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਹੈ ਕਿ ਲੋਕ ਰਾਹਤ ਕੈਂਪਾਂ ਵਿੱਚ ਬੇਝਿਜਕ ਆ ਸਕਦੇ ਹਨ, ਉੱਥੇ ਉਹਨਾਂ ਨੂੰ ਹਰ ਪ੍ਰਕਾਰ ਦੀ ਬੁਨਿਆਦੀ ਜਰੂਰਤ ਮੁਹਈਆ ਕਰਵਾਈ ਜਾਵੇਗੀ। ਉਹਨਾਂ ਕਿਹਾ ਕਿ ਕਿਸੇ ਵੀ ਪ੍ਰਕਾਰ ਦੀ ਸੂਚਨਾ ਜਾਂ ਜਾਣਕਾਰੀ ਲਈ ਜ਼ਿਲ੍ਹਾ ਪੱਧਰੀ ਹੜ ਕੰਟਰੋਲ ਰੂਮ ਦੇ ਫੋਨ ਨੰਬਰ 01638-262 153 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਖੜਾ ਡੈਮ ਤੋਂ ਛੱਡੇ ਜਾ ਰਹੇ ਪਾਣੀ ਦੇ ਘੱਟਣ ਨਾਲ ਪ੍ਰਭਾਵਿਤ ਪਿੰਡਾਂ ਨੂੰ ਮਿਲੇਗੀ ਵੱਡੀ ਰਾਹਤ- ਡਿਪਟੀ ਕਮਿਸ਼ਨਰ



**ਸ੍ਰੀ ਆਨੰਦਪੁਰ ਸਾਹਿਬ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਪਿਛਲੇ ਕਰੀਬ 24 ਘੰਟਿਆਂ ਤੋਂ ਭਾਖੜਾਂ ਡੈਮ ਤੋਂ ਲਗਾਤਾਰ 85 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਸੀ, ਪਰ ਹੁਣ ਚੰਗੀ ਗੱਲ ਇਹ ਹੈ ਕਿ ਪਾਣੀ ਦੀ ਮਾਤਰਾ 70 ਹਜ਼ਾਰ ਕਿਊਸਿਕ ਕਰ ਦਿੱਤੀ ਹੈ। ਇਸ ਨਾਲ ਉਹਨਾਂ ਪਿੰਡਾਂ ਨੂੰ ਰਾਹਤ ਮਿਲੇਗੀ, ਜਿਨ੍ਹਾਂ ਖੇਤਾਂ ਵਿੱਚ ਪਾਣੀ ਦਾਖ਼ਲ ਹੋ ਗਿਆ ਸੀ ਅਤੇ ਕਈ ਥਾਵਾਂ ਤੇ ਪਾਣੀ ਆਬਾਦੀ ਦੇ ਨੇੜੇ ਤੱਕ ਪਹੁੰਚ ਗਿਆ ਸੀ, ਉਹ ਹੁਣ ਸੁਰੱਖਿਅਤ ਹਨ।

ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰੂਪਨਗਰ ਸ੍ਰੀ ਵਰਜੀਤ ਵਾਲੀਆਂ ਨੇ ਨੰਗਲ ਦੇ ਹੜ੍ਹਾਂ ਵਰਗੇ ਹਾਲਾਤ ਨਾਲ ਜੂਝ ਰਹੇ ਪ੍ਰਭਾਵਿਤ ਪਿੰਡਾਂ ਦੇ ਦੌਰੇ ਦੌਰਾਨ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਭਾਖੜਾ ਡੈਮ ਵੱਲੋਂ ਵਾਧੂ ਮਾਤਰਾ ਵਿਚ ਪਾਣੀ ਛੱਡੇ ਜਾਣ ਅਤੇ ਹਿਮਾਚਲ ਪ੍ਰਦੇਸ਼ -ਪੰਜਾਬ ਅਤੇ ਬੀ.ਬੀ.ਐਮ.ਬੀ ਦੇ ਕੈਚਮੈਂਟ ਏਰੀਏ ਵਿਚ ਹੋਈ ਭਾਰੀ ਬਰਸਾਤ ਕਾਰਨ ਨੰਗਲ ਉਪ ਮੰਡਲ ਦੇ ਲਗਭਗ 15 ਪਿੰਡ ਤੇ ਸ੍ਰੀ ਅਨੰਦਪੁਰ ਸਾਹਿਬ ਦੇ 5-6 ਪਿੰਡ ਪ੍ਰਭਾਵਿਤ ਹੋਏ ਸਨ। ਸਾਰੇ ਪ੍ਰਭਾਵਿਤ ਪਿੰਡਾਂ ਵਿੱਚ ਰੈਸਕਿਊ ਟੀਮਾਂ ਐਕਟਿਵ ਹਨ, ਕੁਇਕ ਰਿਸਪਾਂਸ ਟੀਮ ਅਤੇ ਐਨਡੀਆਰਐਫ ਦੀਆਂ ਟੀਮਾਂ ਵੀ ਤੈਨਾਤ ਕੀਤੀਆ ਹੋਈਆ ਹਨ। ਜਿਹਨਾਂ ਨੂੰ ਵੀ ਰੈਸਕਿਊ ਦੀ ਲੋੜ ਪਈ, ਉਨ੍ਹਾਂ ਨੂੰ ਤੁਰੰਤ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਨੰਗਲ ਦੇ ਦੋ-ਤਿੰਨ ਪਿੰਡਾਂ ਨਾਲ ਸੜਕ ਸੰਪਰਕ ਟੁੱਟਿਆ ਹੋਇਆ ਹੈ, ਜਿੱਥੇ ਕਿਸ਼ਤੀਆਂ ਅਤੇ ਐਨਡੀਆਰਐਫ ਦੀਆਂ ਟੀਮਾਂ ਰਾਹੀਂ ਰੈਸਕਿਊ ਕਾਰਜ ਜਾਰੀ ਹਨ। ਹੋਰ ਪਿੰਡਾਂ ਤੱਕ ਟਰੈਕਟਰ-ਟਰਾਲੀਆਂ ਰਾਹੀਂ ਪਹੁੰਚ ਬਣਾਈ ਗਈ ਹੈ, ਮੈਡੀਕਲ ਟੀਮਾਂ, ਵੈਟਰਨਰੀ ਡਾਕਟਰਾਂ ਦੇ ਨਾਲ ਰਾਸ਼ਨ/ ਪਸ਼ੂ ਚਾਰਾ ਅਤੇ ਹੋਰ ਜ਼ਰੂਰੀ ਸਹੂਲਤਾਂ ਪਹੁੰਚਾਈਆਂ ਜਾ ਰਹੀਆਂ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਨੰਗਲ ਵਿੱਚ ਪੰਜ ਅਤੇ ਅਨੰਦਪੁਰ ਸਾਹਿਬ ਵਿੱਚ ਦੋ ਰਾਹਤ ਕੇਂਦਰ ਕਾਰਜਸ਼ੀਲ ਹਨ, ਜਿੱਥੇ 24 ਘੰਟੇ ਮੈਡੀਕਲ ਸਹਾਇਤਾ, ਐਮਬੂਲੈਂਸ, ਖਾਣਾ ਤੇ ਪੀਣ ਵਾਲਾ ਪਾਣੀ ਉਪਲੱਬਧ ਹੈ। ਲੋਕਾਂ ਨੂੰ ਵੀ ਲਗਾਤਾਰ ਅਪੀਲ ਕੀਤੀ ਜਾ ਰਹੀ ਹੈ ਕਿ ਜਿਹੜੇ ਘਰ ਲੋ-ਲਾਈਨ ਏਰੀਆ ਵਿੱਚ ਹਨ, ਉਹ ਰਾਹਤ ਕੈਂਪਾਂ ਵਿੱਚ ਸ਼ਿਫਟ ਹੋ ਜਾਣ। ਉਨ੍ਹਾਂ ਨੇ ਕਿਹਾ ਕਿ ਨੀਵੇ ਇਲਾਕਿਆਂ ਵਿੱਚ ਪਾਣੀ ਭਰਨ ਦਾ ਖਤਰ ਬਣਿਆ ਰਹਿੰਦਾ ਹੈ, ਪ੍ਰਸ਼ਾਸ਼ਨ ਦੀ ਤਰਜੀਹ ਹੈ ਕਿ ਹਰ ਵਿਅਕਤੀ, ਪਸ਼ੂ ਧੰਨ ਤੇ ਜਾਨ ਮਾਲ ਦੀ ਸੁਰੱਖਿਆਂ ਨੂੰ ਯਕੀਨੀ ਬਣਾਇਆ ਜਾਵੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਰ ਰਾਹਤ ਕੈਂਪ ਵਿੱਚ ਡਾਕਟਰ ਅਤੇ ਵੈਟਨਰੀ ਡਾਕਟਰ ਮੌਜੂਦ ਹਨ, ਸਾਰੇ ਪ੍ਰਬੰਧ ਮੁਕੰਮਲ ਹਨ ਹੁਣ ਅਸੀ ਪਿੰਡਾਂ ਵਿਚ ਜਿੱਥੇ ਪਾਣੀ ਲਗਾਤਾਰ ਉੱਤਰ ਰਿਹਾ ਹੈ, ਉਥੇ ਡਾਕਟਰੀ ਟੀਮਾਂ ਭੇਜ ਰਹੇ ਹਾਂ ਤਾਂ ਜੋ ਲੋਕਾਂ ਦੀ ਸਿਹਤ ਜਾਂਚ ਅਤੇ ਦਵਾਈਆਂ ਉਪਲੱਬਧ ਕਰਵਾਈਆਂ ਜਾਣ। ਡਿਪਟੀ ਕਮਿਸ਼ਨਰ ਨੇ ਅਗੰਮਪੁਰ ਦੇ ਪੁਲ ਦਾ ਵੀ ਜਾਇਜ਼ਾ ਲਿਆ, ਉਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਖੇਤਰ ਵਿੱਚ ਕੀਤੇ ਰਾਹਤ ਪ੍ਰਬੰਧਾਂ ਤੇ ਤਸੱਲੀ ਪ੍ਰਗਟ ਕਰਦੇ ਹੋਏ ਕਿਹਾ ਕਿ ਪ੍ਰਸਾਸ਼ਨ ਦਾ ਪੰਚਾਂ, ਸਰਪੰਚਾਂ, ਨੰਬਰਦਾਰਾਂ, ਧਾਰਮਿਕ ਅਤੇ ਸਮਾਜਿਕ ਸੰਗਠਨਾਂ ਨਾਲ ਬਿਹਤਰ ਤਾਲਮੇਲ ਬਹੁਤ ਹੀ ਕਾਰਗਰ ਸਿੱਧ ਹੋਇਆ ਹੈ। ਡੈਮ ਤੋ ਪਾਣੀ ਛੱਡਣ ਅਤੇ ਮੌਸਮ ਦੀ ਪੇਸ਼ਨਗੋਈ ਦੀ ਜਾਣਕਾਰੀ ਦੂਰ ਦੁਰਾਂਡੇ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਲੋਕਾਂ ਤੱਕ ਸੋਸ਼ਲ ਮੀਡੀਆ ਰਾਹੀ ਪਹੁੰਚਾਈ ਗਈ, ਜਿਸ ਨਾਲ ਲੋਕਾਂ ਨੇ ਪਹਿਲਾ ਹੀ ਆਪਣੇ ਘਰਾਂ ਵਿੱਚ ਲੋੜੀਦੇ ਪ੍ਰਬੰਧ ਮੁਕੰਮਲ ਕਰ ਲਏ। ਉਨ੍ਹਾ ਨੇ ਕਿਹਾ ਕਿ ਅਫਵਾਹਾ ਤੇ ਬਿਲਕੁਲ ਭਰੋਸਾ ਨਾ ਕਰੋ, ਪ੍ਰਸਾਸ਼ਨ ਹਰ ਸਮੇ ਤੁਹਾਡੀ ਸਹਾਇਤਾ ਲਈ ਮੋਜੂਦ ਹੈ। ਐਸ.ਐਸ.ਪੀ ਰੂਪਨਗਰ ਗੁਲਨੀਤ ਸਿੰਘ ਖੁਰਾਨਾ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆਂ ਨੂੰ ਤਰਜੀਹ ਦਿੱਤੀ ਹੈ, ਸਾਡੇ ਪੁਲਿਸ ਕਰਮਚਾਰੀ, ਐਨ.ਡੀ.ਆਰ.ਐਫ ਦੀਆਂ ਟੀਮਾ ਅਤੇ ਹੋਰ ਸੁਰੱਖਿਆਂ ਵਿਚ ਤੈਨਾਤ ਅਧਿਕਾਰੀਆਂ ਕਰਮਚਾਰੀਆਂ ਨੇ ਪੂਰੀ ਮਿਹਨਤ,ਲਗਨ ਤੇ ਤਨਦੇਹੀ ਨਾਲ ਆਪਣੀ ਡਿਊਟੀ ਕੀਤੀ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਚੰਦਰਜਯੋਤੀ ਸਿੰਘ, ਐਸ.ਡੀ.ਐਮ ਨੰਗਲ ਸਚਿਨ ਪਾਠਕ, ਐਸ.ਡੀ.ਐਮ ਸ੍ਰੀ ਅਨੰਦਪੁਰ ਸਾਹਿਬ ਜਸਪ੍ਰੀਤ ਸਿੰਘ, ਡੀ.ਐਸ.ਪੀ ਨੰਗਲ ਕੁਲਵੀਰ ਸਿੰਘ, ਡੀ.ਐਸ.ਪੀ ਸ੍ਰੀ ਅਨੰਦਪੁਰ ਸਾਹਿਬ ਅਜੇ ਸਿੰਘ ਸਮੇਤ ਵੱਖ ਵੱਖ ਵਿਭਾਗਾ ਦੇ ਅਧਿਕਾਰੀ ਹਾਜ਼ਰ ਸਨ।

# ਕੇਂਦਰੀ ਸਰਕਾਰ ਦੀ ਟੀਮ ਨੇ ਦਰਿਆ ਸਤਲੁਜ ਅਤੇ ਬਿਆਸ ਦਾ ਦੌਰਾ ਕਰਦਿਆਂ ਜ਼ਿਲ੍ਹਾ ਤਰਨ ਤਾਰਨ ਵਿੱਚ ਹੜਾਂ ਕਾਰਨ ਹੋਏ ਨੁਕਸਾਨ ਦਾ ਲਿਆ ਜਾਇਜ਼ਾ



**ਤਰਨ ਤਾਰਨ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਮੁਆਇਨਾ ਕਰਨ ਲਈ ਭਾਰਤ ਸਰਕਾਰ ਵੱਲੋਂ ਭੇਜੀ ਗਈ ਕੇਂਦਰੀ ਟੀਮ, ਜਿਸ ਵਿੱਚ ਸ਼੍ਰੀ ਸੁਦੀਪ ਦੱਤਾ ਅੰਡਰ ਸੈਕਟਰੀ ਦਿਹਾਤੀ ਵਿਕਾਸ ਮੰਤਰਾਲਾ ਭਾਰਤ ਸਰਕਾਰ, ਲਕਸ਼ਮਣ ਰਾਮ ਬੁਲਡਕ ਡਾਇਰੈਕਟਰ ਐਗਰੀਕਲਚਰ, ਪ੍ਰਕਾਸ਼ ਚੰਦ ਡਿਪਟੀ ਡਾਇਰੈਕਟਰ ਮਨਿਸਟਰੀ ਆਫ ਜਲ ਸ਼ਕਤੀ, ਆਰ. ਕੇ. ਤਿਵਾੜੀ ਸੀ. ਈ. ਏ. ਪਾਵਰ ਮੰਤਰਾਲਾ ਸ਼ਾਮਿਲ ਹਨ, ਵੱਲੋਂ ਅੱਜ ਜ਼ਿਲ੍ਹਾ ਤਰਨ ਤਾਰਨ ਦੇ ਹਰੀਕੇ ਪੱਤਣ ਪੁਲ ਵਿਖੇ ਦਰਿਆ ਸਤਲੁਜ ਅਤੇ ਗੋਇੰਦਵਾਲ ਵਿਖੇ ਦਰਿਆ ਬਿਆਸ ਦਾ ਦੌਰਾ ਕਰਦਿਆਂ ਜ਼ਿਲ੍ਹੇ ਵਿੱਚ ਹੜਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਆਈ. ਏ. ਐੱਸ., ਐੱਸ. ਐੱਸ. ਪੀ. ਸ੍ਰੀ ਦੀਪਕ ਪਾਰਿਕ, ਵਧੀਕ ਡਿਪਟੀ ਕਮਿਸ਼ਨਰ ਜਨਰਲ ਸ੍ਰੀ ਰਾਜਦੀਪ ਸਿੰਘ ਬਰਾੜ, ਵਧਕਿ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸੰਜੀਵ ਸ਼ਰਮਾਂ ਤੋਂ ਇਲਾਵਾ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਵੀ ਉਨ੍ਹਾਂ ਨਾਲ ਸਨ।ਇਸ ਦੌਰਾਨ ਕੇਂਦਰੀ ਟੀਮ ਵੱਲੋਂ ਹਰੀਕੇ ਪੱਤਣ ਵਿਖੇ ਦਰਿਆ ਸਤਲੁਜ ਅਤੇ ਗੋਇੰਦਵਾਲ ਸਾਹਿਬ ਵਿਖੇ ਦਰਿਆ ਬਿਆਸ ਦਾ ਦੌਰਾ ਕਰਕੇ ਜ਼ਿਲ੍ਹਾ ਅਧਿਕਾਰੀਆਂ ਤੋਂ ਹੜਾਂ ਕਾਰਨ ਹੋਏ ਨੁਕਸਾਨ ਦੀ ਜ਼ਮੀਨੀ ਪੱਧਰ ਦੀ ਜਾਣਕਾਰੀ ਹਾਸਲ ਕੀਤੀ ਗਈ।

ਇਸ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਨੇ ਕੇਂਦਰੀ ਟੀਮ ਨੂੰ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਹੜ ਪ੍ਰਭਾਵਿਤਾਂ ਇਲਾਕਿਆਂ ਵਿੱਚ ਲੋਕਾਂ ਨੂੰ ਮੁਹੱਈਆਂ ਕਰਵਾਈਆਂ ਜਾ ਰਹੀਆਂ ਬੁਨਿਆਦੀ ਸੁਵਿਧਾਵਾਂ ਅਤੇ ਦਰਿਆਈ ਕੰਢਿਆਂ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਕਾਰਜਾਂ ਅਤੇ ਦਰਿਆਈ ਪਾਣੀ ਦੀ ਮਾਰ ਹੇਠ ਆਉਣ ਕਰਕੇ ਫਸਲਾਂ ਦੇ ਹੋਏ ਨੁਕਸਾਨ ਸਬੰਧੀ ਜਾਣਕਾਰੀ ਦਿੱਤੀ।

# ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਅਧਿਆਪਕ ਦਿਵਸ ਮੌਕੇ ਸਮੂਹ ਅਧਿਆਪਕਾਂ ਨੂੰ ਦਿੱਤੀ ਵਧਾਈ

**ਸ੍ਰੀ ਆਨੰਦਪੁਰ ਸਾਹਿਬ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਸਿੱਖਿਆ ਮੰਤਰੀ ਪੰਜਾਬ ਸ.ਹਰਜੋਤ ਸਿੰਘ ਬੈਂਸ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਨੇ ਸਮੁੱਚੀ ਲੋਕਾਈ ਨੂੰ ਮਹਾਨ ਸਿੱਧ ਯੋਧੇ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਰਘਰੇਟੇ ਗੁਰੂ ਕੇ ਬੇਟੇ ਦੇ ਜਨਮ ਦਿਹਾੜੇ ਦੀ ਲੱਖ ਲੱਖ ਵਧਾਈ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਭਾਈ ਜੈਤਾ ਜੀ ਸ੍ਰੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸੇਵਕ ਸਨ, ਜੋ ਹਿੰਦੀ ਦੀ ਚਾਦਰ ਨੋਂਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ਼ ਚਾਂਦਨੀ ਚੌਕ ਦਿੱਲੀ ਤੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੈ ਕੇ ਆਏ ਸਨ।

ਸਿੱਖਿਆ ਮੰਤਰੀ ਨੇ ਅੱਜ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਆਪਣੇ ਸਮੁੱਚੇ ਸਿੱਖਿਆ ਪਰਿਵਾਰ, ਅਧਿਆਪਕਾਂ, ਪੈਨਸ਼ਨਰਾਂ, ਮਿਡ ਡੇ ਮੀਲ ਵਰਕਰਾਂ ਅਤੇ ਸਿੱਖਿਆ ਵਿਭਾਗ ਵਿਚ ਵੱਖ ਵੱਖ ਅਹੁਦਿਆਂ ਤੇ ਕੰਮ ਕਰ ਰਹੇ ਸਾਥੀਆਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੇ ਸਿੱਖਿਆ ਦੇ ਖੇਤਰ ਵਿਚ ਦੇਸ਼ ਭਰ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਇਹ ਸਿਹਰਾ ਸਿੱਖਿਆ ਵਿਭਾਗ ਵਿਚ ਕੰਮ ਕਰ ਰਹੇ ਸਾਥੀਆਂ ਦੇ ਸਿਰ ਤੇ ਹੈ, ਉਹ ਹੀ ਅਸਲ ਨਾਇਕ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਮੋਜੂਦਾ ਹਾਲਾਤ ਨੂੰ ਮੁੱਖ ਰੱਖਦੇ ਹੋਏ ਅਧਿਆਪਕ ਦਿਵਸ ਮੌਕੇ ਹੋਣ ਵਾਲਾ ਰਾਜ ਪੱਧਰੀ ਸਮਾਗਮ ਮੁਲਤਵੀ ਕਰ ਰਹੇ ਹਾਂ। ਸਿੱਖਿਆ ਮੰਤਰੀ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਦਿਵਸ ਦੀ ਸਮੁੱਚੀ ਸੰਗਤ ਨੂੰ ਵਧਾਈ ਦਿੱਤੀ ਹੈ।

# ਐਸ.ਡੀ.ਐਮ. ਰਾਮਪੁਰਾ ਨੂੰ ਹੜ੍ਹ ਪੀੜਤਾਂ ਦੀ ਮਦਦ ਲਈ 51 ਹਜ਼ਾਰ ਰੁਪਏ ਦਾ ਚੈੱਕ ਭੇਂਟ

**ਬਠਿੰਡਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਐਸ.ਡੀ.ਐਮ. ਰਾਮਪੁਰਾ ਸ਼੍ਰੀ ਸੁਨੀਲ ਕੁਮਾਰ ਨੂੰ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ 51 ਹਜ਼ਾਰ ਰੁਪਏ ਦਾ ਚੈੱਕ ਭੇਂਟ ਕੀਤਾ। ਇਸ ਮੌਕੇ ਐਸਡੀਐਮ ਸ਼੍ਰੀ ਸੁਨੀਲ ਕੁਮਾਰ ਨੇ ਸੰਸਥਾਵਾਂ ਦੇ ਨੁਮਾਇੰਦਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ।

ਇਸ ਮੌਕੇ ਐਸਡੀਐਮ ਨੇ ਸਮਾਜਸੇਵੀ ਸ਼੍ਰੀ ਤਰਸੇਮ ਚੰਦ ਜੇਠੀ (ਸੇਵਾ ਮੁਕਤ ਬੈਂਕ ਮੈਨੇਜਰ), ਕੌਂਸਲਰ ਸ਼੍ਰੀ ਸੁਨੀਲ ਕੁਮਾਰ ਬਿੱਟਾ ਅਤੇ ਮੁਕੇਸ਼ ਬਾਂਸਲ ਨੂੰ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਨੇਕ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਉਨ੍ਹਾਂ ਐਸਡੀਐਮ ਨੂੰ ਵਿਸ਼ਵਾਸ਼ ਦਿਵਾਉਂਦਿਆਂ ਕਿਹਾ ਕਿ ਉਨ੍ਹਾਂ ਵਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਦੀ ਸਹਾਇਤਾ ਲਈ ਲੋੜ ਅਨੁਸਾਰ ਭਵਿੱਖ ਵਿੱਚ ਹਰ ਸੰਭਵ ਮਦਦ ਕੀਤੀ ਜਾਵੇਗੀ।




ਇਸ ਦੌਰਾਨ ਐਸਡੀਐਮ ਨੇ ਆਮ ਲੋਕਾਂ ਨੂੰ ਵੀ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਮਦਦ ਲਈ ਸੁੱਕੇ ਰਾਸ਼ਨ, ਪੀਣ ਵਾਲੇ ਪਾਣੀ ਅਤੇ ਤਰਪਾਲਾਂ ਤੋਂ ਇਲਾਵਾ ਪਸ਼ੂਆਂ ਲਈ ਚਾਰੇ ਆਦਿ ਦੀ ਸੇਵਾ ਲਈ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ।

# ਬੀਬੀਐੱਮਬੀ ਵੱਲੋਂ ਮੁੜ ਪੰਜਾਬ 'ਤੇ ਨਿਸ਼ਾਨਾ

**ਚੰਡੀਗੜ੍ਹ, 10 ਸਤੰਬਰ-ਕੌਮੀ ਪੱਤ੍ਰਿਕਾ ਬਿਊਰੋ-**
ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਅੱਜ ਅਸਿੱਧੇ ਤਰੀਕੇ ਨਾਲ ਹੜ੍ਹਾਂ ਦੀ ਸਥਿਤੀ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੈ।ਚੇਅਰਮੈਨ ਨੇ ਪੰਜਾਬ 'ਚ ਹੜ੍ਹਾਂ ਦੀ ਸਥਿਤੀ ਦੌਰਾਨ ਵੱਡੀ ਤਬਾਹੀ ਤੋਂ ਬਚਾਉਣ 'ਚ ਡੈਮਾਂ ਦੀ ਭੂਮਿਕਾ ਅਹਿਮ ਰਹਿਣ ਦਾ ਤਰਕ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਭਾਖੜਾ ਡੈਮ ਨੇ ਪਹਾੜਾਂ ਚੋਂ ਆਏ ਪਾਣੀ ਨੂੰ ਸੰਭਾਲਿਆ ਹੈ।

# ਐੱਸ.ਐੱਸ.ਪੀ.ਸੁਹੇਲ ਕਾਸਿਮ ਮੀਰ ਦੀ ਅਗਵਾਈ ਵਿੱਚ ਲੋੜਵੰਦ ਲੋਕਾਂ ਤੱਕ ਕੀਤੀ ਪਹੁੰਚ-ਰਾਹਤ ਸਮੱਗਰੀ ਵੰਡੀ

**ਬਟਾਲਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਹੜ੍ਹ ਪ੍ਰਭਾਵਿਤ ਖੇਤਰਾਂ ਤੱਕ ਬਟਾਲਾ ਪੁਲਿਸ ਵਲੋਂ ਲਗਾਤਾਰ ਪਹੁੰਚ ਕੀਤੀ ਜਾ ਰਹੀ ਹੈ ਅਤੇ ਸੰਕਟ ਦੀ ਇਸ ਘੜੀ ਵਿੱਚ ਲੋਕਾਂ ਦੇ ਨਾਲ ਡੱਟ ਕੇ ਖੜੀ ਹੈ।

ਐੱਸ.ਐੱਸ.ਪੀ. ਸੁਹੇਲ ਕਾਸਿਮ ਮੀਰ ਖ਼ੁਦ ਹੜ੍ਹ ਪੀੜਤ ਪਿੰਡਾਂ ਵਿੱਚ ਪਹੁੰਚ ਕੇ ਹਾਲਤਾਂ ਦੀ ਸਮੀਖਿਆ ਕਰ ਰਹੇ ਹਨ ਅਤੇ ਲੋਕਾਂ ਨੂੰ ਤੁਰੰਤ ਰਾਹਤ ਪਹੁੰਚਾਉਣ ਲਈ ਮੋਹਰੀ ਭੂਮਿਕਾ ਨਿਭਾ ਰਹੇ ਹਨ।

ਐੱਸ.ਐੱਸ.ਪੀ. ਬਟਾਲਾ ਦੀ ਅਗਵਾਈ ਹੇਠ ਬਟਾਲਾ ਪੁਲਿਸ ਵਲੋਂ ਡੇਰਾ ਬਾਬਾ ਨਾਨਕ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਗੁੱਜਰ ਡੇਰਿਆਂ, ਪ੍ਰਭਾਵਿਤ ਖੇਤਰਾਂ ਅਤੇ ਰਾਹਤ ਕੈਂਪਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾ ਰਹੀ ਹੈ ਅਤੇ ਲੋੜਵੰਦਾਂ ਨੂੰ ਸਮੇਂ ਸਿਰ ਰਾਹਤ ਪਹੁੰਚਾ ਰਹੀ ਹੈ।



ਐੱਸ.ਐੱਸ.ਪੀ ਬਟਾਲਾ ਨੇ ਦੱਸਿਆ ਕਿ ਬਟਾਲਾ ਪੁਲਿਸ ਲੋਕਾਂ ਦੇ ਨਾਲ ਹੈ ਅਤੇ ਰਾਹਤ ਕਾਰਜ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰਹਿਣਗੇ।

ਐੱਸ.ਐੱਸ.ਪੀ. ਨੇ ਪੁਲਿਸ ਟੀਮ ਨੂੰ ਸਪਸ਼ਟ ਨਿਰਦੇਸ਼ ਦਿੱਤੇ ਕਿ ਹਰੇਕ ਪ੍ਰਭਾਵਿਤ ਪਰਿਵਾਰ ਤੱਕ ਸਮੇਂ-ਸਿਰ ਮਦਦ ਪਹੁੰਚਾਈ ਜਾਵੇ ਅਤੇ ਕਿਸੇ ਨੂੰ ਵੀ ਜ਼ਰੂਰੀ ਸਹੂਲਤਾਂ ਤੋਂ ਵਾਂਝਾ ਨਾ ਰਹਿਣਾ ਪਵੇ। ਉਨ੍ਹਾਂ ਦੇ ਇਸ ਦੌਰੇ ਨਾਲ ਹੜ੍ਹ ਪੀੜਤ ਲੋਕਾਂ ਵਿੱਚ ਇੱਕ ਨਵੀਂ ਉਮੀਦ ਤੇ ਭਰੋਸਾ ਪੈਦਾ ਹੋਇਆ ਹੈ ਕਿ ਬਟਾਲਾ ਪੁਲਿਸ ਵਾਕਈ ਲੋਕਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।

# ਪੰਜਾਬ ਸੰਕਟ ਵਿੱਚ, ਹਰ ਪੰਜਾਬੀ ਮਦਦ ਲਈ ਅੱਗੇ ਆਉਣ : ਪੁਨੀਤ ਸਾਹਨੀ

**ਲੁਧਿਆਣਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਆਮ ਆਦਮੀ ਪਾਰਟੀ ਲੁਧਿਆਣਾ ਸ਼ਹਿਰੀ ਦੇ ਮੀਡੀਆ ਇੰਚਾਰਜ ਪੁਨੀਤ ਸਾਹਨੀ ਨੇ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਜੋ ਹੜ੍ਹ ਆ ਰਿਹਾ ਹੈ, ਸ਼ਾਇਦ ਅਜਿਹਾ ਹੜ੍ਹ ਸਦੀਆਂ ਬਾਅਦ ਆਇਆ ਹੈ, ਪੰਜਾਬ ਦੇ 8 ਜ਼ਿਲ੍ਹੇ ਹੜ੍ਹਾਂ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹਨ। ਹਿਮਾਚਲ, ਉਤਰਾਖੰਡ, ਜੰਮੂ-ਕਸ਼ਮੀਰ ਵਿੱਚ ਜੋ ਤਬਾਹੀ ਹੋ ਰਹੀ ਹੈ, ਉਸਦਾ ਅਸਰ ਪੰਜਾਬ 'ਤੇ ਵੀ ਪੈ ਰਿਹਾ ਹੈ। ਜਿਸ ਕਾਰਨ ਪਾਣੀ ਵੱਧ ਰਿਹਾ ਹੈ, ਉਨ੍ਹਾਂ ਦੀ ਸਾਰੇ ਪੰਜਾਬੀਆਂ ਨੂੰ ਬੇਨਤੀ ਹੈ ਕਿ ਸਾਨੂੰ ਆਪਣੇ ਹੜ੍ਹ ਪ੍ਰਭਾਵਿਤ ਭਰਾਵਾਂ ਅਤੇ ਭੈਣਾਂ ਨਾਲ ਖੜ੍ਹੇ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਮੇਰੀ ਅਪੀਲ ਹੈ ਕਿ ਲੰਗਰ ਦਾ ਪੈਸਾ ਬਚਾ ਕੇ, ਤਨ, ਮਨ ਅਤੇ ਧਨ ਨਾਲ ਹੜ੍ਹ ਪੀੜਤਾਂ ਦੀ ਮਦਦ ਕਰੋ, ਇਹੀ ਅਸਲ ਲੰਗਰ ਹੈ।

# ਨਿਕਾਸੀ ਨਾ ਹੋਣ ਕਾਰਨ ਸੜਕ ਬਣੀ ਨਹਿਰ

**ਸ਼ਾਹਬਾਦ ਮਾਰਕੰਡਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਇੱਥੋਂ ਦੇ ਬਾਬੈਨ ਵਿਚ ਪਿਪਲੀ ਰੋਡ 'ਤੇ ਮੀਂਹ ਦਾ ਪਾਣੀ ਇੱਕਠਾ ਹੋਣ ਕਾਰਨ ਇਹ ਸੜਕ ਨਹਿਰ ਵਿਚ ਬਦਲ ਗਈ। ਸੜਕ ਦੀ ਨਿਕਾਸੀ ਨਾ ਹੋਣ ਕਾਰਨ ਮੀਂਹ ਦਾ ਪਾਣੀ ਤਹਿਸੀਲ ਦੇ ਮੈਦਾਨ ਵਿਚ ਦਾਖਲ ਹੋ ਗਿਆ, ਜਿਸ ਕਾਰਨ ਆਉਣ ਜਾਣ ਵਾਲਿਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਬਾਬੈਨ ਦੇ ਸਰਪੰਜ ਸੰਜੀਵ ਸਿੰਗਲਾ ਨੇ ਜੇ ਸੀ ਬੀ ਦੀ ਵਰਤੋਂ ਕਰ ਕਈਂ ਥਾਵਾਂ ਤੋਂ ਨਜਾਇਜ਼ ਕਬਜ਼ੇ ਹਟਾ ਕੇ ਪਿਪਲੀ ਰੋਡ 'ਤੇ ਕਈ ਹੋਰ ਕਲੋਨੀਆਂ ਵਿਚੋਂ ਮੀਂਹ ਦੇ ਪਾਣੀ ਦੀ ਨਿਕਾਸੀ ਨੂੰ ਬਹਾਲ ਕੀਤਾ।



ਹਾਲਾਂਕਿ ਲੋਕ ਨਿਰਮਾਣ ਵਿਭਾਗ ਨੇ ਪਿਪਲੀ ਰੋਡ 'ਤੇ ਪਾਣੀ ਦੀ ਨਿਕਾਸੀ ਲਈ ਸੜਕ ਦੇ ਦੋਵੇਂ ਪਾਸੇ ਨਾਲੀਆਂ ਬਣਾਈਆਂ ਹਨ। ਪਰ ਇਹ ਨਾਲੀਆਂ ਕਈ ਥਾਵਾਂ ਤੋਂ ਟੁੱਟਣ ਕਾਰਨ ਪਾਣੀ ਦੀ ਨਿਕਾਸੀ ਨਹੀਂ ਹੁੰਦੀ ਅਤੇ ਪਾਣੀ ਸੜਕ 'ਤੇ ਹੀ ਖੜ੍ਹਾ ਰਹਿੰਦਾ ਹੈ।

ਗ੍ਰਾਮ ਪੰਚਾਇਤ ਬਾਬੈਨ ਨੇ ਇਸ ਸੜਕ ਅਤੇ ਇਸ ਦੇ ਨਾਲ ਲਗਦੀਆਂ ਕਲੋਨੀਆਂ ਵਿਚੋਂ ਪਾਣੀ ਦੀ ਨਿਕਾਸੀ ਨੂੰ ਬਹਾਲ ਕਰਨ ਲਈ ਇਕ ਨਵੀਂ ਪਾਈਪ ਲਾਈਨ ਵਿਛਾਈ ਹੈ ਤਾਂ ਜੋ ਲੋਕਾਂ ਨੂੰ ਮੀਂਹ ਦੇ ਪਾਣੀ ਨਾਲ ਕੋਈ ਮੁਸ਼ਕਿਲ ਨਾ ਆਏ।

ਸਰਪੰਚ ਸੰਜੀਵ ਨੇ ਪਾਣੀ ਦੀ ਨਿਕਾਸੀ ਲਈ ਬਾਬੈਨ ਤੋਂ ਸਰਸਵਤੀ ਨਦੀ ਤੱਕ ਕੰਕਰੀਟ ਦਾ ਨਾਲਾ ਬਣਾਉਣ ਦੀ ਮੰਗ ਕੀਤੀ ਹੈ। ਤਾਂ ਜੋ ਬਰਸਾਤ ਨਾਲ ਹੋਣ ਵਾਲੇ ਹਰ ਸਾਲ ਦੇ ਨੁਕਸਾਨ ਤੋਂ ਬਚਿੱਆ ਜਾ ਸਕੇ।

# ਡਿਪਟੀ ਕਮਿਸ਼ਨਰ ਨੇ ਸਰਕਾਰੀ ਨੌਕਰੀ ਹਾਸਿਲ ਕਰਨ ਵਾਲੇ ਲਾਭਪਾਤਰੀਆਂ ਨੂੰ ਮੁੱਖ ਮੰਤਰੀ ਵੱਲੋਂ ਭੇਜੇ ਗਏ ਪ੍ਰਸ਼ੰਸਾ ਪੱਤਰ ਵੰਡੇ

**ਤਰਨ ਤਾਰਨ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਆਈ. ਏ. ਐੱਸ. ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਰਨ ਵਿਖੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਨੌਂਕਰੀ ਹਾਸਿਲ ਕਰਨ ਵਾਲੇ ਜ਼ਿਲ੍ਹਾ ਤਰਨ ਤਾਰਨ ਦੇ ਲਾਭਪਾਤਰੀਆਂ ਨੂੰ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਭੇਜੇ ਗਏ ਪ੍ਰਸ਼ੰਸਾ ਪੱਤਰ ਦਿੱਤੇ ਗਏ,



ਇਸ ਮੌਕੇ ਉਨਾਂ ਸਮੂਹ ਨੌਜਵਾਨਾ ਨੂੰ ਵਧਾਈ ਦਿੰਦਿਆ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ।

ਜਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਤਰਨ ਤਾਰਨ ਦੇ 31 ਲਾਭਪਾਤਰੀਆਂ ਨੂੰ ਮੈਰਿਟ ਦੇ ਆਧਾਰ @ਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਨੌਕਰੀ ਮੁਹੱਈਆ ਕਰਵਾਈ ਗਈ ਹੈ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਪੰਜਾਬ ਲਈ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ

## ਮ੍ਰਿਤਕਾਂ ਦੇ ਵਾਰਸਾਂ ਲਈ 2 ਲੱਖ ਰੁਪਏ ਅਤੇ ਜ਼ਖਮੀਆਂ ਲਈ 50,000 ਰੁਪਏ ਦਾ ਮੁਆਵਜ਼ਾ ਐਲਾਨਿਆ; ਹਵਾਈ ਸਰਵੇਖਣ ਕਰਨ ਤੋਂ ਬਾਅਦ ਗੁਰਦਾਸਪੁਰ ਪੁੱਜੇ; ਹੜ੍ਹ ਪੀੜਤਾਂ ਤੇ ਐਨਡੀਆਰਐਫ ਟੀਮ ਨਾਲ ਵੀ ਕੀਤੀ ਮੁਲਾਕਾਤ

**ਚੰਡੀਗੜ੍ਹ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕਾਂ ਦੇ ਵਾਰਸਾਂ ਨੂੰ ਦੋ-ਦੋ ਲੱਖ ਰੁਪਏ ਤੇ ਜ਼ਖਮੀਆਂ ਨੂੰ 50 ਹਜ਼ਾਰ ਹਰੇਕ ਦਾ ਮੁਆਵਜ਼ਾ ਦਿੱਤਾ ਜਾਵੇਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ। ਇਸ ਤੋਂ ਬਾਅਦ ਉਹ ਗੁਰਦਾਸਪੁਰ ਪੁੱਜੇ ਜਿੱਥੇ ਉਨ੍ਹਾਂ ਹੜ੍ਹ ਪੀੜਤਾਂ ਨਾਲ ਮੁਲਾਕਾਤ ਕੀਤੀ। ਸ੍ਰੀ ਮੋਦੀ ਨੇ ਇੱਥੇ ਐਨਡੀਆਰਐਫ ਟੀਮ ਨਾਲ ਵੀ ਮੁਲਾਕਾਤ ਕੀਤੀ। ਇਸ ਤੋਂ ਬਾਅਦ ਸ੍ਰੀ ਮੋਦੀ ਨੇ ਕਿਸਾਨਾਂ ਨਾਲ ਵੀ ਮੁਲਾਕਾਤ ਕੀਤੀ। ਕਿਸਾਨਾਂ ਨੇ ਸ੍ਰੀ ਮੋਦੀ ਨੂੰ ਦੱਸਿਆ ਕਿ ਉਨ੍ਹਾਂ ਨੂੰ ਸਾਲ 2023 ਦਾ ਵੀ ਮੁਆਵਜ਼ਾ ਨਹੀਂ ਮਿਲਿਆ ਹੈ। ਇਸ ਮੌਕੇ ਕੇਂਦਰੀ ਮੰਤਰੀ ਰਵਨੀਤ ਬਿੱਟੂ ਤੇ ਸੁਨੀਲ ਜਾਖੜ ਵੀ ਮੌਜੂਦ ਸਨ।



ਪੰਜਾਬ ਵਿਚ ਸਾਲ 1988 ਤੋਂ ਬਾਅਦ ਹੁਣ ਹੜ੍ਹਾਂ ਨਾਲ ਵੱਡੇ ਪੱਧਰ ’ਤੇ ਤਬਾਹੀ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਵਿੱਚ ਹੜ੍ਹ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਇੱਕ ਦਿਨ ਦੇ ਦੌਰੇ ’ਤੇ ਆਏ ਹਨ। ਸ੍ਰੀ ਮੋਦੀ ਨੇ ਪੰਜਾਬ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਜ਼ਮੀਨੀ ਸਥਿਤੀ ਬਾਰੇ ਜਾਣਕਾਰੀ ਹਾਸਲ ਕੀਤੀ। ਸ੍ਰੀ ਮੋਦੀ ਹਿਮਾਚਲ ਪ੍ਰਦੇਸ਼ ਦੀ ਆਪਣੀ ਫੇਰੀ ਤੋਂ ਬਾਅਦ ਪੰਜਾਬ ਆਏ ਸਨ।

ਦਿੱਲੀ ਤੋਂ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਲਈ ਰਵਾਨਾ ਹੋਣ ਵੇਲੇ ਪ੍ਰਧਾਨ ਮੰਤਰੀ ਮੋਦੀ ਨੇ ਐਕਸ ’ਤੇ ਲਿਖਿਆ, ‘ਭਾਰਤ ਸਰਕਾਰ ਇਸ ਦੁਖਦਾਈ ਘੜੀ ਵਿੱਚ ਪੀੜਤਾਂ ਨਾਲ ਡਟ ਕੇ ਖੜ੍ਹੀ ਹੈ।’ ਜ਼ਿਕਰਯੋਗ ਹੈ ਕਿ ਪੰਜਾਬ ਇਸ ਵੇਲੇ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰ ਰਿਹਾ ਹੈ। ਇਹ ਹੜ੍ਹ ਸਤਲੁਜ, ਬਿਆਸ ਅਤੇ ਰਾਵੀ ਵਿਚ ਪਾਣੀ ਵਧਣ ਤੇ ਹਿਮਾਚਲ ਪ੍ਰਦੇਸ਼ ਅਤੇ ਜੰਮੂ ਅਤੇ ਕਸ਼ਮੀਰ ਵਿੱਚ ਭਾਰੀ ਮੀਂਹ ਕਾਰਨ ਆਏ ਹਨ।

# ਸੀਪੀ ਰਾਧਾਕ੍ਰਿਸ਼ਨਨ ਬਣੇ ਨਵੇਂ ਉਪ ਰਾਸ਼ਟਰਪਤੀ




**ਨਵੀਂ ਦਿੱਲੀ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ ਰਾਸ਼ਟਰਪਤੀ ਚੋਣਾਂ ਵਿਚ ©41 ਦੀ ਵੱਡੀ ਜਿੱਤ ਹੋਈ ਹੈ। ਸੀਪੀ ਰਾਧਾਕਿਸ਼ਨਨ ਦੇਸ਼ ਦੇ ਨਵੇਂ ਉਪ ਰਾਸ਼ਟਰਪਤੀ ਬਣੇ ਹਨ।

ਉਪ ਰਾਸ਼ਟਰਪਤੀ ਦੀ ਚੋਣ ਲਈ ਵੋਟਿੰਗ ਖ਼ਤਮ ਹੋ ਚੁੱਕੀ ਹੈ। ਵੋਟਿੰਗ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲੀਸਭ ਤੋਂ ਪਹਿਲੀ ਵੋਟ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਈ ਸੀ। ਵੋਟਾਂ ਦੀ ਗਿਣਤੀ ਸ਼ਾਮ 6 ਵਜੇ ਸ਼ੁਰੂ ਹੋਵੇਗੀ, ਅਤੇ ਨਤੀਜੇ ਦੇਰ ਸ਼ਾਮ ਐਲਾਨੇ ਜਾਣਗੇ।

ਪੋਲਿੰਗ ਦੌਰਾਨ ਸੱਤਾਧਾਰੀ ਐੱਨਡੀਏ ਉਮੀਦਵਾਰ ਸੀਪੀ ਰਾਧਾਕ੍ਰਿਸ਼ਨਨ ਤੇ ‘ਇੰਡੀਆ’ ਗੱਠਜੋੜ ਦੇ ਸਾਂਝੇ ਉਮੀਦਵਾਰ ਬੀ.ਸੁਦਰਸ਼ਨ ਰੈੱਡੀ ਦਰਮਿਆਨ ਸਿੱਧਾ ਮੁਕਾਬਲਾ ਹੈ। ਹਾਲਾਂਕਿ ਗਿਣਤੀਆਂ ਮਿਣਤੀਆਂ ਪੱਖੋਂ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਉਮੀਦਵਾਰ ਰਾਧਾਕ੍ਰਿਸ਼ਨਨ ਦਾ ਹੱਥ ਉੱਤੇ ਹੈ। ਜਗਦੀਧ ਧਨਖੜ ਵੱਲੋਂ ਮੌਨਸੂਨ ਇਲਾਸ ਦੇ ਪਹਿਲੇ ਦਿਨ 21 ਜੁਲਾਈ ਨੂੰ ਅਚਾਨਕ ਸਿਹਤ ਕਾਰਨਾਂ ਦੇ ਹਵਾਲੇ ਨਾਲ ਅਸਤੀਫ਼ਾ ਦੇਣ ਕਰਕੇ ਉਪ ਰਾਸ਼ਟਰਪਤੀ ਦੀ ਚੋਣ ਕਰਵਾਉਣੀ ਪਈ ਹੈ।

ਸ਼ੁਰੂਆਤੀ ਵੋਟਰਾਂ ਵਿੱਚ ਕੇਂਦਰੀ ਮੰਤਰੀ ਰਾਜਨਾਥ ਸਿੰਘ, ਅਰਜੁਨ ਰਾਮ ਮੇਘਵਾਲ ਅਤੇ ਕਿਰਨ ਰਿਜਿਜੂ ਸ਼ਾਮਲ ਸਨ। ਰਾਜ ਸਭਾ ਦੇ ਡਿਪਟੀ ਚੇਅਰਪਰਸਨ ਹਰੀਵੰਸ਼, ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਅਤੇ ‘ਸਪਾ’ ਨੇਤਾ ਰਾਮ ਗੋਪਾਲ ਯਾਦਵ ਵੀ ਆਪਣੀ ਵੋਟ ਪਾਉਣ ਲਈ ਪੁੱਜੇ ਹਨ। ਸੰਸਦ ਦੇ ਦੋਵਾਂ ਸਦਨਾਂ ਦੇ ਮੈਂਬਰ ਮੰਗਲਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਸੰਸਦ ਭਵਨ ਵਿੱਚ ਆਪਣੀ ਵੋਟ ਪਾਉਣਗੇ। ਸੰਸਦ ਮੈਂਬਰ ਉਪ ਰਾਸ਼ਟਰਪਤੀ ਚੋਣ ਵਿੱਚ ਵੋਟ ਪਾਉਣ ਲਈ ਪਾਰਟੀ ਵ੍ਹਿਪ ਵੱਲੋਂ ਪਾਬੰਦ ਨਹੀਂ ਹਨ। ਵੋਟਿੰਗ ਗੁਪਤ ਵੋਟ ਪ੍ਰਣਾਲੀ ਅਧੀਨ ਹੁੰਦੀ ਹੈ।

ਜਗਦੀਪ ਧਨਖੜ ਵੱਲੋਂ 21 ਜੁਲਾਈ ਨੂੰ ਸਿਹਤ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਉਪ-ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਇਹ ਚੋਣ ਜ਼ਰੂਰੀ ਹੋ ਗਈ ਸੀ। ਧਨਖੜ ਦੇ ਪੰਜ ਸਾਲਾਂ ਦੇ ਕਾਰਜਕਾਲ ਦੇ ਅਜੇ ਦੋ ਸਾਲ ਬਾਕੀ ਸਨ ਜਦੋਂ ਉਨ੍ਹਾਂ ਨੇ ਅਚਾਨਕ ਆਪਣਾ ਅਸਤੀਫਾ ਦੇ ਦਿੱਤਾ। ਚੁਣੇ ਗਏ ਉਪ-ਰਾਸ਼ਟਰਪਤੀ ਨੂੰ ਪੂਰਾ ਪੰਜ ਸਾਲ ਦਾ ਕਾਰਜਕਾਲ ਮਿਲੇਗਾ।

ਦੇਸ਼ ਆਜ਼ਾਦੀ ਮਗਰੋਂ ਇਹ ਤੀਜੀ ਵਾਰ ਸੀ ਜਦੋਂ ਕਿਸੇ ਉਪ-ਰਾਸ਼ਟਰਪਤੀ ਨੇ ਆਪਣੇ ਕਾਰਜਕਾਲ ਦੇ ਵਿਚਾਲੇ ਅਸਤੀਫਾ ਦੇ ਦਿੱਤਾ। ਇਸ ਤੋਂ ਪਹਿਲਾਂ ਵੀ.ਵੀ. ਗਿਰੀ ਅਤੇ ਆਰ. ਵੈਂਕਟਰਮਨ ਨੇ ਰਾਸ਼ਟਰਪਤੀ ਚੋਣਾਂ ਲੜਨ ਲਈ ਉਪ-ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਸੰਵਿਧਾਨ ਦੀ ਧਾਰਾ 66 ਅਨੁਸਾਰ, ਉਪ-ਰਾਸ਼ਟਰਪਤੀ ਦੀ ਚੋਣ ਸੰਸਦ ਦੇ ਦੋਵਾਂ ਸਦਨਾਂ ਦੇ ਮੈਂਬਰਾਂ ਵਾਲੇ ਚੋਣ ਮੰਡਲ ਦੇ ਮੈਂਬਰਾਂ ਵੱਲੋਂ ਕੀਤੀ ਜਾਂਦੀ ਹੈ, ਜੋ ਕਿ ਸਿੰਗਲ ਟ੍ਰਾਂਸਫਰੇਬਲ ਵੋਟ ਦੁਆਰਾ ਅਨੁਪਾਤਕ ਪ੍ਰਤੀਨਿਧਤਾ ਪ੍ਰਣਾਲੀ ਮੁਤਾਬਕ ਹੁੰਦਾ ਹੈ।

ਮੰਗਲਵਾਰ ਨੂੰ ਹੋਣ ਵਾਲੀ 17ਵੀਂ ਉਪ-ਰਾਸ਼ਟਰਪਤੀ ਚੋਣ ਲਈ, ਚੋਣ ਮੰਡਲ ਵਿੱਚ ਰਾਜ ਸਭਾ ਦੇ 233 ਚੁਣੇ ਹੋਏ ਮੈਂਬਰ (ਮੌਜੂਦਾ ਸਮੇਂ, ਪੰਜ ਸੀਟਾਂ ਖਾਲੀ ਹਨ), ਅਤੇ ਰਾਜ ਸਭਾ ਦੇ 12 ਨਾਮਜ਼ਦ ਮੈਂਬਰ ਸ਼ਾਮਲ ਹਨ, ਜਿਸ ਨਾਲ ਉਪਰਲੇ ਸਦਨ ਦੀ ਮੌਜੂਦਾ ਗਿਣਤੀ 240 ਹੋ ਜਾਂਦੀ ਹੈ। ਇਸ ਤੋਂ ਇਲਾਵਾ, ਲੋਕ ਸਭਾ ਦੇ 543 ਮੈਂਬਰਾਂ ਵਿੱਚੋਂ, ਇੱਕ ਸੀਟ ਖਾਲੀ ਹੈ, ਜਿਸ ਨਾਲ ਹੇਠਲੇ ਸਦਨ ਦੀ ਗਿਣਤੀ 542 ਹੋ ਜਾਂਦੀ ਹੈ।

ਇਸ ਲਈ ਚੋਣ ਮੰਡਲ, ਇਸ ਦੀ ਮੌਜੂਦਾ ਗਿਣਤੀ ਦੇ ਆਧਾਰ ’ਤੇ, ਕੁੱਲ 782 ਮੈਂਬਰ ਹਨ। ਕਿਉਂਕਿ ਸਾਰੇ ਚੋਣਕਾਰ ਸੰਸਦ ਦੇ ਦੋਵਾਂ ਸਦਨਾਂ ਦੇ ਮੈਂਬਰ ਹਨ, ਇਸ ਲਈ ਹਰੇਕ ਸੰਸਦ ਮੈਂਬਰ ਦੀ ਵੋਟ ਦਾ ਮੁੱਲ ਇੱਕੋ ਜਿਹਾ ਹੋਵੇਗਾ।

ਉਪ ਰਾਸ਼ਟਰਪਤੀ ਦੀ ਚੋਣ ਵਿਚ ਗਿਣਤੀਆਂ ਮਿਣਤੀਆਂ ਇਸ ਵੇਲੇ ਸੱਤਾਧਾਰੀ ਐਨਡੀਏ ਦੇ ਹੱਕ ਵਿੱਚ ਹਨ, ਜਿਸ ਕੋਲ ਸੰਸਦ ਦੇ ਦੋਵਾਂ ਸਦਨਾਂ ਵਿੱਚ ਸਪਸ਼ਟ ਬਹੁਮਤ ਹੈ। 542 ਮੈਂਬਰੀ ਲੋਕ ਸਭਾ ਵਿੱਚ, ਭਾਜਪਾ ਦੀ ਅਗਵਾਈ ਵਾਲੇ ਐਨਡੀਏ ਨੂੰ 293 ਮੈਂਬਰਾਂ ਦਾ ਸਮਰਥਨ ਪ੍ਰਾਪਤ ਹੈ। ਸੱਤਾਧਾਰੀ ਗਠਜੋੜ ਨੂੰ ਰਾਜ ਸਭਾ ਵਿੱਚ 129 ਮੈਂਬਰਾਂ ਦਾ ਸਮਰਥਨ ਪ੍ਰਾਪਤ ਹੈ, ਜਿਸ ਦੀ ਪ੍ਰਭਾਵਸ਼ਾਲੀ ਤਾਕਤ 240 ਹੈ।

ਉਪ-ਰਾਸ਼ਟਰਪਤੀ ਚੋਣ ਲਈ ਦੋਵਾਂ ਸਦਨਾਂ ਦੀ ਸੰਯੁਕਤ ਤਾਕਤ 782 ਹੋਣ ਕਰਕੇ 391 ਜਾਦੂਈ ਜਿੱਤ ਦਾ ਨਿਸ਼ਾਨ ਹੈ। 422 ਮੈਂਬਰਾਂ ਦੀ ਹਮਾਇਤ ਨਾਲ ਐੱਨਡੀਏ ਇਸ ਜਾਦੂਈ ਅੰਕੜੇ ਨੂੰ ਸੌਖਿਆਂ ਹੀ ਪਾਰ ਕਰ ਲਏਗਾ। ਦਿਲਚਸਪ ਗੱਲ ਇਹ ਹੈ ਕਿ ਬੀਆਰਐਸ ਅਤੇ ਬੀਜੇਡੀ ਨੇ ਉਪ-ਰਾਸ਼ਟਰਪਤੀ ਚੋਣ ਤੋਂ ਦੂਰ ਰਹਿਣ ਦਾ ਫੈਸਲਾ ਕੀਤਾ ਹੈ।

# ‘ਆਪ’ ਦੇ ਸੰਸਦ ਮੈਂਬਰਾਂ ਵਲੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਹੜ੍ਹ ਪੀੜਤਾਂ ਲਈ 1 ਕਰੋੜ 35 ਲੱਖ ਤੋਂ ਵੱਧ ਦਿੱਤੀ ਰਾਸ਼ੀ

**ਚੰਡੀਗੜ੍ਹ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ 5 ਸੰਸਦ ਮੈਂਬਰਾਂ ਵਲੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਹੜ੍ਹ ਪੀੜਤ ਪਰਿਵਾਰਾਂ ਲਈ ਦਿੱਤੀ ਗਈ 1 ਕਰੋੜ 35 ਲੱਖ 97 ਹਜ਼ਾਰ 400 ਰੁਪਏ ਦੀ ਰਾਸ਼ੀ ਇਕ ਵੱਡੀ ਉਮੀਦ ਦੀ ਕਿਰਨ ਬਣ ਕੇ ਸਾਹਮਣੇ ਆਈ ਹੈ। ਇਸ ਰਾਸ਼ੀ ਨਾਲ ਪੀੜਤ ਪਰਿਵਾਰਾਂ ਲਈ ਫਾਗਿੰਗ ਮਸ਼ੀਨਾਂ, ਵਾਟਰ ਟੈਂਕਰ, ਸਟੇਨਲੈਸ ਸਟੀਲ ਦੀਆਂ ਸ਼ੀਟਾਂ, ਜੈਨਸੈਟ ਅਤੇ ਹੋਰ ਲੋੜੀਂਦਾ ਸਾਜੋਸਮਾਨ ਖਰੀਦ ਕੇ ਮਦਦ ਕੀਤੀ ਜਾਵੇਗੀ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ, ਦਾਨੀ ਸੱਜਣਾਂ ਵਲੋਂ ਵੀ ਵੱਡਾ ਸਾਥ ਮਿਲ ਰਿਹਾ ਹੈ, ਜਿਸ ਕਰਕੇ ਪੀੜਤ ਪਰਿਵਾਰਾਂ ਨੂੰ ਭੇਜੀ ਰਾਹਤ ਸਮੱਗਰੀ, ਦਵਾਈਆਂ, ਰਾਸ਼ਨ ਕਿੱਟਾਂ, ਪਸ਼ੂਆਂ ਦਾ ਚਾਰਾ ਆਦਿ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਡਿਪਟੀ ਕਮਿਸ਼ਨ ਨੇ ਦੱਸਿਆ ਕਿ ਸੰਸਦ ਮੈਂਬਰ ਸ੍ਰੀ ਰਾਘਵ ਚੱਡਾ ਵਲੋਂ ਆਪਣੇ ਅਖਤਿਆਰੀ ਕੋਟੇ ਵਿਚੋਂ 50 ਲੱਖ ਰੁਪਏ, ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੇ ਅਖਤਿਆਰੀ ਕੋਟੇ ਵਿਚੋਂ 25 ਲੱਖ ਰੁਪਏ, ਸ੍ਰੀ ਅਸ਼ੋਕ ਮਿੱਤਲ ਨੇ 20 ਲੱਖ ਰੁਪਏ, ਹਰਭਜਨ ਸਿੰਘ ਨੇ 30 ਲੱਖ ਰੁਪਏ ਅਤੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਆਪਣੇ ਅਖਤਿਆਰੀ ਕੋਟੇ ਵਿਚੋਂ 10 ਲੱਖ 97 ਹਜ਼ਾਰ 400 ਰੁਪਏ ਦੀ ਗ੍ਰਾਂਟ ਜ਼ਿਲ੍ਹਾ ਪ੍ਰਸ਼ਾਸਨ ਨੂੰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ ਗ੍ਰਾਂਟ ਨਾਲ ਲੋੜੀਂਦਾ ਸਮਾਨ ਖਰੀਦ ਕਰਕੇ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਰਹੀ ਹੈ। ਸਮੂਹ ਸੰਸਦ ਮੈਂਬਰਾਂ ਨੇ ਕਿਹਾ ਕਿ ਇਹ ਪੈਸਾ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਲੋਕਾਂ ਦੀ ਮਦਦ ਲਈ ਖਰਚ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਆਫ਼ਤ ਨੇ ਵੱਡਾ ਨੁਕਸਾਨ ਕੀਤਾ ਹੈ ਪਰ ਚੰਗੀ ਗੱਲ ਇਹ ਹੈ ਕਿ ਲੋਕਾਂ ਦੇ ਹੌਂਸਲੇ ਬੁਲੰਦ ਹਨ ਅਤੇ ਆਸ ਹੈ ਕਿ ਮਾਝੇ ਦੇ ਇਹ ਜੁਝਾਰੂ ਲੋਕ ਛੇਤੀ ਹੀ ਇਸ ਸੰਕਟ ਵਿਚੋਂ ਉਭਰ ਆਉਣਗੇ। ਉਹਨਾਂ ਆਪਣੇ ਵਲੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।

# ਮੁੱਖ ਮੰਤਰੀ ਨੇ ਮੂੰਹ ਰਾਹੀਂ ਖ਼ੁਰਾਕ ਲੈਣੀ ਕੀਤੀ ਸ਼ੁਰੂ : ਫੋਰਟਿਸ ਹਸਪਤਾਲ

**ਮੁਹਾਲੀ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੂੰਹ ਰਾਹੀਂ ਖ਼ੁਰਾਕ ਲੈਣੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੇ ਮਹੱਤਵਪੂਰਨ ਅੰਗ ਸਹੀ ਕੰਮ ਕਰ ਰਹੇ ਹਨ ਹਨ। ਉਨ੍ਹਾਂ ਦੀਆਂ ਮੈਡੀਕਲ ਰਿਪੋਰਟਾਂ ਵਿਚ ਸੁਧਾਰ ਦਿਖਾਈ ਦੇ ਰਿਹਾ ਹੈ ਅਤੇ ਉਨ੍ਹਾਂ ਨੇ ਹਸਪਤਾਲ ਤੋਂ ਦੁਬਾਰਾ ਸਰਕਾਰੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਫੋਰਟਿਸ ਹਸਪਤਾਲ ਨੇ ਇਹ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਿਛਲੇ ਕੁਝ ਦਿਨਾਂ ਤੋਂ ਬਿਮਾਰੀ ਕਾਰਨ ਮੋਹਾਲੀ ਦੇ ਫੋਰਟਿਸ ਹਸਪਤਾਲ ’ਚ ਦਾਖ਼ਲ ਹਨ।

# ਸੀ ਟੀ ਯੂ ਟੈਲੈਂਟ ਹੰਟ 2025; ਵਿਦਿਆਰਥੀਆਂ ਦੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ




**ਲੁਧਿਆਣਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਟੀ ਯੂਨੀਵਰਸਿਟੀ ਰਚਨਾਤਮਕਤਾ, ਸੁਰ ਤੇ ਨੌਜਵਾਨੀ ਦੀ ਊਰਜਾ ਨਾਲ ਗੂੰਜੀ, ਜਦੋਂ ਸੀਟੀਯੂ ਟੈਲੈਂਟ ਹੰਟ 2025 ਦਾ ਆਯੋਜਨ ਕੀਤਾ ਗਿਆ। ਇਹ ਦੋ-ਦਿਨਾਂ ਦਾ ਸੱਭਿਆਚਾਰਕ ਤਿਉਹਾਰ, ਵਿਦਿਆਰਥੀ ਭਲਾਈ ਵਿਭਾਗ ਵੱਲੋਂ ਕਰਵਾਇਆ ਗਿਆ, ਜਿਸ ਵਿੱਚ ਯੂਨੀਵਰਸਿਟੀ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਥੀਏਟਰ, ਨਾਚ, ਸੰਗੀਤ, ਫਾਈਨ ਆਰਟਸ, ਸਾਹਿਤ ਅਤੇ ਸਾਹਿਤਕ ਗਤੀਵਿਧੀਆਂ ਵਿੱਚ ਆਪਣੀ ਪ੍ਰਤਿਭਾ ਦਿਖਾਈ। ਤਿਉਹਾਰ ਦਾ ਸਭ ਤੋਂ ਵੱਡਾ ਆਕਰਸ਼ਣ ਫੈਸ਼ਨ ਸ਼ੋ ਮੁਕਾਬਲਾ ਰਿਹਾ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੇ ਵਿਸ਼ਵਾਸ, ਰਚਨਾਤਮਕਤਾ ਅਤੇ ਅੰਦਾਜ਼ ਨਾਲ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ। ਪਹਿਲੇ ਤਿੰਨ ਜੇਤੂ ਵਿਦਿਆਰਥੀਆਂ ਨੇ ਸਭ ਦਾ ਧਿਆਨ ਆਪਣੀ ਓਰ ਖਿੱਚਿਆ, ਜਿਸ ਨਾਲ ਇਹ ਸ਼ੋ ਟੈਲੈਂਟ ਹੰਟ ਦੇ ਸਭ ਤੋਂ ਯਾਦਗਾਰ ਪਲਾਂ ‘ਚੋਂ ਇੱਕ ਬਣ ਗਿਆ।

ਇਸ ਮੌਕੇ ‘ਤੇ ਵਿਦਿਆਰਥੀ ਭਲਾਈ ਵਿਭਾਗ ਦੇ ਡਾਇਰੈਕਟਰ ਇਰ. ਦਵਿੰਦਰ ਸਿੰਘ ਨੇ ਕਿਹਾ, ਸਾਡੇ ਵਿਦਿਆਰਥੀ ਹਮੇਸ਼ਾਂ ਆਪਣੀ ਵੱਖ-ਵੱਖ ਪ੍ਰਤਿਭਾ ਨਾਲ ਸਾਨੂੰ ਹੈਰਾਨ ਕਰਦੇ ਹਨ। ਸੀ ਟੀ ਯੂ ਟੈਲੈਂਟ ਹੰਟ 2025 ਨੇ ਫਿਰ ਸਾਬਤ ਕੀਤਾ ਕਿ ਅਕਾਦਮਿਕ ਤੋਂ ਇਲਾਵਾ ਸਾਡੇ ਵਿਦਿਆਰਥੀਆਂ ਵਿੱਚ ਬੇਮਿਸਾਲ ਰਚਨਾਤਮਕਤਾ, ਵਿਸ਼ਵਾਸ ਅਤੇ ਮੰਚ ‘ਤੇ ਪ੍ਰਦਰਸ਼ਨ ਕਰਨ ਦਾ ਜੁਨੂਨ ਮੌਜੂਦ ਹੈ। ਸਾਨੂੰ ਮਾਣ ਹੈ ਕਿ ਅਸੀਂ ਉਹਨਾਂ ਨੂੰ ਅਜੇਹੇ ਮੰਚ ਪ੍ਰਦਾਨ ਕਰਦੇ ਹਾਂ ਜਿੱਥੇ ਉਹ ਚਮਕ ਸਕਣ ਅਤੇ ਯਾਦ ਕੀਤੇ ਜਾਣ।

ਕਾਰਜਕ੍ਰਮ ਨੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੇ ਉਤਸ਼ਾਹ ਅਤੇ ਜਜ਼ਬੇ ਨੂੰ ਵੀ ਦਰਸਾਇਆ, ਜਿੱਥੇ ਉਹਨਾਂ ਨੇ ਆਪਣੇ ਤਜਰਬੇ ਸਾਂਝੇ ਕੀਤੇ, ਇਹ ਬੇਹੱਦ ਸ਼ਾਨਦਾਰ ਤਜਰਬਾ ਸੀ ਕਿ ਇੰਨੇ ਸਾਰੇ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਇਕੱਠੇ ਹੋ ਕੇ ਆਪਣੀ ਕਲਾ ਦਿਖਾਉਂਦੇ ਵੇਖਿਆ। ਇੰਨੀਆਂ ਵੱਖ-ਵੱਖ ਪੇਸ਼ਕਾਰੀਆਂ ਦਾ ਜੱਜ ਬਣਨਾ ਵਾਕਈ ਪ੍ਰੇਰਣਾਦਾਇਕ ਸੀ ਅਤੇ ਮੈਨੂੰ ਮਾਣ ਹੈ ਕਿ ਮੈਂ ਸੀ ਟੀ ਯੂ ਟੈਲੈਂਟ ਹੰਟ 2025 ਦਾ ਹਿੱਸਾ ਰਹੀ। ਹਰ ਹਿੱਸੇਦਾਰ ਆਪਣੇ ਆਪ ਵਿੱਚ ਵਿਲੱਖਣ ਸੀ ਅਤੇ ਇਹ ਰਚਨਾਤਮਕਤਾ ਅਤੇ ਜੁਨੂਨ ਦਾ ਤਿਉਹਾਰ ਸੀ ! - ਸਾਂਚੀ, ਵਿਦਿਆਰਥਣ, ਸਕੂਲ ਆਫ਼ ਲਾਅ

ਇਹ ਸਿਰਫ਼ ਇਕ ਮੁਕਾਬਲਾ ਨਹੀਂ ਸੀ, ਸਗੋਂ ਇਸ ਗੱਲ ਦਾ ਜਸ਼ਨ ਸੀ ਕਿ ਅਸੀਂ ਕੌਣ ਹਾਂ।

ਮੰਚ ‘ਤੇ ਪ੍ਰਦਰਸ਼ਨ ਕਰਨ ਨਾਲ ਮੇਰਾ ਵਿਸ਼ਵਾਸ ਪਹਿਲਾਂ ਨਾਲੋਂ ਕਈ ਗੁਣਾ ਵੱਧ ਗਿਆ। ਮਨਨਤ, ਵਿਦਿਆਰਥਣ, ਸਕੂਲ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ

ਬੇਮਿਸਾਲ ਉਤਸ਼ਾਹ ਅਤੇ ਭਾਗੀਦਾਰੀ ਨਾਲ, ਸੀ ਟੀ ਯੂ ਟੈਲੈਂਟ ਹੰਟ 2025 ਸਿਰਫ਼ ਇੱਕ ਮੁਕਾਬਲਾ ਨਹੀਂ ਰਿਹਾ - ਇਹ ਇੱਕ ਅਜਿਹਾ ਮੰਚ ਬਣਿਆ ਜਿਸ ਨੇ ਵਿਅਕਤਿਤਵ, ਕਲਾ ਅਤੇ ਵਿਸ਼ਵਾਸ ਦਾ ਜਸ਼ਨ ਮਨਾਇਆ। ਦੋ-ਦਿਨਾਂ ਦਾ ਇਹ ਤਿਉਹਾਰ ਸੀ ਟੀ ਯੂਨੀਵਰਸਿਟੀ ਦੇ ਸੱਭਿਆਚਾਰਕ ਪ੍ਰੋਗਰਾਮਾਂ ਲਈ ਇੱਕ ਨਵਾਂ ਮਾਪਦੰਡ ਬਣ ਗਿਆ, ਜੋ ਯਾਦਗਾਰ ਪਲ ਛੱਡ ਗਿਆ ਅਤੇ ਭਵਿੱਖ ਦੇ ਤਿਉਹਾਰਾਂ ਨੂੰ ਪ੍ਰੇਰਿਤ ਕਰੇਗਾ।

# ਡੇਰਾਬੱਸੀ ਦੇ ਹੋਟਲ ਵਿਖੇ ਗੋਲੀਬਾਰੀ ਮਾਮਲੇ ’ਚ 2 ਮੁਲਜ਼ਮ ਗ੍ਰਿਫਤਾਰ



**ਮੁਹਾਲੀ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਹਾਲੀ ਪੁਲਿਸ ਨੇ 1 ਸਤੰਬਰ ਨੂੰ ਡੇਰਾਬੱਸੀ ਵਿਖੇ ਹੋਈ ਗੋਲੀਬਾਰੀ ਦੇ ਮਾਮਲੇ ਵਿਚ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਮਾਮਲੇ ਸਬੰਧੀ ਪ੍ਰੈਸ ਕਾਨਫਰੰਸ ਕਰਦਿਆ ਐੱਸ. ਐੱਸ. ਪੀ. ਮੁਹਾਲੀ ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਪੁਲਿਸ ਅਧਿਕਾਰੀਆਂ ਨੇ ਹੋਟਲ ਅਮਨ ਉਤੇ ਵਾਰਦਾਤ ਵਾਲੀ ਰਾਤ ਨੂੰ ਗੋਲੀਆਂ ਚਲਾਉਣ ਦੇ ਮਾਮਲੇ ਵਿਚ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ ਜਿਨ੍ਹਾਂ ਦੀ ਪਛਾਣ ਨਵਜੋਤ ਸਿੰਘ ਉਰਫ ਸੈਂਟੀ ਵਾਸੀ ਪਿੰਡ ਮਟਰਾਂ (ਮੁਹਾਲੀ) ਅਤੇ ਅਮਨਦੀਪ ਸਿੰਘ ਉਰਫ ਅਮਨਾ ਵਾਸੀ ਪਿੰਡ ਪੱਤੋ (ਮੁਹਾਲੀ) ਵਜੋਂ ਹੋਈ ਹੈ। ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਐੱਸ. ਪੀ. ਸੌਰਵ ਜਿੰਦਲ ਦੀ ਅਗਵਾਈ ਹੇਠ ਥਾਣਾ ਡੇਰਾਬੱਸੀ ਦੀ ਪੁਲਿਸ ਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿਚੋਂ ਵਾਰਦਾਤ ਵਿਚ ਵਰਤੋਂ ਕੀਤੇ ਗਏ ਦੋ 7.62 ਐਮ. ਐਮ. ਦੇ ਪਿਸਤੌਲ ਬਰਾਮਦ ਕੀਤੇ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੇ ਹੋਟਲ ਮਾਲਕ ਤੋਂ ਗੋਲਡੀ ਬਰਾੜ ਦੇ ਨਾਮ ਉਤੇ ਕੁਝ ਦਿਨ ਪਹਿਲਾਂ ਫਿਰੌਤੀ ਮੰਗੀ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਹੋਟਲ ਮਾਲਕ ਨੂੰ ਡਰਾਉਣ ਲਈ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਇਸ ਮਾਮਲੇ ਦੀ ਜਾਂਚ ਜਾਰੀ ਹੈ ਤੇ ਮੁਲਜ਼ਮ ਪੁਲਿਸ ਰਿਮਾਂਡ ਉਤੇ ਹਨ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਹਿਮਾਚਲ ਪ੍ਰਦੇਸ਼ ਲਈ 1500 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ



**ਚੰਡੀਗੜ੍ਹ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਦੇ ਦੌਰੇ ’ਤੇ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਾੜੀ ਰਾਜ ਦੇ ਹੜ੍ਹ ਅਤੇ ਮੀਂਹ ਦੇ ਝੰਬੇ ਇਲਾਕਿਆਂ ਲਈ 1500 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਮ੍ਰਿਤਕਾਂ ਦੇ ਨੇੜਲੇ ਰਿਸ਼ਤੇਦਾਰਾਂ ਲਈ 2 ਲੱਖ ਰੁਪਏ ਅਤੇ ਜ਼ਖਮੀਆਂ ਲਈ 50,000 ਰੁਪਏ ਦਾ ਮੁਆਵਜ਼ਾ ਵੀ ਐਲਾਨਿਆ ਹੈ। ਸ੍ਰੀ ਮੋਦੀ ਨੇ SDRF ਅਤੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ ਦੂਜੀ ਕਿਸ਼ਤ ਅਗਾਊਂ ਰਿਲੀਜ਼ ਕਰਨ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਪ੍ਰਵਾਨਗੀ, ਰਾਸ਼ਟਰੀ ਰਾਜਮਾਰਗਾਂ ਦੀ ਬਹਾਲੀ, PMNRF ਅਧੀਨ ਰਾਹਤ ਦੀ ਵਿਵਸਥਾ ਦੇ ਨਾਲ-ਨਾਲ ਪਸ਼ੂਆਂ ਲਈ ਮਿੰਨੀ ਕਿੱਟਾਂ ਜਾਰੀ ਕਰਨ ਦਾ ਵੀ ਐਲਾਨ ਕੀਤਾ। ਪ੍ਰਧਾਨ ਮੰਤਰੀ ਨੇ ਇਸ ਆਫ਼ਤ ਤੋਂ ਪ੍ਰਭਾਵਿਤ ਪਰਿਵਾਰਾਂ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਨੇ ਜਾਨ ਗੁਆਉਣ ਵਾਲਿਆਂ ਦੇ ਪਰਿਵਾਰਕ ਮੈਂਬਰਾਂ ਪ੍ਰਤੀ ਆਪਣੀ ਸੰਵੇਦਨਾ ਅਤੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਮੁਸ਼ਕਲ ਸਮੇਂ ਵਿੱਚ ਰਾਜ ਸਰਕਾਰ ਨਾਲ ਮਿਲ ਕੇ ਕੰਮ ਕਰੇਗੀ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ।

ਪ੍ਰਧਾਨ ਮੰਤਰੀ ਨੇ ਐਨਡੀਆਰਐਫ, ਐਸਡੀਆਰਐਫ ਅਤੇ ਆਪਦਾ ਮਿੱਤਰਾ ਦੇ ਵਲੰਟੀਅਰਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਰਾਹਤ ਅਤੇ ਬਹਾਲੀ ਦੇ ਕਾਰਜਾਂ ਵਿੱਚ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਪ੍ਰਭਾਵਿਤ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੀ ਬਹਾਲੀ ਅਤੇ ਪੁਨਰ ਨਿਰਮਾਣ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਹਿਮਾਚਲ ਪ੍ਰਦੇਸ਼ ਵਿੱਚ ਹੜ੍ਹ ਪ੍ਰਭਾਵਿਤ ਤੇ ਜ਼ਮੀਨ ਖਿਸਕਣ ਵਾਲੇ ਇਲਾਕਿਆਂ ਦਾ ਜਾਇਜ਼ਾ ਲਿਆ। ਉਹ ਆਫ਼ਤ ਪ੍ਰਭਾਵਿਤ ਮੰਡੀ ਅਤੇ ਕੁੱਲੂ ਜ਼ਿਲ੍ਹਿਆਂ ਦਾ ਹਵਾਈ ਸਰਵੇਖਣ ਕਰਨ ਤੋਂ ਬਾਅਦ ਕਾਂਗੜਾ ਪਹੁੰਚੇ। ਕਾਂਗੜਾ ਦੇ ਗੱਗਲ ਹਵਾਈ ਅੱਡੇ ’ਤੇ ਪਹੁੰਚਣ ਮੌਕੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ, ਰਾਜਪਾਲ ਸ਼ਿਵ ਪ੍ਰਤਾਪ ਸ਼ੁਕਲਾ ਤੇ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਸਵਾਗਤ ਕੀਤਾ। ਸ੍ਰੀ ਮੋਦੀ ਹਿਮਾਚਲ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਮਗਰੋਂ ਕਾਂਗੜਾ ਤੋਂ ਪੰਜਾਬ ਦੇ ਪਠਾਨਕੋਟ ਤੇ ਅੱਗੇ ਗੁਰਦਾਸਪੁਰ ਜਾਣਗੇ।

# ਹਰਮੀਤ ਸਿੰਘ ਕਾਲਕਾ ਵੱਲੋਂ ਸ਼ਹੀਦਾਂ ਦੀ ਯਾਦ ਵਿੱਚ ਵਿਦਿਆਰਥੀਆਂ ਵੱਲੋਂ ਰੰਗਾਰੰਗ ਪੇਸ਼ਕਾਰੀਆਂ ਦੀ ਸ਼ਲਾਘਾ




**ਨਵੀਂ ਦਿੱਲੀ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਨੇ ਦੱਸਿਆ ਹੈ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬੀ ਭਾਸ਼ਾ ਪ੍ਰਸਾਰ ਕਮੇਟੀ ਦੇ ਸਹਿਯੋਗ ਨਾਲ ਸਫ਼ਰ-ਏ-ਪੰਜਾਬੀ 2025 ਸਮਾਗਮ ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਰਕਾਬ ਗੰਜ ਸਾਹਿਬ ਵਿੱਚ ਕਰਵਾਇਆ ਗਿਆ।

ਇਹ ਸਮਾਰੋਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਸਾਹਿਬ ਨਾਲ ਸ਼ਹੀਦ ਹੋਏ ਮਹਾਨ ਗੁਰਿ ਸੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀ।

ਸ. ਕਾਲਕਾ ਨੇ ਦੱਸਿਆ ਕਿ ਇਸ ਰੰਗਾਰੰਗ ਸਮਾਗਮ ਵਿੱਚ ਦਿੱਲੀ ਦੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੇ ਕਲਾ-ਕੌਸ਼ਲ ਨਾਲ ਦਰਸ਼ਕਾਂ ਦੇ ਦਿਲ ਜਿੱਤ ਲਏ।

ਉਨ੍ਹਾਂ ਕਿਹਾ ਕਿ ਹਾਲ ਭਰ ਕੇ ਵਿਦਿਆਰਥੀਆਂ ਦੀਆਂ ਪ੍ਰਸਤੁਤੀਆਂ ਦੇਖ ਕੇ ਗੌਰਵ ਮਹਿਸੂਸ ਹੋਇਆ।

ਸ. ਹਰਮੀਤ ਸਿੰਘ ਕਾਲਕਾ ਨੇ ਸਮੂਹ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਚੰਗੇ ਪ੍ਰਦਰਸ਼ਨ ਲਈ ਸ਼ਲਾਘਾ ਕੀਤੀ ਅਤੇ ਅਧਿਆਪਕਾਂ ਨੂੰ ਵੀ ਸਮਾਗਮ ਦੀ ਸਫਲਤਾ ਲਈ ਵਧਾਈ ਦਿੱਤੀ।

# ਨੇਪਾਲ ਦੇ ਪ੍ਰਧਾਨ ਮੰਤਰੀ ਓਲੀ ਵੱਲੋਂ ਅਸਤੀਫਾ, ਪ੍ਰਦਰਸ਼ਨਕਾਰੀਆਂ ਨੇ ਸੰਸਦ ਭਵਨ ਨੂੰ ਅੱਗ ਲਾਈ




**ਕਾਠਮੰਡੂ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਅੱਜ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਨੇਪਾਲ ਵਿਚ ਭ੍ਰਿਸ਼ਟਾਚਾਰ ਦੇ ਮਾਮਲੇ ਤੇ ਸੋਸ਼ਲ ਮੀਡੀਆ ਐਪਲੀਕੇਸ਼ਨ ’ਤੇ ਪਾਬੰਦੀ ਤੋਂ ਬਾਅਦ ਦੇਸ਼ ਭਰ ਵਿਚ ਪ੍ਰਦਰਸ਼ਨ ਹੋ ਰਹੇ ਹਨ ਤੇ ਅੱਜ ਵੱਡੀ ਗਿਣਤੀ ਵਿਚ ਪ੍ਰਦਰਸ਼ਨਕਾਰੀ ਪ੍ਰਧਾਨ ਮੰਤਰੀ ਦੇ ਦਫਤਰ ਵਿਚ ਦਾਖਲ ਹੋ ਗਏ। ਇਸ ਤੋਂ ਪਹਿਲਾਂ ਨੇਪਾਲ ਦੇ ਫੌਜ ਮੁਖੀ ਨੇ ਪ੍ਰਧਾਨ ਮੰਤਰੀ ਨੂੰ ਇਹ ਕਹਿੰਦਿਆਂ ਅਸਤੀਫਾ ਦੇਣ ਲਈ ਕਿਹਾ ਸੀ ਕਿ ਅਸਤੀਫਾ ਦੇਣ ਨਾਲ ਹਾਲਾਤ ਸੁਧਰ ਸਕਦੇ ਹਨ। ਇਸ ਤੋਂ ਪਹਿਲਾਂ ਓਲੀ ਸਰਕਾਰ ਦੇ ਤਿੰਨ ਮੰਤਰੀਆਂ ਨੇ ਵੀ ਅਸਤੀਫਾ ਦਿੱਤਾ ਸੀ ਤੇ ਵਿਰੋਧੀ ਪਾਰਟੀਆਂ ਵਲੋਂ ਪ੍ਰਧਾਨ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਪ੍ਰਦਰਸ਼ਨਕਾਰੀ ਨੇਪਾਲ ਦੀ ਸੰਸਦ ਵਿਚ ਦਾਖਲ ਹੋ ਗਏ ਅਤੇ ਅੱਗ ਲਾ ਦਿੱਤੀ। ਸਾਹਮਣੇ ਆਈਆਂ ਤਸਵੀਰਾਂ ਵਿੱਚ ਨੇਪਾਲੀ ਸੰਸਦ ਚੋਂ ਧੂੰਏ ਦੇ ਕਾਲੇ ਬੱਦਲ ਦਿਖਾਈ ਦੇ ਰਹੇ ਹਨ। ਨੇਪਾਲ ਦੇ ਕਈ ਹਿੱਸਿਆਂ ਵਿੱਚ ਅੱਜ ਵਿਦਿਆਰਥੀਆਂ ਦੀ ਅਗਵਾਈ ਵਿੱਚ ਨਵੇਂ ਸਿਰੇ ਤੋਂ ਪ੍ਰਦਰਸ਼ਨ ਹੋਏ। ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਜਨਤਕ ਇਕੱਠਾਂ ’ਤੇ ਪਾਬੰਦੀ ਦੀ ਉਲੰਘਣਾ ਕਰਦੇ ਹੋਏ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਦੇ ਅਸਤੀਫ਼ੇ ਦੀ ਮੰਗ ਕੀਤੀ ਸੀ। ਪੀਟੀਆਈ ਦੀ ਇੱਕ ਰਿਪੋਰਟ ਮੁਤਾਬਕ ਕਾਠਮੰਡੂ ਦੇ ਕਾਲੰਕੀ ਅਤੇ ਬਨੇਸ਼ਵਰ ਦੇ ਨਾਲ-ਨਾਲ ਲਲਿਤਪੁਰ ਜ਼ਿਲ੍ਹੇ ਦੇ ਚਾਪਗਾਉਂ-ਥੇਚੋ ਖੇਤਰ ਤੋਂ ਧਰਨੇ ਪ੍ਰਦਰਸ਼ਨਾਂ ਦੀ ਰਿਪੋਰਟ ਮਿਲੀ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਮੰਗਲਵਾਰ ਨੂੰ ਨੇਪਾਲ ਦੇ ਤੇਜ਼ੀ ਨਾਲ ਵਿਗੜਦੇ ਸਿਆਸੀ ਹਾਲਾਤ ’ਤੇ ਚਰਚਾ ਕਰਨ ਲਈ ਸਰਬ-ਪਾਰਟੀ ਮੀਟਿੰਗ ਸੱਦ ਲਈ ਸੀ।

ਆਰਥੀ ਸਨ, ਨੇ ਜਨਤਕ ਇਕੱਠਾਂ ’ਤੇ ਪਾਬੰਦੀ ਦੀ ਉਲੰਘਣਾ ਕਰਦੇ ਹੋਏ ‘ਵਿਦਿਆਰਥੀਆਂ ਨੂੰ ਨਾ ਮਾਰੋ’ ਵਰਗੇ ਨਾਅਰੇ ਲਗਾਏ। ਏਐਨਆਈ ਨੇ ‘ਦਿ ਹਿਮਾਲੀਅਨ ਟਾਈਮਜ਼’ ਦੇ ਹਵਾਲੇ ਨਾਲ ਦੱਸਿਆ ਕਿ ਪ੍ਰਦਰਸ਼ਨਕਾਰੀਆਂ ਨੇ ਮੰਗਲਵਾਰ ਸਵੇਰੇ ਲਲਿਤਪੁਰ ਦੇ ਸੁਨਾਕੋਠੀ ਵਿੱਚ ਸੰਚਾਰ ਅਤੇ ਸੂਚਨਾ ਤਕਨਾਲੋਜੀ ਮੰਤਰੀ ਪ੍ਰਿਥਵੀ ਸੁੱਬਾ ਗੁਰੰਗ ਦੇ ਨਿੱਜੀ ਘਰ ਨੂੰ ਅੱਗ ਲਗਾ ਦਿੱਤੀ। ਗੁਰੰਗ ਨੇ ਸੋਸ਼ਲ ਮੀਡੀਆ ਸਾਈਟਾਂ ’ਤੇ ਪਾਬੰਦੀ ਲਗਾਉਣ ਦਾ ਆਦੇਸ਼ ਦਿੱਤਾ ਸੀ। ਪੁਲੀਸ ਮੁਤਾਬਕ ਪ੍ਰਦਰਸ਼ਨਕਾਰੀਆਂ ਨੇ ਸ਼ੁਰੂ ਵਿੱਚ ਮੰਤਰੀ ਦੇ ਘਰ ’ਤੇ ਪੱਥਰ ਸੁੱਟੇ, ਜਿਸ ਤੋਂ ਬਾਅਦ ਹਾਲਾਤ ਅੱਗਜ਼ਨੀ ਤੱਕ ਪਹੁੰਚ ਗਏ। ‘ਦ ਹਿਮਾਲੀਅਨ ਟਾਈਮਜ਼’ ਦੀ ਰਿਪੋਰਟ ਅਨੁਸਾਰ ਭੰਨਤੋੜ ਅਤੇ ਅੱਗ ਲੱਗਣ ਦੀ ਇੱਕ ਛੋਟੀ ਜਿਹੀ ਘਟਨਾ ਵਾਪਰੀ, ਹਾਲਾਂਕਿ ਹਾਲਾਤ ਹੁਣ ਕਾਬੂ ਵਿੱਚ ਹਨ। ਉਧਰ ਇੱਕ ਤਾਜ਼ਾ ਘਟਨਾਕ੍ਰਮ ਵਿੱਚ ਨੇਪਾਲ ਦੇ ਖੇਤੀਬਾੜੀ ਮੰਤਰੀ ਰਾਮ ਨਾਥ ਅਧਿਕਾਰੀ ਨੇ ਮੰਗਲਵਾਰ ਨੂੰ ਅਸਤੀਫਾ ਦੇ ਦਿੱਤਾ। ਉਨ੍ਹਾਂ ਪ੍ਰਦਰਸ਼ਨਕਾਰੀਆਂ ਖਿਲਾਫ਼ ਸਰਕਾਰ ਦੀ ਕਾਰਵਾਈ ਦੀ ਨਿਖੇਧੀ ਕੀਤੀ।

‘ਦ ਕਾਠਮੰਡੂ ਪੋਸਟ’ ਦੀ ਰਿਪੋਰਟ ਅਨੁਸਾਰ ਨੇਪਾਲੀ ਕਾਂਗਰਸ ਦੇ ਸ਼ੇਖਰ ਕੋਇਰਾਲਾ ਧੜੇ ਦੇ ਮੈਂਬਰ ਅਧਿਕਾਰੀ ਨੇ ਸੋਮਵਾਰ ਦੇ ’ਜਨਰਲ ਜ਼ੈੱਡ’ ਵਿਰੋਧ ਪ੍ਰਦਰਸ਼ਨਾਂ ਪ੍ਰਤੀ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਖਿਲਾਫ਼ ਅਸਤੀਫਾ ਦੇ ਦਿੱਤਾ। ਉਨ੍ਹਾਂ ਦਾ ਅਸਤੀਫ਼ਾ ਗ੍ਰਹਿ ਮੰਤਰੀ ਰਮੇਸ਼ ਲੇਖਕ ਦੇ ਸੋਮਵਾਰ ਨੂੰ ਅਸਤੀਫ਼ਾ ਦੇਣ ਤੋਂ ਬਾਅਦ ਆਇਆ ਹੈ, ਜਿਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨਾਲ ਨਜਿੱਠਣ ਦੇ ਸਰਕਾਰ ਦੇ ਢੰਗ ਤਰੀਕੇ ਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਅਸਤੀਫ਼ਾ ਦੇ ਦਿੱਤਾ ਸੀ।

ਉਧਰ ਕਲੰਕੀ ਵਿੱਚ ਪ੍ਰਦਰਸ਼ਨਕਾਰੀਆਂ ਨੇ ਅੱਜ ਤੜਕਸਾਰ ਤੋਂ ਹੀ ਸੜਕਾਂ ਨੂੰ ਰੋਕਣ ਲਈ ਟਾਇਰ ਸਾੜੇ। ਉਨ੍ਹਾਂ ਨੇ ‘ਕੇਪੀ ਚੋਰ, ਦੇਸ਼ ਛੱਡੋ’, ‘ਭ੍ਰਿਸ਼ਟ ਨੇਤਾਵਾਂ ਵਿਰੁੱਧ ਕਾਰਵਾਈ ਕਰੋ’ ਵਰਗੇ ਨਾਅਰੇ ਲਗਾਏ। ਪ੍ਰਦਰਸ਼ਨਕਾਰੀਆਂ ਨੇ ਲਲਿਤਪੁਰ ਦੇ ਖੁਮਲਤਾਰ ਵਿੱਚ ਸਾਬਕਾ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਾਹਲ ‘ਪ੍ਰਚੰਡ’ ਦੇ ਘਰ ਦੀ ਵੀ ਭੰਨਤੋੜ ਕੀਤੀ। ਉਨ੍ਹਾਂ ਨੇ ਕਾਠਮੰਡੂ ਦੇ ਬੁਢਾਨੀਲਕੰਠਾ ਵਿਖੇ ਸਾਬਕਾ ਪ੍ਰਧਾਨ ਮੰਤਰੀ ਸ਼ੇਰ ਬਹਾਦੁਰ ਦਿਉਬਾ ਦੇ ਘਰ ਦੇ ਸਾਹਮਣੇ ਵੀ ਪ੍ਰਦਰਸ਼ਨ ਕੀਤਾ। ਅਧਿਕਾਰੀਆਂ ਨੇ ਕਾਠਮੰਡੂ, ਲਲਿਤਪੁਰ ਅਤੇ ਭਗਤਪੁਰ ਜ਼ਿਲ੍ਹਿਆਂ ਵਿੱਚ ਕਰਫਿਊ ਲਗਾ ਦਿੱਤਾ ਹੈ।

ਕਾਠਮੰਡੂ ਜ਼ਿਲ੍ਹਾ ਪ੍ਰਸ਼ਾਸਨ ਦਫ਼ਤਰ ਨੇ ਰਾਜਧਾਨੀ ਕਾਠਮੰਡੂ ਵਿੱਚ ਸਵੇਰੇ 8:30 ਵਜੇ ਤੋਂ ਅਗਲੇ ਨੋਟਿਸ ਤੱਕ ਕਰਫਿਊ ਲਗਾ ਦਿੱਤਾ ਹੈ। ਭਗਤਪੁਰ ਜ਼ਿਲ੍ਹਾ ਪ੍ਰਸ਼ਾਸਨ ਨੇ ਮੱਧਪੁਰ ਥਿਮੀ, ਸੂਰਿਆਬਿਨਾਇਕ, ਚੰਗੁਨਾਰਾਇਣ ਅਤੇ ਭਗਤਪੁਰ ਨਗਰਪਾਲਿਕਾਵਾਂ ਵਿੱਚ ਵੀ ਸਵੇਰੇ 8:30 ਵਜੇ ਤੋਂ ਅਗਲੇ ਨੋਟਿਸ ਤੱਕ ਪਾਬੰਦੀਆਂ ਲਗਾਈਆਂ ਹਨ।

# ਡਿਪਟੀ ਕਮਿਸ਼ਨਰ ਵੱਲੋਂ ਡੇਂਗੂ, ਮਲੇਰੀਆ, ਚਿਕਨਗੁਨੀਆ ,ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਸਬੰਧੀ ਦਿਸ਼ਾ ਨਿਰਦੇਸ਼ ਜਾਰੀ

**ਮਲੇਰਕੋਟਲਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਵੱਲੋਂ ਸਿਹਤ ਵਿਭਾਗ,ਸਥਾਨਕ ਸਰਕਾਰਾਂ, ਪੰਚਾਇਤੀ ਰਾਜ,ਸਿੱਖਿਆ ਵਿਭਾਗ, ਜਲ ਸਪਲਾਈ ਅਤੇ ਸੈਨੀਟੇਸ਼ਨ ,ਸਮਾਜਿਕ ਸੁਰੱਖਿਆ ਆਦਿ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਬਰਸਾਤੀ ਮੌਸਮ ਦੌਰਾਨ ਡੇਂਗੂ, ਮਲੇਰੀਆ, ਚਿਕਨਗੁਨੀਆ ,ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਪਿੰਡਾਂ/ਬਰਾਤੀ ਖੇਤਰਾਂ ਦੀ ਸਾਫ਼ ਸਫ਼ਾਈ ਲਈ ਵਿਆਪਕ ਯੋਜਨਾਬੰਦੀ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਬਰਸਾਤੀ ਸੀਜ਼ਨ ਦੌਰਾਨ ਲੋਕਾਂ ਦੀ ਸਿਹਤ ਸੁਰੱਖਿਆ ਯਕੀਨੀ ਬਣਾਉਣ ਦੇ ਲਈ ਸਾਂਝੀ ਨੀਤੀ ਬਣਾਈ ਜਾਵੇ ਤਾਂ ਜੋ ਲੋਕਾਂ ਨੂੰ ਚਮੜੀ, ਡੇਂਗੂ, ਮਲੇਰੀਆ, ਚਿਕਨਗੁਨੀਆ ਤੇ ਹੋਰ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਜਨਤਾ ਦੀ ਸਿਹਤ ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ। ਸਾਫ਼-ਸੁਥਰਾ ਵਾਤਾਵਰਣ, ਸੁਰੱਖਿਅਤ ਪੀਣ ਯੋਗ ਪਾਣੀ ਅਤੇ ਮਿਲਜੁਲ ਕੇ ਕੀਤੀ ਕਾਰਵਾਈ ਨਾਲ ਹੀ ਅਸੀਂ ਡੇਂਗੂ, ਮਲੇਰੀਆ ਅਤੇ ਹੋਰ ਬਿਮਾਰੀਆਂ ਤੋਂ ਬਚਾਵ ਕਰ ਸਕਦੇ ਹਾਂ । ਉਨ੍ਹਾਂ ਜ਼ਿਲ੍ਹੇ ਦੀ ਅਵਾਮ ਨੂੰ ਤੇਜ਼ ਬੁਖ਼ਾਰ, ਜ਼ਿਆਦਾ ਦਸਤ-ਉਲਟੀਆਂ, ਜਾਂ ਸੱਪ/ ਕੁੱਤੇ ਦੇ ਕੱਟਣ ਵਰਗੀ ਕਿਸੇ ਵੀ ਸਿਹਤ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ 104 ਡਾਇਲ ਕਰਨ ਜਾਂ ਨੇੜਲੇ ਸਰਕਾਰੀ ਸਿਹਤ ਸੰਸਥਾ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਤਾਂ ਜੋ ਸਮੇਂ ਸਿਰ ਲਾਭ ਉਠਾਇਆ ਜਾ ਸਕੇ ਅਤੇ ਮਰੀਜ਼ਾਂ ਦੀ ਜਾਨ ਬਚਾਈ ਜਾ ਸਕੇ । ਉਨ੍ਹਾਂ ਕਿਹਾ ਕਿ ਪੀਣ ਲਈ ਸਿਰਫ਼ ਸਾਫ਼ ਪਾਣੀ ਦੀ ਵਰਤੋਂ ਕੀਤੀ ਜਾਵੇ, ਪੀਣ ਵਾਲੇ ਪਾਣੀ ਨੂੰ ਉਬਾਲ ਕੇ ਠੰਡਾ ਕਰਕੇ ਪੀਣ ਲਈ ਵਰਤਿਆ ਜਾਵੇ, ਇਨਫੈਕਸ਼ਨ ਨੂੰ ਕੰਟਰੋਲ ਕਰਨ ਲਈ ਸਮੇਂ ਸਮੇਂ ਤੇ ਸਾਬਣ ਅਤੇ ਪਾਣੀ ਨਾਲ ਹੱਥ ਧੋਤੇ ਜਾਣ, ਬਰਸਾਤੀ ਪਾਣੀ ਨਾਲ ਗਿੱਲੇ ਖਾਣੇ ਨੂੰ ਖਾਣ ਤੋਂ ਪਰਹੇਜ਼ ਕੀਤਾ ਜਾਵੇ।

ਉਨ੍ਹਾਂ ਜ਼ਿਲ੍ਹੇ ਦੇ ਲੋਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਖ਼ਾਲੀ ਪਏ ਪਲਾਟਾਂ ਦੇ ਮਾਲਕ/ ਕਾਬਜ਼ ਆਪਣੇ ਖ਼ਾਲੀ ਪਲਾਟਾਂ ਵਿੱਚ ਲੱਗੇ ਕੂੜੇ-ਕਰਕਟ ਦੇ ਢੇਰ, ਗੰਦਗੀ ਅਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ਼-ਸਫ਼ਾਈ ਆਪਣੇ ਪੱਧਰ ਤੇ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਕਰਵਾਉਣੀ ਯਕੀਨੀ ਬਣਾਉਣ।

ਉਨ੍ਹਾਂ ਸਮੂਹ ਕਾਰਜ ਸਾਧਕ ਅਫ਼ਸਰ ,ਸਿੱਖਿਆ ਵਿਭਾਗ ,ਪੰਚਾਇਤੀ ਵਿਭਾਗ ਦੇ ਅਧਿਕਾਰੀਆਂ ਨੂੰ ਸਾਂਝੇ ਸਥਾਨਾਂ ਦੀ ਸਾਫ਼ ਸੁਫਾਈ ਅਤੇ ਪਾਣੀ ਨਿਕਾਸੀ ਤੁਰੰਤ ਕਰਵਾਉਣ ਦੇ ਆਦੇਸ਼ ਵੀ ਦਿੱਤੇ ।

ਡਿਪਟੀ ਕਮਿਸ਼ਨਰ ਨੇ ਸਥਾਨਕ ਸਰਕਾਰਾਂ,ਪੰਚਾਇਤੀ ਰਾਜ,ਸਿੱਖਿਆ ਵਿਭਾਗ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਨੂੰ ਬਰਸਾਤੀ ਮੌਸਮ ਦੌਰਾਨ ਪੀਣ ਯੋਗ ਸੁਰੱਖਿਅਤ ਪਾਣੀ ਮੁਹੱਈਆ ਕਰਵਾਉਣ ਤੇ ਜ਼ੋਰ ਦਿੰਦਿਆਂ ਕਿਹਾ ਕਲੋਰੀਨੇਟਿਡ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇ ਅਤੇ ਬਿਮਾਰੀਆਂ ਦੀ ਰੋਕਥਾਮ ਅਤੇ ਬਚਾਅ ਲਈ ਸਾਵਧਾਨੀਆਂ ਵਰਤਣ ਬਾਰੇ ਲੋਕਾਂ ਨੂੰ ਵੱਡੇ ਪੱਧਰ ਤੇ ਜਾਗਰੂਕ ਕੀਤਾ ਜਾਵੇ । ਉਹਨਾ ਇਹ ਵੀ ਕਿਹਾ ਕਿ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਦੀ ਲੀਕੇਜ ਚੈੱਕ ਕਰਵਾ ਕੇ ਤੁਰੰਤ ਰਿਪੇਅਰ ਕੀਤੀ ਜਾਵੇ।



ਅਸਲ ਪ੍ਰਸੰਨਤਾ ਉਦੋਂ ਮਿਲਦੀ ਹੈ ਜਦੋਂ ਰੂਹ ਹਰ ਤਰ੍ਹਾਂ ਦੀ ਭੁੱਖ ਤੋਂ ਉੱਪਰ ਪਹੁੰਚ ਜਾਵੇ। ਜਦੋਂ ਮਨ ਦੀ ਪਿਆਸ ਮੁੱਕ ਜਾਵੇ, ਜਦੋਂ ਤੁਹਾਡੇ ਤਨ ਦਾ ਲਿਬਾਸ ਹੀ ਰੇਸ਼ਮ ਤੋਂ ਸੋਹਣਾ ਮਹਿਸੂਸ ਹੋਣ ਲੱਗੇ…

# ਦਿਆਲਤਾ, ਪ੍ਰਸੰਨਤਾ ਤੇ ਕਰੂਰਤਾ



• ਰੋਜ਼ੀ ਸਿੰਘ
99889-64633

ਦੁਨੀਆ ਖ਼ੂਬਸੂਰਤ ਹੈ। ਕੁਦਰਤ ਨੇ ਪੂਰੀ ਕਾਇਨਾਤ ਨੂੰ ਦਿਲਕਸ਼ ਨਜ਼ਾਰਿਆਂ, ਹਰੇ ਭਰੇ ਜੰਗਲਾਂ, ਉੱਚੇ-ਵੱਡੇ ਪਹਾੜਾਂ, ਕਲ-ਕਲ ਕਰਦੇ ਝਰਨਿਆਂ, ਨਦੀਆਂ, ਦਰਿਆਵਾਂ, ਉਪਜਾਊ ਮੈਦਾਨਾਂ, ਹਜ਼ਾਰਾਂ ਕਿਸਮ ਦੇ ਫੁੱਲ ਬੂਟਿਆਂ, ਰੰਗ ਬੇਰੰਗੇ ਮੌਸਮਾਂ ਨਾਲ ਸਜਾਇਆ ਹੈ ਅਤੇ ਇਹ ਖ਼ੂਬਸੂਰਤ ਨਜ਼ਾਰੇ ਕਿਸੇ ਵੀ ਭੇਦ-ਭਾਵ, ਰੰਗ-ਨਸਲ, ਜਾਤ ਕੌਮ ਦੇ ਰੌਲੇ ਤੋਂ ਵਿਰਵੇ ਸਾਰੀ ਮਨੁੱਖਤਾ ਲਈ ਸਾਂਝੇ ਹਨ। ਦਿਨ ਅਤੇ ਰਾਤ ਦੀ ਖ਼ੂਬਸੂਰਤ ਵੰਡ ਨਾਲ ਦਿਨ ਦੀ ਸ਼ੁਰੂਆਤ ਅਤੇ ਅੰਤ ਹੁੰਦਾ ਹੈ। ਠੰਢੀ ਸਵੇਰ, ਤਿੱਖੜ ਦੁਪਹਿਰ ਅਤੇ ਸਾਂਵਲੀ ਸ਼ਾਮ ਜੀਵਨ ਫਲਸਫ਼ੇ ਨੂੰ ਦਰਸਾਉਂਦੇ ਤਿੰਨ ਪੜਾਅ ਹਨ। ਚੰਗੇ ਲੋਕ ਕੁਦਰਤ ਦੀਆਂ ਇਨ੍ਹਾਂ ਸਾਰੀਆਂ ਨਿਆਮਤਾਂ ਵਾਂਗ ਸਹਿਜਤਾ ਅਤੇ ਪ੍ਰੇਮ ਭਾਵਨਾ ਦੇ ਨਾਲ, ਬਿਨਾਂ ਕਿਸੇ ਕਾਹਲ, ਸਬਰ ਅਤੇ ਸੰਪੂਰਨਤਾ ਦੇ ਅਹਿਸਾਸ ਨਾਲ ਭਰੇ ਆਪਣੇ ਰਾਹਾਂ ’ਤੇ ਤੁਰੇ ਰਹਿੰਦੇ ਹਨ। ਚੰਗੇ ਵਿਅਕਤੀ ਕੋਲ ਚੰਗੇ ਲੋਕਾਂ ਦਾ ਆਉਣਾ ਜਾਣਾ ਲੱਗਾ ਹੀ ਰਹਿੰਦਾ ਹੈ। ਚੰਗਾ ਉਹ ਹੈ ਜੋ ਨਾ ਸਿਰਫ਼ ਚੰਗੇ ਕੰਮ ਕਰੇ ਸਗੋਂ ਚੰਗੇ ਸਮਾਜ ਦੀ ਕਲਪਨਾ ਦੇ ਦ੍ਰਿੜ ਸੰਕਲਪ ਦਾ ਧਾਰਨੀ ਹੋਵੇ। ਚੰਗਾ ਸਮਾਜ ਤਾਂ ਹੀ ਸਿਰਜਿਆ ਜਾ ਸਕਦਾ ਹੈ ਜੇਕਰ ਇਸ ਦੀ ਸ਼ੁਰੂਆਤ ਆਪਣੇ ਘਰ ਤੋਂ ਕੀਤੀ ਜਾਵੇ।ਦਿਆਲੂ ਮਨੁੱਖ ਨਾ ਸਿਰਫ਼ ਖ਼ੁਦ ਚੰਗਾ ਹੁੰਦਾ ਹੈ ਸਗੋਂ ਦੂਜਿਆਂ ਲਈ ਚੰਗੇ ਬਣਨ ਲਈ ਪ੍ਰੇਰਨਾ ਸਰੋਤ ਬਣਦਾ ਹੈ। ਭੈੜੇ ਵਿਅਕਤੀ ਭੀੜ ਵਿੱਚੋਂ ਵੀ ਪਛਾਣੇ ਜਾਂਦੇ ਹਨ ਕਿਉਂ ਜੋ ਉਹ ਭੀੜ ਨੂੰ ਵੀ ਓਸੇ ਰਾਹ ਤੁਰਨ ਲਈ ਹੱਲਾਸ਼ੇਰੀ ਦਿੰਦੇ ਦਿਖਾਈ ਦਿੰਦੇ ਹਨ ਜਿਸ ਰਾਹ ’ਤੇ ਉਹ ਆਪ ਤੁਰ ਰਹੇ ਹੁੰਦੇ ਹਨ।

ਚੰਗਾ ਵਿਅਕਤੀ ਕਦੇ ਵੀ ਭੈੜੇ ਮਨੁੱਖ ਕੋਲ ਨਹੀਂ ਜਾਂਦਾ ਸਗੋਂ ਘਟੀਆ ਲੋਕ ਚੰਗਿਆਂ ਨੂੰ ਟਿਕਣ ਨਹੀਂ ਦਿੰਦੇ। ਮਨੁੱਖ ਕੋਲ ਸੋਚਣ ਸ਼ਕਤੀ ਹੋਣ ਦੇ ਬਾਵਜੂਦ ਉਹ ਦੂਜੇ ਮਨੁੱਖਾਂ ਨੂੰ ਕਿਵੇਂ ਮਾਰ ਸਕਦਾ ਹੈ। ਇਹ ਸੋਚ ਕੇ ਹੀ ਰੂਹ ਤਪਣ ਲੱਗ ਪੈਂਦੀ ਹੈ।

ਕਰੂਰਤਾ ਭੈੜੇ ਲੋਕਾਂ ਦਾ ਵੱਡਾ ਅਵਗੁਣ ਹੁੰਦਾ ਹੈ, ਨਿਮਰਤਾ ਅਤੇ ਦਿਆਲਤਾ ਨਾਲ ਅਜਿਹੇ ਲੋਕਾਂ ਦਾ ਕੋਈ ਦੂਰ ਦਾ ਵੀ ਸਬੰਧ ਨਹੀਂ ਹੁੰਦਾ। ਪਰਉਪਕਾਰ ਦੀ ਭਾਵਨਾ ਭੈੜੇ ਲੋਕਾਂ ਦੀ ਜ਼ਿੰਦਗੀ ਵਿੱਚੋਂ ਮਨਫ਼ੀ ਹੁੰਦੀ ਹੈ। ਉਹ ਹਰ ਸ਼ੈਅ ਖੋਹ ਲੈਣ ਦੀ ਭਾਵਨਾ ਨਾਲ ਭਰੇ ਹੁੰਦੇ ਹਨ। ਪਰਉਪਕਾਰੀ ਮਨੁੱਖ ਖ਼ੁਦ ਭੁੱਖਾ ਰਹਿ ਕੇ ਦੂਜਿਆਂ ਦਾ ਢਿੱਡ ਭਰਨ ਵਿਚ ਪ੍ਰਸੰਨਤਾ ਮਹਿਸੂਸ ਕਰਦਾ ਹੈ। ਪ੍ਰਸੰਨ ਵਿਅਕਤੀ ਹਯਾਤੀ ਦੀਆਂ ਸਾਰੀਆਂ ਉਲਝਣਾਂ ਤੋਂ ਨਿਰਲੇਪ ਹੁੰਦਾ ਹੈ। ਉਹ ਦੂਜਿਆਂ ਦੀ ਕਿਸੇ ਵੀ ਤਰ੍ਹਾਂ ਦੀ ਨਿੰਦਿਆ ਚੁਗਲੀ ਤੋਂ ਆਪਣੇ ਆਪ ਨੂੰ ਵੰਚਿਤ ਰੱਖਦਾ ਹੈ। 1988 ਵਿਚ ਆਏ ਹੜ੍ਹਾਂ ਦੌਰਾਨ ਜਦੋਂ ਲੋਕਾਂ ਦਾ ਸਭ ਕੁੱਝ ਡੁੱਬ/ਰੁੜ੍ਹ ਗਿਆ ਤਾਂ ਇੱਕ ਕਿਸਾਨ ਨੇ ਕਮਰੇ ਦੀ ਪਰਛੱਤੀ ਉਤੇ ਬੀਜਣ ਵਾਸਤੇ ਰੱਖਿਆ ਇਕ ਤੋੜਾ ਕਣਕ ਦਾ ਬੀਜ ਵੀ ਪਿੰਡ ਦੇ ਲੋਕਾਂ ਲਈ ਲਾਏ ਲੰਗਰ ਲਈ ਦੇ ਦਿੱਤਾ। ਜਦੋਂ ਉਹ ਪਾਣੀ ਵਿੱਚੋਂ ਲੰਘ ਕੇ ਸੁੱਕੀ ਬਚੀ ਕਣਕ ਦਾ ਤੋੜਾ ਮੋਢੇ ’ਤੇ ਚੱਕ ਲੰਗਰ ਵਾਸਤੇ ਲਿਆ ਰਿਹਾ ਸੀ ਤਾਂ ਉਸਦੀ ਇਸ ਨਿਰਸਵਾਰਥ ਦਿਆਲਤਾ ਲਈ ਸਾਰੇ ਪਿੰਡ ਵਾਸੀਆਂ ਨੇ ਉਸ ਦਾ ਧੰਨਵਾਦ ਕੀਤਾ।

ਪਰਉਪਕਾਰ ਦੇ ਰਸਤੇ ’ਤੇ ਚੱਲਦਿਆਂ ਮਨੁੱਖ ਨੂੰ ਇਸ ਗੱਲ ਦੀ ਭੋਰਾ ਵੀ ਚਿੰਤਾ ਨਹੀਂ ਹੋਣੀ ਚਾਹੀਦੀ ਕਿ ਕਿਸੇ ਦੂਜੇ ਵਿਅਕਤੀ ਦੀ ਉਸ ਬਾਰੇ ਕਿਸ ਕਿਸਮ ਦੀ ਰਾਏ ਹੈ, ਉਸ ਨੂੰ ਬਸ ਇੰਨਾ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੂੰ ਮੁਹੱਬਤ ਕਰਨ ਵਾਲੇ ਲੋਕਾਂ ਤੋਂ ਵੱਡਾ ਤੇ ਸਤਿਕਾਰਯੋਗ ਹੋਰ ਕੋਈ ਨਹੀਂ ਹੈ।

ਟਕਰਾਓ ਅਤੇ ਵੈਰ ਵਿਰੋਧ ਦਾ ਸਿਲਸਿਲਾ ਓਦੋਂ ਹੀ ਚੱਲਦਾ ਹੈ ਜਦੋਂ ਵਿਅਕਤੀ ਆਪਣੇ ਨਿਸ਼ਾਨੇ ਤੋਂ ਭਟਕ ਜਾਂਦਾ ਹੈ ਅਤੇ ਉਸ ਨੂੰ ਹੋਰ ਸਾਰੇ ਲੋਕ ਆਪਣੇ ਵਿਰੋਧ ਵਿਚ ਖੜ੍ਹੇ ਦਿਖਾਈ ਦੇਣ ਲੱਗ ਪੈਂਦੇ ਹਨ। ਅਜਿਹੇ ਵਿਚ ਉਹ ਨਿਮਰਤਾ, ਦਿਆਲਤਾ ਅਤੇ ਪਰਉਪਕਾਰ ਜਿਹੇ ਸਦਗੁਣ ਭੁੱਲ ਕੇ ਖ਼ੁਦ ਆਪ ਤਰਸ ਦਾ ਪਾਤਰ ਬਣ ਜਾਂਦਾ ਹੈ। ਭਟਕ ਜਾਣਾ ਕੋਈ ਵੱਡੀ ਗੱਲ ਨਹੀਂ ਭਟਕੇ ਰਹਿਣਾ ਮਾੜੀ ਗੱਲ ਹੈ। ਜਦੋਂ ਮਨੁੱਖ ਸੱਚਾਈ ਤੋਂ ਸੱਖਣਾ ਅਤੇ ਤਰਕ ਤੋਂ ਵਾਂਝਾ ਹੋ ਜਾਂਦਾ ਹੈ ਤਾਂ ਮਿਹਣਿਆਂ, ਉਲਾਮ੍ਹਿਆਂ ਅਤੇ ਗਾਲ੍ਹਾਂ ਵਰਗੇ ਹਥਿਆਰਾਂ ’ਤੇ ਉਤਰ ਆਉਂਦਾ ਹੈ। ਅਸੀਂ ਜੋ ਦੂਜਿਆਂ ਕੋਲੋਂ ਖੋਹ ਲੈਣਾ ਚਾਹੁੰਦੇ ਹਾਂ, ਕੁਝ ਲੋਕ ਓਹੀ ਕੁਝ ਸਾਡੇ ਕੋਲੋਂ ਖੋਹ ਲੈਣਾ ਚਾਹੁੰਦੇ ਹਨ। ਮਨੁੱਖ ਦੀ ਭੁੱਖ ਵੀ ਕਿੰਨੀ ਖ਼ਤਰਨਾਕ ਹੁੰਦੀ ਏ।

ਅਸਲ ਪ੍ਰਸੰਨਤਾ ਉਦੋਂ ਮਿਲਦੀ ਹੈ ਜਦੋਂ ਰੂਹ ਹਰ ਤਰ੍ਹਾਂ ਦੀ ਭੁੱਖ ਤੋਂ ਉੱਪਰ ਪਹੁੰਚ ਜਾਵੇ। ਜਦੋਂ ਮਨ ਦੀ ਪਿਆਸ ਮੁੱਕ ਜਾਵੇ, ਜਦੋਂ ਤੁਹਾਡੇ ਤਨ ਦਾ ਲਿਬਾਸ ਹੀ ਰੇਸ਼ਮ ਤੋਂ ਸੋਹਣਾ ਮਹਿਸੂਸ ਹੋਣ ਲੱਗੇ। ਭਾਵੁਕਤਾ, ਸੰਵੇਦਨਸ਼ੀਲਤਾ, ਪਰਉਪਕਾਰੀ ਵਿਅਕਤੀ ਦੇ ਅਜਿਹੇ ਗੁਣ ਹਨ ਜੋ ਉਸ ਦੇ ਰੋਮ-ਰੋਮ ਵਿਚ ਵਸੇ ਅਹਿਸਾਸ ਵਾਂਗ ਹੀ ਉਸ ਦੇ ਨਾਲ-ਨਾਲ ਚੱਲਦੇ ਰਹਿੰਦੇ ਹਨ। ਦਿਆਵਾਨ ਮਨੁੱਖ ਲੋਕਾਈ ਦੇ ਦੁੱਖਾਂ ਨੂੰ ਦੇਖ ਕੇ ਵੀ ਦੁਖੀ ਅਤੇ ਤਕਲੀਫਜ਼ਦਾ ਮਹਿਸੂਸ ਕਰਦਾ ਹੈ। ਉਸ ਦੀ ਇਹ ਵਿਆਕੁਲਤਾ ਉਸ ਨੂੰ ਦਿਆਲਤਾ ਅਤੇ ਉਦਾਰਤਾ ਵਰਗੇ ਸਦਗੁਣਾ ਵੱਲ ਲੈ ਜਾਂਦੀ ਹੈ। ਆਪਣਿਆਂ ਅਤੇ ਬੇਗਾਨਿਆਂ ਨਾਲ ਇਕੋ ਜਿਹਾ ਮੋਹ ਕਰਨ ਵਾਲਾ ਹੀ ਅਸਲ ਵਿਚ ਇਨਸਾਨੀਅਤ ਨੂੰ ਮੁਹੱਬਤ ਕਰਨ ਵਾਲਾ ਕਹਿਲਾਉਂਦਾ ਹੈ। ਇਸ ਮੋਹ-ਭਾਵਨਾ ਨਾਲ ਭਰਿਆ ਵਿਅਕਤੀ ਆਪਣੇ ਸੁਭਾਅ ਮੁਤਾਬਿਕ ਚੱਲਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਜਾਂਦਾ ਹੈ।

## ਨਿਰਸੁਆਰਥ ਦਿਆਲਤਾ

16ਵੀਂ ਸਦੀ ਵਿੱਚ ਰੋਮਨ ਦੇ ਰਾਜਾ ਸਿਮੋਨ ਨੂੰ ਕੈਦ ਕਰ ਦਿੱਤਾ ਗਿਆ ਅਤੇ ਉਸ ਨੂੰ ਓਦੋਂ ਤਕ ਭੁੱਖੇ ਰੱਖਣ ਦੀ ਸਜ਼ਾ ਸੁਣਾਈ ਗਈ ਜਦੋਂ ਤਕ ਉਸ ਦੀ ਮੌਤ ਨਹੀਂ ਹੋ ਜਾਂਦੀ। ਕੈਦ ਦੌਰਾਨ ਭੁੱਖੇ ਪਿਆਸੇ ਸਿਮੋਨ ਦੀ ਹਾਲਤ ਬਹੁਤ ਖ਼ਰਾਬ ਹੋ ਗਈ। ਉਸਦੀ ਧੀ ਪੈਰੋ ਨੇ ਜੇਲ੍ਹ ਅਧਿਕਾਰੀਆਂ ਨੂੰ ਬੇਨਤੀ ਕਰ ਕੇ ਆਪਣੇ ਪਿਤਾ ਨੂੰ ਰੋਜ਼ ਮਿਲਣ ਦੀ ਇਜਾਜ਼ਤ ਲੈ ਲਈ। ਪੈਰੋ ਤੋਂ ਆਪਣੇ ਪਿਤਾ ਦੀ ਹਾਲਤ ਵੇਖੀ ਨਾ ਜਾਂਦੀ ਤਾਂ ਉਸ ਨੇ ਆਪਣੇ ਪਿਤਾ ਦੀ ਜਾਨ ਬਚਾਉਣ ਲਈ ਉਸ ਨੂੰ ਆਪਣਾ ਦੁੱਧ ਪਿਆਉਣ ਦਾ ਫ਼ੈਸਲਾ ਕੀਤਾ। ਉਹ ਰੋਜ਼ ਜੇਲ੍ਹ ਵਿਚ ਖ਼ਾਲੀ ਹੱਥ ਆਉਂਦੀ ਅਤੇ ਆਪਣੇ ਪਿਤਾ ਨੂੰ ਆਪਣੀਆਂ ਛਾਤੀਆਂ ’ਚੋਂ ਦੁੱਧ ਪਿਆਉਂਦੀ। ਇਹ ਸਿਲਸਿਲਾ ਚਲਦਾ ਰਿਹਾ ਅਤੇ ਸਿਮੋਨ ਦੀ ਸਿਹਤ ਵਿਚ ਸੁਧਾਰ ਆਉਣ ਲੱਗਾ। ਇਸ ਕਾਰਵਾਈ ਦਾ ਜਦੋਂ ਜੇਲ੍ਹ ਅਧਿਕਾਰੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਪੈਰੋ ਨੂੰ ਵੀ ਕੈਦ ਕਰ ਲਿਆ। ਜਦੋਂ ਉਨ੍ਹਾਂ ਨੂੰ ਹਾਕਮ ਅੱਗੇ ਪੇਸ਼ ਕੀਤਾ ਗਿਆ ਤਾਂ ਪੈਰੋ ਦੀ ਬੇਮਿਸਾਲ, ਨਿਰਸੁਆਰਥ ਦਿਆਲਤਾ ਨੇ ਹਾਕਮ ਨੂੰ ਬਹੁਤ ਪ੍ਰਭਾਵਤ ਕੀਤਾ ਅਤੇ ਇਸ ਤਰ੍ਹਾਂ ਉਨ੍ਹਾਂ ਦੋਹਾਂ ਪਿਓ-ਧੀ ਨੂੰ ਰਿਹਾਈ ਮਿਲ ਗਈ।

ਇਸ ਗਾਥਾ ਸਬੰਧੀ ਰੋਮ ਦੇ ਇਕ ਚਿੱਤਰਕਾਰ ਨੇ ਇਕ ਪੇਂਟਿੰਗ ਵੀ ਬਣਾਈ ਜਿਸ ਦਾ ਵਿਸ਼ਵ ਭਰ ਵਿਚ ਵਿਰੋਧ ਵੀ ਹੋਇਆ ਅਤੇ ਇਸ ਦੇ ਹੱਕ ਵਿਚ ਵੀ ਆਵਾਜ਼ਾਂ ਉੱਠੀਆਂ। ਪਰ ਜੋ ਵੀ ਸੀ ਇਕ ਧੀ ਨੇ ਇਸ ਤਰ੍ਹਾਂ ਦੀ ਬੇਮਿਸਾਲ ਕੁਰਬਾਨੀ ਨਾਲ ਆਪਣੇ ਪਿਆਰੇ ਪਿਤਾ ਦੀ ਜਾਨ ਬਚਾ ਲਈ। ਚੰਗੇ ਜਾਂ ਮਾੜੇ ਦਾ ਫ਼ੈਸਲਾ ਦੇਖਣ ਸੁਣਨ ਵਾਲੇ ਨੇ ਆਪਣੇ ਨਜ਼ਰੀਏ ਮੁਤਾਬਿਕ ਕਰਨਾ ਹੁੰਦਾ ਹੈ। ਸਮਾਜ ਸਾਨੂੰ ਓਹੀ ਕੁਝ ਵਾਪਸ ਦਿੰਦਾ ਹੈ ਜੋ ਕੁਝ ਅਸੀਂ ਸਮਾਜ ਨੂੰ ਦਿੰਦੇ ਹਾਂ। ਸਾਨੂੰ ਦਰਿਆ ਜਾਂ ਸਮੁੰਦਰ ਵਾਂਗ ਹੋਣ ਦੀ ਜ਼ਰੂਰਤ ਹੈ। ਦਰਿਆ ਜਾਂ ਸਮੁੰਦਰ ਹਰ ਉਸ ਸ਼ੈਅ ਨੂੰ ਬਾਹਰ ਵਗਾਹ ਮਾਰਦਾ ਹੈ ਜਿਹੜੀ ਸ਼ੈਅ ਉਸਦੇ ਅਨਕੂਲ ਨਾ ਹੋਵੇ।

## ਕਰੂਰਤਾ ਤਿਆਗਣ ਦੀ ਲੋੜ

ਜਿੰਨਾ ਚਿਰ ਤੁਹਾਨੂੰ ਆਪਣੀ ਕਾਬਲੀਅਤ ਅਤੇ ਸਮਰੱਥਾ ’ਤੇ ਭਰੋਸਾ ਨਹੀਂ, ਤੁਹਾਡਾ ਆਤਮ-ਵਿਸ਼ਵਾਸ ਸਥਿਰ ਨਹੀਂ ਰਹੇਗਾ। ਲੋੜ ਚੰਗੇ ਬਣਨ ਦੀ ਹੈ ਪਰ ਅਜੋਕੇ ਵੇਲੇ ਬਹੁਤੇ ਲੋਕ ਇਸ ਦੇ ਉਲਟ ਕਰੂਰਤਾ ਵਾਲੇ ਪਾਸੇ ਜ਼ਿਆਦਾ ਉਲਾਰ ਹਨ। ਨਿੱਕੀ ਮੋਟੀ ਗੱਲ ਤੋਂ ਤਲਵਾਰਾਂ ਬੰਦੂਕਾਂ ਨਿਕਲ ਜਾਂਦੀਆਂ ਹਨ। ਛੋਟੇ ਮੋਟੇ ਝਗੜੇ ਵੱਡੀਆਂ ਜੰਗਾਂ ਦੇ ਮੈਦਾਨ ਬਣ ਰਹੇ ਹਨ। ਥਾਂ-ਥਾਂ ਅੱਗਾਂ ਲੱਗ ਰਹੀਆਂ ਹਨ, ਇਨਾ ਅੱਗਾਂ ਦੇ ਸੇਕ ਵਿੱਚ ਸੈਕੜੇ ਬੇਦੋਸ਼ੇ ਝੁਲਸ ਰਹੇ ਹਨ। ਇਕ ਨਿੱਕੀ ਜਿਹੀ ਚੁਆਤੀ ਪਿੰਡਾਂ/ਸ਼ਹਿਰਾਂ ਨੂੰ ਰਾਖ ਵਿਚ ਤਬਦੀਲ ਕਰਨ ਵਿਚ ਸਮਰੱਥ ਹੋ ਜਾਂਦੀ ਹੈ।

ਡਾਕੇ ਲੁੱਟਾਂ ਖੋਹਾਂ, ਜਬਰ-ਜ਼ਿਨਾਹ, ਕਤਲੋ ਗਾਰਤ, ਅਗਵਾ, ਹੱਤਿਆਵਾਂ ਦੀਆਂ ਘਟਨਾਵਾਂ ਮਨੁੱਖ ਦੇ ਕਰੂਰ ਹੋਣ ਦੀ ਹੀ ਨਿਸ਼ਾਨਦੇਹੀ ਕਰਦੀਆਂ ਹਨ। ਇਸ ਦੇ ਬਾਵਜੂਦ ਕਿ ਹਰ ਧਰਮ ਦੇ ਤਕਰੀਬਨ 50 ਫ਼ੀਸਦੀ ਲੋਕਾਂ ਨੂੰ ਸ਼ੂਗਰ ਰੋਗ ਹੈ ਫਿਰ ਵੀ ਇਹ ਇਕ ਦੂਜੇ ਪ੍ਰਤੀ ਜ਼ਹਿਰ ਹੀ ਉਗਲਦੇ ਨੇ।

ਪਿਆਰ, ਮੁਹੱਬਤ, ਦਿਆ, ਸੰਵੇਦਨਾ, ਪਰਉਪਕਾਰ, ਤਰਸ ਆਦਿ ਸ਼ਬਦ ਮਨੁੱਖ ਦੇ ਸ਼ਬਦਕੋਸ਼ ਵਿੱਚੋਂ ਗਾਇਬ ਹੋ ਰਹੇ ਹਨ। ਜਾਇਦਾਦ ਅਤੇ ਦੌਲਤ ਲਈ ਭਰਾ-ਭਰਾ ਨੂੰ ਮਾਰ ਰਿਹਾ ਹੈ, ਪੁੱਤਰ ਪਿਤਾ ਦਾ ਕਾਤਲ ਬਣ ਰਿਹਾ ਹੈ। ਤਿਆਗ ਦੀ ਭਾਵਨਾ ਦਾ ਭੋਗ ਪੈ ਗਿਆ ਹੈ। ਇਤਬਾਰ, ਰਸੂਖ ਅਤੇ ਖਲੂਸ ਕਿਧਰੇ ਵੀ ਦਿਖਾਈ ਨਹੀਂ ਦਿੰਦਾ। ਹੁਣ ਤਾਂ ਇਹੋ ਫ਼ੈਸਲਾ ਕਰਨ ਔਖਾ ਹੋ ਗਿਆ ਹੈ ਕਿ ਚੰਗਾ ਕੌਣ ਹੈ ਅਤੇ ਮਾੜਾ ਕੌਣ ਹੈ।ਬਹੁਤੀ ਵਾਰੀ ਦਾ ਮਨੁੱਖ ਦੀ ਦਸ਼ਾ ਇਹ ਹੁੰਦੀ ਹੈ ਕਿ ਲੁੱਟੇ ਤਾਂ ਜਾਣਾ ਹੀ ਹੈ ਚਲੋ ਥੋੜ੍ਹੇ ਘੱਟ ਮਾੜੇ ਵਿਅਕਤੀ ਹੱਥੋਂ ਹੀ ਲੁੱਟੇ ਜਾਈਏ। ਇਕ ਵਿਅਕਤੀ ਦੀ ਆਪਣੇ ਸਹੁਰਿਆਂ ਨਾਲ ਬਿਲਕੁੱਲ ਨਹੀਂ ਸੀ ਬਣਦੀ, ਕਿਉਂਕਿ ਉਸ ਵਿਅਕਤੀ ਵਿਚ ਇਕ ਵੀ ਅਜਿਹੀ ਆਦਤ ਨਹੀਂ ਸੀ ਜਿਹੜੀ ਚੰਗੀ ਹੋਵੇ ਅਤੇ ਸਹੁਰਿਆਂ ਨੂੰ ਪਸੰਦ ਹੋਵੇ। ਨਿਤ ਦਿਨ ਸਹੁਰੇ ਪਰਿਵਾਰ ਨਾਲ ਕਲੇਸ਼ ਪਿਆ ਰਹਿੰਦਾ।

ਕੁਝ ਸਾਲਾਂ ਬਾਅਦ ਉਸ ਦਾ ਸਹੁਰਾ ਪਰਿਵਾਰ ਉਸ ਦੀ ਬਹੁਤ ਖਾਤਰਦਾਰੀ ਅਤੇ ਇੱਜ਼ਤ ਕਰਨ ਲੱਗ ਪਿਆ। ਜਦੋਂ ਉਸ ਵਿਅਕਤੀ ਦੇ ਦੋਸਤਾਂ ਨੇ ਇਸ ਦਾ ਰਾਜ਼ ਜਾਣਨਾ ਚਾਹਿਆ ਤਾਂ ਉਸ ਨੇ ਕਿਹਾ ਕਿ ਇਸ ਦਾ ਕਾਰਨ ਸਹੁਰਿਆਂ ਦਾ ਦੂਜਾ ਜਵਾਈ ਹੈ। ਉਹ ਏਨਾ ਘਟੀਆ ਨਿਕਲਿਆ ਕਿ ਸਹੁਰੇ ਮਹਿਸੂਸ ਕਰਨ ਲੱਗ ਪਏ ਕੇ ਇਸ ਤੋਂ ਚੰਗਾ ਤਾਂ ਸਾਡਾ ਪਹਿਲਾ ਜਵਾਈ ਹੈ। ਇਸ ਤਰ੍ਹਾਂ ਮੇਰੀ ਤੇ ਉਨ੍ਹਾਂ ਦੀ ਬਣਨ ਲੱਗ ਪਈ। ਅਜਿਹਾ ਹਾਲ ਹੀ ਸਾਡੀਆਂ ਅਜੋਕੀਆਂ ਸਰਕਾਰਾਂ ਦਾ ਹੈ। ਲੋਕ ਬਸ ਲੁੱਟ ਦਾ ਸ਼ਿਕਾਰ ਹਨ ਸਿਰਫ਼ ਉਹ ਅਜਿਹੀ ਰਾਜਨੀਤਕ ਪਾਰਟੀ ਦੀ ਹੀ ਚੋਣ ਕਰਦੇ ਹਨ ਜਿਹੜਾ ਥੋੜ੍ਹਾ ਘੱਟ ਲੁੱਟ ਮਚਾਵੇ। •

### ਆਪਸੀ ਸਹਿਯੋਗ ਦੀ ਲੋੜ

ਮਿਲਵਰਤਨ ਅਤੇ ਦੂਜੇ ਨੂੰ ਨਾਲ ਲੈ ਕੇ ਚੱਲਣ ਦਾ ਰੁਝਾਨ ਮੁੱਕ ਗਿਆ ਹੈ। ਹੇਠਾਂ ਵੇਖ ਕੇ ਚੱਲੋਗੇ ਆਪਣੇ ਆਪ ਉੱਚੇ ਹੁੰਦੇ ਜਾਓਗੇ। ਅਮੀਰੀ ਦਿਲ ਦੀ ਹੁੰਦੀ ਹੈ, ਕਰੋੜਾਂ ਰੁਪੈ ਇਕੱਠੇ ਕਰਨ ਵਾਲੇ ਵੀ ਸ਼ੋਹਦੇ ਹੀ ਨਜ਼ਰੀ ਆਉਂਦੇ ਹਨ। ਇਕ ਨੌਕਰਾਣੀ ਕੱਪੜੇ ਦੀ ਦੁਕਾਨ ’ਤੇ ਗਈ ਅਤੇ ਦੁਕਾਨਦਾਰ ਨੂੰ ਸੰਬੋਧਨ ਹੁੰਦਿਆਂ ਬੋਲੀ, ‘ਕੋਈ ਸੋਹਣਾ ਅਤੇ ਮਹਿੰਗਾ ਜਿਹਾ ਸੂਟ ਦਿਖਾਓ ਮੈਂ ਆਪਣੀ ਮਾਲਕਿਨ ਨੂੰ ਉਸਦੇ ਮੁੰਡੇ ਦੇ ਵਿਅਹ ’ਤੇ ਤੋਹਫ਼ਾ ਦੇਣਾ ਹੈ।’ ਕੁਝ ਦਿਨ ਬਾਅਦ ਉਸੇ ਹੀ ਦੁਕਾਨ ’ਤੇ ਮਾਲਕਿਨ ਗਈ ਅਤੇ ਦੁਕਾਨਦਾਰ ਨੂੰ ਸੰਬੋਧਨ ਹੁੰਦਿਆਂ ਬੋਲੀ ‘ਕੋਈ ਸਸਤਾ ਜਿਹਾ ਸੂਟ ਦਿਖਾਓ ਨੌਕਰਾਣੀ ਵਾਸਤੇ।’ ਜਦੋਂ ਇਹ ਪਤਾ ਲੱਗ ਜਾਵੇ ਕਿ ਅਸੀਂ ਕੀ ਹਾਂ ਬਹੁਤ ਸਾਰੀਆਂ ਤ੍ਰਿਸ਼ਨਾਵਾਂ ਤੋਂ ਅਸੀਂ ਮੁਕਤੀ ਪਾ ਲੈਂਦੇ ਹਾਂ। ਆਪਣੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਦੇ ਨਾਲ-ਨਾਲ, ਜ਼ੁਲਮ ਵਿਰੁੱਧ ਬੋਲਣ ਦੀ ਤਾਕਤ ਵੀ ਦਿਓ। ਉਨ੍ਹਾਂ ਨੂੰ ਦੱਸੋ ਕਿ ਹਮੇਸ਼ਾ ਝੂਠ ਦਾ ਰਾਜ ਨਹੀਂ ਰਹਿੰਦਾ ਦੇਰ ਨਾਲ ਹੀ ਸਹੀ ਸੱਚਾਈ ਦੀ ਜਿੱਤ ਜ਼ਰੂਰ ਹੁੰਦੀ ਹੈ। ਉਨ੍ਹਾਂ ਨੂੰ ਨਿਰਪੱਖ ਸੋਚ ਦੇ ਧਾਰਨੀ ਬਣਾਓ, ਵੈਰ ਵਿਰੋਧ ਤੋਂ ਬਚਣ ਦਾ ਸਲੀਕਾ ਵੀ ਦੱਸੋ। ਬੱਚਿਆਂ ਨੂੰ ਨਿਮਰਤਾ, ਪਰਉਪਕਾਰ ਦਇਆ-ਭਾਵਨਾ ਨਾਲ ਭਰਪੂਰ ਪ੍ਰਸੰਨ ਜੀਵਨ ਵੱਲ ਜਾਣ ਵਾਲਾ ਰਸਤਾ ਤਲਾਸ਼ ਕੇ ਦਿਓ। ਤੁਸੀਂ ਸਹਿਜ-ਸੁਹਜ, ਦਿਆਲੂ ਅਤੇ ਸੰਵੇਦਨਸ਼ੀਤਾ ਨਾਲ ਜ਼ਿੰਦਗੀ ਬਸਰ ਕਰਨ ਵੱਲ ਇਕ ਕਦਮ ਪੁੱਟੋਗੇ ਪ੍ਰਸੰਨਤਾ ਤੁਹਾਡੇ ਘਰ ਦੀ ਸਰਦਲ ’ਤੇ ਆਣ ਬੈਠੇਗੀ। ਪ੍ਰਸੰਨ ਵਿਅਕਤੀ ਕੋਲ ਹੀ ਜ਼ਿੰਦਗੀ ਜਿਉਣ ਦਾ ਹੁਨਰ ਹੁੰਦਾ ਹੈ, ਬਾਕੀ ਸਭ ਤਾਂ ਜ਼ਿੰਦਗੀ ਭੋਗ ਕੇ ਇਸ ਜਹਾਨ ਤੋਂ ਰੁਖ਼ਸਤ ਹੋ ਜਾਂਦੇ ਹਨ।

### ਕੁਰਬਾਨੀ ਦੀ ਭਾਵਨਾ

ਅਸਲ ਤਿਆਗੀ, ਦਿਆਲੂ ਤੇ ਖ਼ੂਬਸੂਰਤ ਮਨੁੱਖ ਉਹ ਹੈ ਜਿਹੜਾ ਉਨ੍ਹਾਂ ਨੂੰ ਵੀ ਮਾਫ਼ ਕਰ ਦੇਵੇ ਜਿਹੜੇ ਮਾਫ਼ੀ ਦੇ ਕਾਬਲ ਵੀ ਨਾ ਹੋਣ। ਅਸੀਂ ਕਬਜ਼ੇ ਕਰਨ ਦੀ ਭਾਵਨਾ ਨਾਲ ਜੀਉਂਦੇ ਪਏ ਹਨ ਜਦੋਂ ਕਿ ਮਨੁੱਖਤਾ ਨੂੰ ਬਚਾਉਣ ਲਈ ਕੁਰਬਾਨੀ ਦੀ ਭਾਵਨਾ ਵਾਲਾ ਸੰਕਲਪ ਪੈਦਾ ਕਰਨ ਦੇ ਸਾਹਸੀ ਫ਼ੈਸਲੇ ਲੈਣ ਦੀ ਵਧੇਰੇ ਜ਼ਰੂਰਤ ਹੈ। ਇਹ ਵਕਤ ਦਾ ਤਕਾਜ਼ਾ ਹੀ ਹੁੰਦਾ ਹੈ ਕਿ ਮੋਢਿਆਂ ’ਤੇ ਖੂੰਡਾ ਚੁੱਕੀ ਫਿਰਦਾ ਬੰਦਾ ਇਕ ਦਿਨ ਖੂੰਡੀ ਨਾਲ ਤੁਰਨ ਲਈ ਮਜਬੂਰ ਹੋ ਜਾਂਦਾ ਹੈ। ਸਾਨੂੰ ਕੁਝ ਬਦਲਣ ਦੇ ਸੁਹਿਰਦ ਉਪਰਾਲੇ ਕਰਨੇ ਚਾਹੀਦੇ ਹਨ ਪਰ ਅਸੀਂ ਹਰ ਵੇਲੇ ਬਦਲੇ ਲੈਣ ਵਿਚ ਮਸ਼ਰੂਫ ਰਹਿੰਦੇ ਹਨ। ਕਾਸ਼ ਮਨੁੱਖ ਕੋਲ ਅਜਿਹੀ ਬੌਧਿਕ ਸ਼ਕਤੀ ਹੋਵੇ ਜੋ ਕਰੋਧ ਨੂੰ ਮੌਜ ਅਤੇ ਅੱਗ ਨੂੰ ਪ੍ਰਕਾਸ਼ ਵਿਚ ਬਦਲ ਦੇਵੇ। ਦੁਨੀਆ ਸਿਰਫ਼ ਦੋ ਤਰ੍ਹਾਂ ਦੇ ਲੋਕਾਂ ਨੂੰ ਯਾਦ ਰੱਖਦੀ ਹੈ, ਭੈੜੇ ਅਤੇ ਚੰਗੇ। ਤੁਸੀਂ ਕਿਵੇਂ ਯਾਦ ਰਹਿਣਾ ਹੈ ਇਹ ਤੁਹਾਡੇ ਹੱਥ-ਵੱਸ ਹੈ। ਮਨੁੱਖ ਭਾਵੇਂ ਸਮਾਜਿਕ ਜੀਵ ਹੈ ਪਰ ਹਰ ਤਰ੍ਹਾਂ ਦੇ ਗ਼ੈਰ ਸਮਾਜਿਕ ਕੰਮ ਮਨੁੱਖ ਹੀ ਕਰਦਾ ਹੈ। ਬਾਕੀ ਸਭ ਜੀਵ ਤਾਂ ਕੁਦਰਤ ਦੇ ਭਾਣੇ ਵਿਚ ਹੀ ਰਹਿੰਦੇ ਹਨ। ਮਨੁੱਖ ਉਚਾ ਹੋਣ ਦੀ ਚਾਹਤ ਵਿਚ ਸਭ ਕੁਝ ਲਤਾੜ ਕੇ ਅੱਗੇ ਲੰਘਣ ਦੀ ਦੌੜ ਵਿਚ ਸ਼ਾਮਿਲ ਹੈ।



• ਗੁਰਬਿੰਦਰ ਸਿੰਘ ਮਾਣਕ, 9815356086



# ਡਾਲੀ ਨਾਲੋਂ ਨਾ ਤੋੜ ਅਸਾਨੂੰ

ਮਹਿਕਾਂ ਬਿਖੇਰਦੇ ਫੁੱਲਾਂ ਦੀ ਵੀ ਅਜੀਬ ਹੋਣੀ ਹੈ। ਕਦੇ ਇਹ ਗਲ਼ ਦਾ ਹਾਰ ਬਣ ਕੇ ਵਿਅਕਤੀ ਦੀ ਹੋਭਾ ਨੂੰ ਚਾਰ ਚੰਨ ਲਾਉਂਦੇ ਹਨ ਤੇ ਕਦੇ ਉਦਾਸੀ ਦੇ ਮਾਹੌਲ ਵਿਚ ਵਿਛੜ ਚੁੱਕੇ ਵਿਅਕਤੀ ਲਈ ਖ਼ਾਮੋਸ਼ ਸ਼ਰਧਾਂਜਲੀ ਬਣ ਜਾਂਦੇ ਹਨ। ਫੁੱਲਾਂ ਦੇ ਵਿਸ਼ਾਲ ਸੰਸਾਰ ਦੀਆਂ ਅਨੇਕਾਂ ਖ਼ੂਬਸੂਰਤ ਵੰਨਗੀਆਂ, ਰੰਗ-ਰੂਪ ਤੇ ਮਹਿਕ ਮਨੁੱਖੀ ਮਨ ਵਿਚ ਕੁਦਰਤ ਦੇ ਇਸ ਵਰਤਾਰੇ ਪ੍ਰਤੀ ਅਚੰਭਾ ਪੈਦਾ ਕਰਦੇ ਹਨ। ਕਿਸੇ ਦੀ ਸੁੰਦਰਤਾ ਨੂੰ ਫੁੱਲਾਂ ਨਾਲ ਉਪਮਾ ਦੇ ਕੇ ਅਸਲ ਵਿਚ ਇਸ ਖ਼ੂਬਸੂਰਤ ਸਿਰਜਣਾ ਨੂੰ ਹੀ ਵਡਿਆਇਆ ਜਾਂਦਾ ਹੈ। ਕਿਸੇ ਸਥਾਨ ਨੂੰ ਸੁਹਾਵਣਾ ਤੇ ਸੁਹਜਮਈ ਬਣਾਉਣ ਵਿਚ ਹਸੀਨ ਫੁੱਲਾਂ ਦੀ ਹੋਂਦ ਵੱਡੀ ਭੂਮਿਕਾ ਅਦਾ ਕਰਦੀ ਹੈ। ਫੁੱਲਾਂ ਦੀ ਉਮਰ ਭਾਵੇਂ ਪਲਾਂ-ਛਿਣਾਂ ਦੀ ਹੁੰਦੀ ਹੈ ਪਰ ਇਸ ਛੋਟੀ ਜਿਹੀ ਆਉਧ ਵਿਚ ਹੀ ਇਹ ਆਲੇ-ਦੁਆਲੇ ਨੂੰ ਮਹਿਕਾਂ ਵੰਡਦੇ ਆਪਾ ਵਾਰ ਕੇ ਤੁਰ ਜਾਂਦੇ ਹਨ। ਭਾਈ ਵੀਰ ਸਿੰਘ ਨੇ ਫੁੱਲਾਂ ਦੀ ਹੋਣੀ ਦੀ ਦਰਦਮਈ ਵਿੱਥਿਆ ਨੂੰ ਆਪਣੀ ਇਕ ਕਵਿਤਾ ਵਿਚ ਇੰਜ ਬਿਆਨ ਕੀਤਾ ਹੈ :-

‘ਡਾਲੀ ਨਾਲੋਂ ਨਾ ਤੋੜ ਅਸਾਨੂੰ,
ਅਸਾਂ ਹੱਟ ਮਹਿਕ ਦੀ ਲਾਈ।’

ਜਿਹੜੇ ਘਰ, ਅਦਾਰੇ, ਵਿਦਿਅਕ ਸੰਸਥਾ ਜਾਂ ਪਾਰਕ ਵਿਚ ਫੁੱਲ ਖਿੜੇ ਹੋਣ ਤਾਂ ਮਨ ਵਿਚ ਇਹ ਖ਼ਿਆਲ ਸੁਭਾਵਿਕ ਹੀ ਉੱਠਦਾ ਹੈ ਕਿ ਜ਼ਰੂਰ ਇੱਥੇ ਕੋਈ ਅਜਿਹਾ ਵਿਅਕਤੀ ਹੈ, ਜਿਸ ਨੂੰ ਜ਼ਿੰਦਗੀ ਦੇ ਅਲੋਕਾਰ ਰੰਗਾਂ ਨਾਲ ਇਸ਼ਕ ਹੈ। ਅਜਿਹੇ ਸਥਾਨ ਵਿਚ ਪ੍ਰਵੇਸ਼ ਕਰਦਿਆਂ ਹੀ ਰੂਹ ਨਸ਼ਿਆ ਉੱਠਦੀ ਹੈ ਤੇ ਮਨ ਫੁੱਲਾਂ ਦੇ ਸੁਹਜ ਨੂੰ ਮਾਣਨ ਲਈ ਤਾਂਘਦਾ ਹੈ। ਸਾਡੇ ਬਹੁਤੇ ਦਫ਼ਤਰਾਂ, ਅਦਾਰਿਆਂ ਤੇ ਵਿਦਿਅਕ ਸੰਸਥਾਵਾਂ ਵਿਚ ਇਸ ਪੱਖ ਤੋਂ ਬੇਰੌਣਕੀ ਛਾਈ ਹੁੰਦੀ ਹੈ। ਅਜਿਹੇ ਸਥਾਨਾਂ ’ਤੇ ਕੰਮ ਕਰਨ ਵਾਲੇ ਵਿਅਕਤੀਆਂ ਦੇ ਚਿਹਰੇ ਵੀ ਇਸ ਤਰ੍ਹਾਂ ਲੱਗਦੇ ਹਨ ਜਿਵੇਂ ਮੁਰਦੇਹਾਣੀ ਛਾਈ ਹੋਵੇ। ਹਰਿਆਵਲਾ ਚਾਰ-ਚੁਫ਼ੇਰਾ ਤੇ ਫੁੱਲਾਂ ਨਾਲ ਟਹਿਕਦੇ ਬੂਟੇ ਉਦਾਸ ਚਿਹਰਿਆਂ ਨੂੰ ਖ਼ੁਸ਼ੀਆਂ ਦੀ ਰੰਗਤ ਬਖ਼ਸ਼ਦੇ ਹਨ। ਖਿੜੇ ਹੋਏ ਫੁੱਲਾਂ ਦੇ ਸਜੇ ਮਹਿਲ ’ਚ ਵਿਚਰਦਿਆਂ ਮਨ ਵਿਚ ਖੇੜਾ ਪਸਰ ਜਾਂਦਾ ਹੈ। ਪ੍ਰੇਮ ਰੂਪੀ ਪਗਡੰਡੀ ’ਤੇ ਤੁਰੇ ਪਾਂਧੀ, ਦਿਲ ਦੀ ਵੇਦਨਾ ਦੇ ਪ੍ਰਗਟਾਵੇ ਲਈ ਇਕ ਦੂਜੇ ਨੂੰ ਫੁੱਲ ਭੇਟ ਕਰਕੇ ਖ਼ਾਮੋਸ਼ੀ ਦੀ ਜ਼ੁਬਾਨ ’ਚ ਹੀ ਬਹੁਤ ਕੁਝ ਕਹਿ ਜਾਂਦੇ ਹਨ। ਦੁਨੀਆ ਭਰ ਵਿਚ ਵਿਸ਼ੇਸ਼ ਪ੍ਰਾਹੁਣਿਆਂ ਤੇ ਆਪਣੇ ਪਿਆਰਿਆਂ ਲਈ ਫੁੱਲ ਭੇਟ ਕਰਕੇ ਦਿਲ ਦੇ ਪਿਆਰ ਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਫੁੱਲ ਭੇਟ ਕਰਕੇ ਜਿਵੇਂ ਕੋਈ ਇਹ ਦਰਸਾ ਰਿਹਾ ਹੋਵੇ ਕਿ ਮੇਰੇ ਪਾਸ ਇਸ ਤੋਂ ਕੀਮਤੀ ਕੋਈ ਵਸਤੂ ਨਹੀਂ ਹੈ, ਜਿਹੜੀ ਮੈਂ ਆਪਣੇ ਪਿਆਰੇ ਤੋਂ ਵਾਰ ਸਕਾਂ।

ਸਵੇਰੇ-ਸਵੇਰੇ ਤਰੇਲ ਭਿੱਜੇ ਸੁੱਚੇ ਫੁੱਲਾਂ ਦਾ ਇਕ ਬੁੱਕ ਭਰ ਕੇ ਸ਼ਰਧਾਵਾਨ ਆਪਣੇ ਇਸ਼ਟ ਅੱਗੇ ਨਤਮਸਤਕ ਹੁੰਦੇ ਹਨ। ਕਿਸੇ ਧਾਰਮਿਕ ਅਸਥਾਨ ਵਿਚ ਭੇਟ ਕੀਤੇ ਅਜਿਹੇ ਫੁੱਲਾਂ ਦਾ ਪ੍ਰਸ਼ਾਦ ਪ੍ਰਾਪਤ ਕਰ ਕੇ ਵੀ ਪ੍ਰਭੂ-ਪਿਆਰੇ ਧੰਨਭਾਗ ਸਮਝਦੇ ਹਨ। ਗੁਲਾਬ ਨੂੰ ਫੁੱਲਾਂ ਦਾ ਰਾਜਾ ਕਿਹਾ ਜਾਂਦਾ ਹੈ। ਫੁੱਲਾਂ ਦੇ ਵਿਲੱਖਣ ਸੰਸਾਰ ਵਿਚ ਅਨੇਕਾਂ ਰੰਗਾਂ ਤੇ ਕਿਸਮਾਂ ਦੇ ਫੁੱਲ ਹਨ, ਪਰ ਗੁਲਾਬ ਦੇ ਹੁਸਨ ਦੀ ਆਭਾ ਹੀ ਵੱਖਰੀ ਹੈ। ‘ਗੁੱਝੀ ਰਹੇ ਨਾ ਹੀਰ ਹਜ਼ਾਰ ਵਿੱਚੋਂ’ ਦੇ ਕਥਨ ਅਨੁਸਾਰ ਗੁਲਾਬ ਹਰ ਕਿਸੇ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਸਮਰੱਥਾ ਰੱਖਦਾ ਹੈ। ਕਿਸੇ ਉੱਤੇ ਫੁੱਲਾਂ ਦੀ ਵਰਖਾ ਕਰਨੀ ਤੇ ਉਸ ਦੇ ਰਾਹਾਂ ਵਿਚ ਫੁੱਲ ਵਿਛਾਉਣੇ ਉਸ ਪ੍ਰਤੀ ਪ੍ਰਗਟਾਏ ਮੋਹ ਤੇ ਸਤਿਕਾਰ ਦੀ ਸਿਖ਼ਰ ਹੁੰਦੀ ਹੈ।

ਸੰਸਾਰ ਭਰ ਵਿਚ ਹੀ ਕਿਸੇ ਵਿਸ਼ੇਸ਼ ਸ਼ਖ਼ਸੀਅਤ ਨੂੰ ਫੁੱਲਾਂ ਦੇ ਬੁੱਕੇ ਭੇਟ ਕਰ ਕੇ ਮਾਣ ਦੇਣ ਦੀ ਰਵਾਇਤ ਹੈ। ਕਿਸੇ ਖ਼ਾਸ ਵਿਅਕਤੀ ਦੇ ਅਕਾਲ ਚਲਾਣਾ ਕਰਨ ’ਤੇ ਵੀ ਫੁੱਲਾਂ ਨਾਲ ਹੀ ਉਸ ਵਿਅਕਤੀ ਪ੍ਰਤੀ ਆਪਣੇ ਸਨੇਹ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਫੁੱਲਾਂ ਦੀ ਹੋਣੀ ਵੀ ਅਜੀਬ ਹੈ, ਕਦੇ ਉਹ ਕਿਸੇ ਦੇ ਗਲ਼ੇ ਦਾ ਹਾਰ ਬਣ ਜਾਂਦੇ ਹਨ, ਕਦੇ ਉਹ ਮਹਿਬੂਬਾਂ ਦੀਆਂ ਜ਼ੁਲਫਾਂ ਦਾ ਸ਼ਿੰਗਾਰ ਬਣ ਉਸ ਦੇ ਹੁਸਨ ਨੂੰ ਚਾਰ ਚੰਨ ਲਾਉਂਦੇ ਹਨ, ਕਦੇ ਕਿਸੇ ਸ਼ਰਧਾਵਾਨ ਵੱਲੋਂ ਆਪਣੇ ਇਸ਼ਟ ਦੇ ਸਨਮੁੱਖ ਭੇਟ ਹੋਣ ਦਾ ਮਾਣ ਹਾਸਿਲ ਕਰਦੇ ਹਨ ਤੇ ਕਦੇ ਵਿਛੋੜਾ ਦੇ ਗਏ ਮਨੁੱਖ ਦੇ ਸਰੀਰ ’ਤੇ ਸ਼ਰਧਾਂਜਲੀ ਬਣ ਬਿਖਰ ਜਾਂਦੇ ਹਨ।

ਬੱਚਿਆਂ ਦੀ ਮਾਸੂਮੀਅਤ ਤੇ ਨਜ਼ਾਕਤ ਕਾਰਨ ਉਨ੍ਹਾਂ ਦੀ ਤੁਲਨਾ ਅਕਸਰ ਫੁੱਲਾਂ ਨਾਲ ਕੀਤੀ ਜਾਂਦੀ ਹੈ, ਜਿਵੇਂ ਫੁੱਲ ਛੇਤੀ ਕਮਲਾ ਜਾਂਦੇ ਹਨ ਉਵੇਂ ਹੀ ਮਸੂਮ ਜਿੰਦਾਂ ਦੇ ਚਿਹਰੇ ਵੀ ਥੋੜ੍ਹੀ ਜਿਹੀ ਝਿੜਕ ਨਾਲ ਹੀ ਕਮਲਾ ਜਾਂਦੇ ਹਨ। ਕਹਿੰਦੇ ਹਨ ਜਾਪਾਨੀ ਫੁੱਲਾਂ ਦੇ ਬਹੁਤ ਆਸ਼ਕ ਹਨ। ਉਨ੍ਹਾਂ ਦਾ ਕੋਈ ਘਰ, ਦਫ਼ਤਰ ਜਾਂ ਅਦਾਰਾ ਫੁੱਲਾਂ ਤੋਂ ਬਿਨਾਂ ਕਿਆਸਿਆ ਹੀ ਨਹੀਂ ਜਾ ਸਕਦਾ। ਬਾਗ਼-ਬਗ਼ੀਚਿਆਂ ਵਿਚ ਵਿਚਰਦਿਆਂ ਉਹ ਕਿਸੇ ਨੂੰ ਸ਼ੋਰ ਨਹੀਂ ਕਰਨ ਦਿੰਦੇ, ਉਨ੍ਹਾਂ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਫੁੱਲ ਮੁਰਝਾ ਜਾਂਦੇ ਹਨ। ਅਜੋਕੇ ਸਮਿਆਂ ਵਿਚ ਫੁੱਲਾਂ ਦਾ ਵਪਾਰ ਹੋਣ ਲੱਗ ਪਿਆ ਹੈ। ਛੋਟੇ-ਵੱਡੇ ਸ਼ਹਿਰਾਂ ਵਿਚ ਹਰ ਰੋਜ਼ ਹਜ਼ਾਰਾਂ ਟਨ ਫੁੱਲ ਵਿਕਦੇ ਹਨ। ਆਧੁਨਿਕ ਸਮੇਂ ਵਿਚ ਮਨੁੱਖੀ ਜੀਵਨ ਵਿਚ ਫੁੱਲਾਂ ਦੀ ਮੰਗ ਲਗਾਤਾਰ ਵਧਣ ਦੇ ਸਿੱਟੇ ਵਜੋਂ ਫੁੱਲਾਂ ਦਾ ਵਪਾਰ ਬਹੁਤ ਵੱਡੀ ਪੱਧਰ ’ਤੇ ਹੋਣ ਲੱਗ ਪਿਆ ਹੈ। ਫੁੱਲਾਂ ਦੀ ਇਹ ਸਨਅਤ ਕਰੋੜਾਂ ਰੁਪਏ ਦਾ ਵਪਾਰ ਕਰਦੀ ਹੈ। ਵਿਆਹ-ਸ਼ਾਦੀਆਂ ਦੇ ਮੌਸਮ, ਤਿਉਹਾਰਾਂ ਅਤੇ ਵੈਲਨਟਾਇਨ ਡੇ ਆਦਿ ਜਿਹੇ ਦਿਨਾਂ ਵਿਚ ਤਾਂ ਫੁੱਲਾਂ ਦੀ ਮੰਗ ਇੰਨੀ ਵੱਧ ਜਾਂਦੀ ਹੈ ਕਿ ਮਾਰਕਿਟ ਵਿਚ ਫੁੱਲਾਂ ਦੀ ਕਮੀ ਹੋ ਜਾਂਦੀ ਹੈ। ਸ਼ਹਿਰੀ ਖੇਤਰਾਂ ਨੇੜਲੇ ਕਿਸਾਨ ਫੁੱਲਾਂ ਦੀ ਖੇਤੀ ਕਰਕੇ ਚੰਗਾ ਮੁਨਾਫਾ ਕਮਾ ਰਹੇ ਹਨ। ਸਾਡੇ ਦੇਸ਼ ਵਿਚ ਹਰ ਥਾਂ ਗੰਦਗੀ ਦੇ ਢੇਰਾਂ ਦਾ ਬੋਲਬਾਲਾ ਹੈ। ਹਹਿਰੀ ਖੇਤਰਾਂ ਵਿਚ ਤਾਂ ਕੂੜਾ-ਕਰਕਟ ਦੇ ਲਗਾਤਾਰ ਵਧ ਰਹੇ ਢੇਰ ਗੰਭੀਰ ਸਮੱਸਿਆ ਦਾ ਰੂਪ ਧਾਰ ਚੁੱਕੇ ਹਨ। ਅਜਿਹੇ ਵਿਚ ਫੁੱਲਾਂ ਦੀ ਗੱਲ ਕਰਨੀ ਫੁੱਲਾਂ ਨਾਲ ਮਜ਼ਾਕ ਹੈ। ਹਰ ਫੁੱਲ ਦੂਜਿਆਂ ਲਈ ਆਪਾ ਕੁਰਬਾਨ ਕਰਨ ਦਾ ਸੁਨੇਹਾ ਦਿੰਦਾ ਹੈ। ਅਸੀਂ ਫੁੱਲਾਂ ਦੀ ਪੱਤੀ-ਪੱਤੀ ਵਲੂੰਧਰ ਸੁੱਟਦੇ ਹਾਂ। ਪ੍ਰਸਿੱਧ ਸ਼ਾਇਰ ਸਰਦਾਰ ਪੰਛੀ ਵੀ ਫੁੱਲਾਂ ਦੀ ਅਜਿਹੀ ਦੁਰਦਸ਼ਾ ਪ੍ਰਤੀ ਸੁਚੇਤ ਕਰਦਿਆਂ ਕਹਿੰਦੇ ਹਨ--

ਯੇਹ ਭੀ ਪੀਤੇ ਹੈ ਰਾਤ ਭਰ ਸ਼ਬਨਮ, ਲਿਖ ਲੋ ਰਿੰਦੋਂ ਮੇਂ ਨਾਮ ਫੂਲੋਂ ਕਾ।
ਦੇਵਤਾ ਖ਼ੁਸ਼ ਨਾ ਹੋਂਗੇ ਫੂਲੋਂ ਸੇ, ਮਤ ਕਰੋ ਕਤਲੇਆਮ ਫੂਲੋਂ ਕਾ। •

> ਆਧੁਨਿਕ ਸਮੇਂ ’ਚ ਮਨੁੱਖੀ ਜੀਵਨ ’ਚ ਫੁੱਲਾਂ ਦੀ ਮੰਗ ਲਗਾਤਾਰ ਵਧਣ ਦੇ ਸਿੱਟੇ ਵਜੋਂ ਫੁੱਲਾਂ ਦਾ ਵਪਾਰ ਵੱਡੀ ਪੱਧਰ ’ਤੇ ਹੋਣ ਲੱਗ ਪਿਆ ਹੈ। ਫੁੱਲਾਂ ਦੀ ਇਹ ਸਨਅਤ ਕਰੋੜਾਂ ਰੁਪਏ ਦਾ ਵਪਾਰ ਕਰਦੀ ਹੈ…

• ਰੁਪਿੰਦਰ ਕੌਰ
9417560707

# ਸੱਚ ਦੀ ਪਰਖ ਕਰਦੈ ਨਜ਼ਰੀਆ

ਅਜੋਕੇ ਭੌਤਿਕਵਾਦੀ ਯੁੱਗ ਵਿਚ ਮਨੁੱਖੀ ਜ਼ਿੰਦਗੀ ਦਾ ਤਾਣਾ-ਬਾਣਾ ਬਹੁਤ ਉਲਝ ਗਿਆ ਹੈ। ਦਿਨ ਪ੍ਰਤੀ ਦਿਨ ਮਨੁੱਖ ਦੀਆਂ ਆਸ਼ਾਵਾਂ ਵੱਧ ਰਹੀਆਂ ਹਨ। ਇਹ ਆਸ਼ਾਵਾਂ ਜਿੱਥੇ ਪਦਾਰਥਵਾਦੀ ਹਨ ਉੱਥੇ ਮਨੁੱਖੀ ਰਿਸ਼ਤਿਆਂ ਪ੍ਰਤੀ ਵੀ ਹਨ ਪ੍ਰੰਤੂ ਜਦ ਲੋੜ ਤੋਂ ਵੱਧ ਅਸੀਂ ਕਿਸੇ ਤੋਂ ਉਮੀਦ ਰੱਖਦੇ ਹਾਂ ਤਾਂ ਕੁਦਰਤੀ ਤੌਰ ’ਤੇ ਉਹ ਉਮੀਦ ਟੁੱਟਣੀ ਹੀ ਹੁੰਦੀ ਹੈ ਜਿਸ ਕਰਕੇ ਹਰ ਇਕ ਮਨੁੱਖ ਸਮਾਜ ਅਤੇ ਸਮਾਜਿਕ ਲੋਕਾਂ ਪ੍ਰਤੀ ਆਪਣਾ ਨਜ਼ਰੀਆ ਬਣਾਉਂਦਾ ਹੈ।

ਸਮਾਜ ਅਤੇ ਸਮਾਜਿਕ ਲੋਕਾਂ ਪ੍ਰਤੀ ਦ੍ਰਿਸ਼ਟੀਕੋਣ ਸਮੇਂ ਅਨੁਸਾਰ ਬਣਦਾ ਅਤੇ ਬਦਲਦਾ ਰਹਿੰਦਾ ਹੈ। ਜਿਸ ’ਤੇ ਚਲਦਿਆਂ ਕਦੀ ਕੋਈ ਬਹੁਤਾ ਕਰੀਬ ਅਤੇ ਕਦੀ ਕੋਈ ਜਾਨ ਦਾ ਦੁਸ਼ਮਣ ਲੱਗਦਾ ਹੈ। ਇਸ ਗ਼ਲਤ ਦ੍ਰਿਸ਼ਟੀਕੋਣ ਕਾਰਨ ਜਿੱਥੇ ਪਰਿਵਾਰ ਤਿੜਕ ਰਹੇ ਹਨ, ਉੱਥੇ ਸਮਾਜ ਦਾ ਤਾਣਾ -ਬਾਣਾ ਵੀ ਕਮਜ਼ੋਰ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਮਨੁੱਖੀ ਸ਼ਖ਼ਸੀਅਤ ਨੂੰ ਢਾਹ ਲੱਗਦੀ ਹੈ। ਗ਼ਲਤ ਦ੍ਰਿਸ਼ਟੀਕੋਣ ਕੀ ਹੈ? ਕਿਉਂ ਪੈਦਾ ਹੁੰਦਾ ਹੈ? ਕਿਵੇਂ ਇਸ ਨੂੰ ਸੁਲਝਾਇਆ ਜਾ ਸਕਦਾ ਹੈ ? ਇਹ ਕਈ ਸਵਾਲ ਹਨ ਜਿਨ੍ਹਾਂ ਦਾ ਉੱਤਰ ਲੱਭਣਾ ਬਹੁਤ ਜ਼ਰੂਰੀ ਹੈ। ਸਮਾਜ ਵਿਚ ਤੁਹਾਡੇ ਨਾਲ ਵਿਚਰ ਰਹੇ ਇਨਸਾਨ ਬਾਰੇ ਤੁਹਾਡੇ ਕੀ ਵਿਚਾਰ ਹਨ ਜਾਂ ਸਾਹਮਣੇ ਵਾਲਾ ਇਨਸਾਨ ਤੁਹਾਡੇ ਪ੍ਰਤੀ ਕਿਸ ਤਰ੍ਹਾਂ ਦੀਆਂ ਭਾਵਨਾਵਾਂ ਰੱਖਦਾ ਹੈ, ਆਮ ਸ਼ਬਦਾਂ ਵਿਚ ਇਹ ਹੀ ਦ੍ਰਿਸ਼ਟੀਕੋਣ ਹੈ। ਪੁਰਾਣੇ ਸਮੇਂ ਵਿਚ ਇਹ ਭਾਵਨਾਵਾਂ ਸਾਂਝ ਪੂਰਵਕ ਹੁੰਦੀਆਂ ਸਨ। ਇਨ੍ਹਾਂ ਵਿਚ ਦੁੱਖ ਸੁੱਖ ਦੀ ਸਾਂਝ ਸੀ। ਪ੍ਰੰਤੂ ਅਜੋਕਾ ਯੁੱਗ ਭੌਤਿਕਵਾਦੀ ਹੋਣ ਕਰਕੇ ਹਰ ਮਨੁੱਖ ਦੋਹਰੀ ਸ਼ਖ਼ਸੀਅਤ ਰੱਖਦਾ ਹੈ। ਜ਼ੁਬਾਨੀ ਸ਼ਖ਼ਸੀਅਤ ਵਿਚ ਉਹ ਸਿਰਫ਼ ਤੁਹਾਡੇ ਪ੍ਰਤੀ ਵਫ਼ਾਦਾਰ ਹੈ ਪ੍ਰੰਤੂ ਅੰਦਰੂਨੀ ਤੌਰ ’ਤੇ ਸਿਰਫ਼ ਉਹ ਮਨੁੱਖ ਹੀ ਜਾਣਦਾ ਹੈ ਕਿ ਉਹ ਤੁਹਾਡੇ ਬਾਰੇ ਕਿਸ ਤਰ੍ਹਾਂ ਦੇ ਵਿਚਾਰ ਰੱਖਦਾ ਹੈ। ਦੂਜਾ ਸਵਾਲ, ਦ੍ਰਿਸ਼ਟੀਕੋਣ ਬਣਿਆ ਕਿਉਂ? ਹਰ ਇਕ ਮਨੁੱਖ ਆਪਣੇ ਆਪ ਵਿਚ ਏਨੀ ਕੁ ਸੋਝੀ ਰੱਖਦਾ ਹੈ ਕਿ ਆਪਣੇ ਪ੍ਰਤੀ ਦੂਸਰਿਆਂ ਦੇ ਦ੍ਰਿਸ਼ਟੀਕੋਣ ਨੂੰ ਸਮਝ ਸਕਦਾ ਹੈ। ਜਦ ਅਸੀਂ ਆਪਣੇ ਸਾਹਮਣੇ ਵਾਲੇ ਦੇ ਚੰਗੇ ਜਾਂ ਬੁਰੇ ਨਜ਼ਰੀਏ ਤੋਂ ਜਾਣੂ ਹੋ ਜਾਂਦੇ ਹਾਂ ਤਾਂ ਉਸ ਪ੍ਰਤੀ ਉਸ ਪ੍ਰਕਾਰ ਦਾ ਨਜ਼ਰੀਆ ਬਣਾਉਣ ਦੀ ਬਜਾਇ ਜ਼ਰੂਰੀ ਹੈ ਆਪਣੇ ਆਪ ਨੂੰ ਘੋਖਿਆ ਜਾਵੇ। ਅਸੀਂ ਅਜਿਹਾ ਕੀ ਕੀਤਾ ਕਿ ਸਾਹਮਣੇ ਵਾਲਾ ਸਾਡੇ ਨਾਲ ਦੋਹਰੀ ਸ਼ਖ਼ਸੀਅਤ ਵਿਚ ਪੇਸ਼ ਆ ਰਿਹਾ ਹੈ। ਇਸ ’ਤੇ ਸਾਡੀ ਕਮਜ਼ੋਰੀ ਸਾਨੂੰ ਪਤਾ ਲੱਗ ਜਾਵੇਗੀ। ਇਸ ਨਾਲ ਜਿੱਥੇ ਸਾਡੀ ਸ਼ਖ਼ਸੀਅਤ ਵਿਚ ਨਿਖਾਰ ਆਵੇਗਾ। ਉੱਥੇ ਤਿੜਕਦੇ ਰਿਸ਼ਤੇ ਫਿਰ ਤੋਂ ਸੰਵਰ ਜਾਣਗੇ। ਪਰ ਇਕ ਗੱਲ ਹੋਰ ਵੀ ਬਹੁਤ ਜ਼ਰੂਰੀ ਹੈ ਜਦੋਂ ਅਸੀਂ ਆਪਣੇ ਆਪ ਦਾ ਮੁਲਾਂਕਣ ਕਰਦੇ ਹਾਂ ਤਾਂ ਵਾਤਾਵਰਨ ਅਤੇ ਹਾਲਾਤ ਨੂੰ ਧਿਆਨ ਵਿਚ ਰੱਖਿਆ ਜਾਵੇ ਕਿਉਂਕਿ ਕਈ ਵਾਰ ਦੋਵੇਂ ਪੱਖ ਸਹੀ ਹੁੰਦੇ ਹਨ ਪ੍ਰੰਤੂ ਹਾਲਾਤ ਤੁਹਾਡੇ ਅਨੁਕੂਲ ਨਹੀਂ ਹੁੰਦੇ ਜਿਸ ਕਾਰਨ ਦ੍ਰਿਸ਼ਟੀਕੋਣ ਪ੍ਰਭਾਵਿਤ ਹੁੰਦਾ ਹੈ।

ਹੁਣ ਆਖਰੀ ਸਵਾਲ, ਗ਼ਲਤ ਦ੍ਰਿਸ਼ਟੀਕੋਣ ਨੂੰ ਕਿਵੇਂ ਸੁਲਝਾਇਆ ਜਾਵੇ। ਕਿਸੇ ਵਿਅਕਤੀ ਦੇ ਗ਼ਲਤ ਦ੍ਰਿਸ਼ਟੀਕੋਣ ਨੂੰ ਆਪਣੇ ਪ੍ਰਤੀ ਸਹੀ ਕਰਨ ਦੇ ਲਈ ਬਹੁਤੀ ਕੋਸ਼ਿਸ਼ ਨਾ ਕਰੋ। ਇਸ ਨਾਲ ਕਈ ਵਾਰ ਤੁਸੀਂ ਹੋਰ ਵੀ ਗ਼ਲਤ ਸਾਬਿਤ ਹੋ ਜਾਂਦੇ ਹੋ। ਜੇ ਲੋੜ ਹੈ ਤਾਂ ਆਪਣੇ ਸੱਚ ਨੂੰ ਆਪਣੇ ਨਾਲ ਲੈ ਕੇ ਚੱਲਣ ਦੀ। ਤੁਸੀਂ ਜ਼ਬਾਨੀ ਅਤੇ ਅੰਦਰੂਨੀ ਤੌਰ ’ਤੇ ਇਕ ਹੋ ਕੇ ਅੱਗੇ ਵਧੋ। ਸਮਾਂ ਤੁਹਾਡਾ ਸਾਥ ਦੇਵੇਗਾ ਜੋ ਇਨਸਾਨ ਤੁਹਾਡੇ ਪ੍ਰਤੀ ਗ਼ਲਤ ਨਜ਼ਰੀਆ ਰੱਖਦੇ ਹਨ ਉਹ ਆਪਣੇ ਆਪ ਵਿਚ ਸ਼ਰਮਿੰਦਗੀ ਮਹਿਸੂਸ ਕਰਨਗੇ ਅਤੇ ਇਸ ਸੱਚ ਨੂੰ ਸਮਝਣਗੇ ਕਿ ਕਿਵੇਂ ਗ਼ਲਤ ਹਾਲਾਤ ਨੇ ਤੁਹਾਡੇ ਅਤੇ ਉਨ੍ਹਾਂ ਵਿਚਕਾਰ ਇਕ ਦੀਵਾਰ ਪੈਦਾ ਕਰਕੇ ਦੂਰੀ ਨੂੰ ਪੈਦਾ ਕਰ ਦਿੱਤਾ।

ਗ਼ਲਤ ਦ੍ਰਿਸ਼ਟੀਕੋਣ ਤੋਂ ਬਚਣ ਲਈ ਸਿਰਫ਼ ਇਹ ਜ਼ਰੂਰੀ ਨਹੀਂ ਕਿ ਅਸੀਂ ਦੂਸਰੇ ਲੋਕਾਂ ਨੂੰ ਪਰਖਦੇ ਜਾਂ ਮੁਲਾਂਕਣ ਕਰਦੇ ਰਹੀਏ। ਜਦ ਅਸੀਂ ਸਿੱਕੇ ਦੇ ਦੋਵੇਂ ਪਹਿਲੂਆਂ ਨੂੰ ਦੇਖਾਂਗੇ ਤਾਂ ਹੀ ਅੱਗੇ ਵਧ ਸਕਾਂਗੇ। ਰਿਸ਼ਤਿਆਂ ਦੇ ਨਾਲ-ਨਾਲ ਸਮਾਜਿਕ ਸਾਂਝ ਨੂੰ ਵੀ ਮਾਣ ਸਕਾਂਗੇ। •

> ਗ਼ਲਤ ਦ੍ਰਿਸ਼ਟੀਕੋਣ ਤੋਂ ਬਚਣ ਲਈ ਸਿਰਫ਼ ਇਹ ਜ਼ਰੂਰੀ ਨਹੀਂ ਕਿ ਅਸੀਂ ਦੂਸਰੇ ਲੋਕਾਂ ਨੂੰ ਪਰਖਦੇ ਜਾਂ ਮੁਲਾਂਕਣ ਕਰਦੇ ਰਹੀਏ। ਇਹ ਆਪਣੇ ਆਪ ’ਤੇ ਲਾਗੂ ਕਰਨਾ ਵੀ ਜ਼ਰੂਰੀ ਹੈ ਕਿ ਸਾਡਾ ਵਿਵਹਾਰ ਦੂਸਰਿਆਂ ਪ੍ਰਤੀ ਕਿਹੋ ਜਿਹਾ ਹੈ। ਜਦ ਅਸੀਂ ਸਿੱਕੇ ਦੇ ਦੋਵੇਂ ਪਹਿਲੂਆਂ ਨੂੰ ਦੇਖਾਂਗੇ ਤਾਂ ਹੀ ਅੱਗੇ ਵਧ ਸਕਾਂਗੇ। ਰਿਸ਼ਤਿਆਂ ਦੇ ਨਾਲ-ਨਾਲ ਸਮਾਜਿਕ ਸਾਂਝ ਨੂੰ ਵੀ ਮਾਣ ਸਕਾਂਗੇ…



## ਕਲਮਾਂ ਦਾ ਕਾਫ਼ਲਾ

# ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਦਾ ਪੰਜਾਬੀ ਵਿਕਾਸ ਮੰਚ



• ਵਰਿੰਦਰ ਸਿੰਘ ਨਿਮਾਣਾ

> ਸੰਸਥਾ ਮਹਿਸੂਸ ਕਰਦੀ ਹੈ ਕਿ ਪੱਛਮੀ ਮੁਲਕਾਂ ’ਚ ਭਾਰਤ ਦੇ ਮੁਕਾਬਲੇ ਆਮ ਲੋਕਾਂ ’ਚ ਰਸਮੀ ਪੜ੍ਹਾਈ ਦੇ ਨਾਲ ਆਮ ਜਾਣਕਾਰੀ ਤੇ ਸਾਹਿਤਕ ਪੁਸਤਕਾਂ ਪੜ੍ਹਨ ਦਾ ਰੁਝਾਨ ਜ਼ਿਆਦਾ ਹੈ…

ਮਿਆਰੀ ਤੇ ਆਮ ਜਾਣਕਾਰੀ ਭਰਪੂਰ ਪੁਸਤਕਾਂ ਇਨਸਾਨ ਨੂੰ ਨਿਰੰਤਰ ਗਤੀਸ਼ੀਲਤਾ,ਦ੍ਰਿੜ੍ਹਤਾ, ਪ੍ਰੇਰਣਾ ਤੇ ਉੱਚੀਆਂ ਤੇ ਸੱਚੀਆਂ ਕਦਰਾਂ-ਕੀਮਤਾਂ ਦੀ ਜਾਂਚ ਸਿਖਾਉਣ ’ਚ ਮਦਦਗਾਰ ਸਾਬਿਤ ਹੁੰਦੀਆਂ ਹਨ। ਪੰਜਾਬੀ ਦੇ ਉੱਘੇ ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਲਿਖਦੇ ਹਨ, ‘ਸਹੀ ਅਰਥਾਂ ’ਚ ਸਮਾਜ ਉਦੋਂ ਤਰੱਕੀ ਕਰੇਗਾ ਜਦੋਂ ਅਦਾਲਤਾਂ, ਥਾਣਿਆਂ ਤੇ ਜੇਲ੍ਹਾਂ ਨਾਲੋਂ ਸਾਡੀਆਂ ਲਾਇਬ੍ਰੇਰੀਆਂ ਵੱਡੀਆਂ ਤੇ ਵਧੇਰੇ ਹੋਣਗੀਆਂ।

ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਵਿਖੇ ‘ਪੰਜਾਬੀ ਵਿਕਾਸ ਮੰਚ ਹਰਿਆਣਾ’ ਨਾਂ ਦੀ ਸਾਹਿਤਕ ਸੰਸਥਾ ਪਿਛਲੇ ਕਰੀਬ 10 ਸਾਲ ਤੋਂ ਇਲਾਕੇ ਦੇ ਵਿਦਿਆਰਥੀਆਂ ਤੇ ਸਾਹਿਤ ਪ੍ਰੇਮੀਆਂ ’ਚ ਪੁਸਤਕ ਸੱਭਿਆਚਾਰ ਪੈਦਾ ਕਰਨ ਦੇ ਨਿਰੰਤਰ ਉਪਰਾਲੇ ਕਰ ਰਹੀ ਹੈ। ਇਹ ਸੰਸਥਾ ਜ਼ਿਲ੍ਹੇ ਦੇ ਵੱਖ-ਵੱਖ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ’ਚ ਸਾਹਿਤਕ ਤੇ ਕਲਾਤਮਿਕ ਵੰਨਗੀਆਂ ਦੇ ਮੁਕਾਬਲੇ ਕਰਵਾ ਕੇ ਜੇਤੂਆਂ ਨੂੰ ਨਕਦ ਇਨਾਮ ਦੇਣ ਦੇ ਨਾਲ-ਨਾਲ ਮਿਆਰੀ ਸਾਹਿਤ ਦੀਆਂ ਪੁਸਤਕਾਂ ਦੇ ਤੋਹਫੇ ਭੇਟ ਕਰਨ ਦੀ ਪਿਰਤ ਪਾ ਰਹੀ ਹੈ। ਵਿਦਿਆਰਥੀਆਂ ਨੂੰ ਪ੍ਰਾਇਮਰੀ ਪੱਧਰ ਤੋਂ ਬਾਲ ਸਾਹਿਤ ਨਾਲ ਜੋੜਨ ਲਈ ਸੰਸਥਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਵਿਦਿਆਰਥੀਆਂ ਦੀਆਂ ਸਾਹਿਤਕ ਤੇ ਕਲਾਤਮਿਕ ਰੁਚੀਆਂ ਨੂੰ ਪ੍ਰਫੁੱਲਿਤ ਕਰਨ ਲਈ ਸੰਸਥਾ ਵੱਲੋਂ ਹਰ ਸਾਲ ਨਵੰਬਰ ਮਹੀਨੇ ਆਪਣੇ ਸਾਲਾਨਾ ‘ਪੁਸਤਕ ਮੇਲੇ ਤੇ ਵਿਰਾਸਤੀ ਉਤਸਵ’ ਦੇ ਮੰਚ ’ਤੇ ਸਿਰਫ਼ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੂੰ ਹੀ ਆਪਣਾ ਹੁਨਰ ਦਿਖਾਉਣ ਦਾ ਮੌਕਾ ਦਿੱਤਾ ਜਾਂਦਾ ਹੈ। ਸੰਸਥਾ ਆਪਣੇ 10 ਸਾਲਾਂ ਦੇ ਸਫ਼ਰ ਦੌਰਾਨ 75 ਹਜ਼ਾਰ ਰੁਪਏ ਤੋਂ ਵੱਧ ਕੀਮਤ ਦੀਆਂ ਪੁਸਤਕਾਂ ਤੇ ਏਨੀ ਕੀਮਤ ਦੀ ਨਕਦ ਰਾਸ਼ੀ ਦੇ ਇਨਾਮ ਵਿਦਿਆਰਥੀਆਂ ’ਚ ਵੰਡ ਚੁੱਕੀ ਹੈ।

ਸੰਸਥਾ ਦੇ ਪ੍ਰਬੰਧਕਾਂ ਮੁਤਾਬਿਕ ਪੰਜਾਬੀਆਂ ਲਈ ਇਹ ਗੱਲ ਮਿਹਣੇ ਵਰਗੀ ਹੋ ਗਈ ਹੈ ਕਿ ਪੰਜਾਬੀ ਲੋਕ ਆਪਣੇ ਘਰਾਂ, ਕੋਠੀਆਂ, ਕਾਰਾਂ ਤੇ ਵਿਆਹ-ਸ਼ਾਦੀਆਂ ਉਤੇ ਤਾਂ ਲੱਖਾਂ ਰੁਪਏ ਖਰਚ ਸਕਦੇ ਹਨ, ਪਰ ਘਰਾਂ ’ਚ ਸਾਹਿਤਕ ਪੁਸਤਕਾਂ ਜਾਂ ਜ਼ਿੰਦਗੀ ਨੂੰ ਸੁਹਜ ਸੁਆਦ ਦੇਣ ਵਾਲੀਆਂ ਕਲਾਵਾਂ ਲਈ ਕੋਈ ਉਚੇਚ ਨਹੀਂ ਦਿੰਦੇ। ਆਗੂਆਂ ਮੁਤਾਬਿਕ ਸਮਾਜ ’ਚ ਸਿਹਤਮੰਦ ਕਦਰਾਂ-ਕੀਮਤਾਂ ਪੈਦਾ ਕਰਨ ਲਈ ਪੰਜਾਬ ’ਚ ਮੇਲੇ ਤਿਉਹਾਰਾਂ, ਖ਼ੁਸ਼ੀ ਤੇ ਹੋਰ ਸਮਾਜਿਕ ਸਮਾਗਮਾਂ ਮੌਕੇ ਖਪਤੀ ਚੀਜ਼ਾਂ ਤੇ ਮਿਠਾਈਆਂ ਦੇ ਤੋਹਫਿਆਂ ਦੀ ਥਾਂ ਮਿਆਰੀ ਸਾਹਿਤਕ ਪੁਸਤਕਾਂ ਤੋਹਫਿਆਂ ਦੇ ਰੂਪ ’ਚ ਦੇਣ ਦੀ ਪਿਰਤ ਪਾਉਣ ਲਈ ਸੂਬੇ ਦੇ ਬੁੱਧੀਜੀਵੀ ਤੇ ਅਗਾਂਹਵਧੂ ਵਰਗ ਨੂੰ ਹੀ ਜ਼ਿੰਮੇਵਾਰ ਭੂਮਿਕਾ ਨਿਭਾਉਣੀ ਪੈਣੀ ਹੈ। ਸੰਸਥਾ ਮਹਿਸੂਸ ਕਰਦੀ ਹੈ ਕਿ ਪੱਛਮੀ ਮੁਲਕਾਂ ’ਚ ਭਾਰਤ ਦੇ ਮੁਕਾਬਲੇ ਆਮ ਲੋਕਾਂ ’ਚ ਰਸਮੀ ਪੜ੍ਹਾਈ ਦੇ ਨਾਲ ਆਮ ਜਾਣਕਾਰੀ ਤੇ ਸਾਹਿਤਕ ਪੁਸਤਕਾਂ ਪੜ੍ਹਨ ਦਾ ਰੁਝਾਨ ਜ਼ਿਆਦਾ ਹੈ ਤੇ ਉਨ੍ਹਾਂ ਲੋਕਾਂ ਦਾ ਜ਼ਿਆਦਾ ਖੁਸ਼ਹਾਲ, ਸੱਭਿਅਕ ਤੇ ਮਾਨਵੀ ਕਦਰਾਂ ਨਾਲ ਭਰਪੂਰ ਹੋਣ ਦਾ ਕਾਰਨ ਵੀ ਲੋਕਾਂ ਦੀ ਸਾਹਿਤ ਨਾਲ ਗੂੜ੍ਹੀ ਸਾਂਝ ਹੈ। ਪੱਛਮ ’ਚ ਖ਼ੁਸ਼ੀ ਦੇ ਮੌਕੇ ਪੁਸਤਕਾਂ ਦੇ ਤੋਹਫੇ ਦੇਣ ਦੀ ਪਿਰਤ ਦੇ ਨਾਲ ਨਾਲ ਵਿਹਲੇ ਸਮੇਂ ਪੁਸਤਕਾਂ ਨਾਲ ਸਾਂਝ ਪਾਈ ਰੱਖਣ ਦਾ ਰਿਵਾਜ ਹੈ, ਜਦਕਿ ਭਾਰਤ ਤੇ ਖਾਸ ਕਰ ਕੇ ਪੰਜਾਬ ’ਚ ਪੜ੍ਹੇ-ਲਿਖੇ ਲੋਕ ਵੀ ਇਸ ਤਰ੍ਹਾਂ ਦੇ ਸਿਹਤਮੰਦ ਰੁਝਾਨ ਤੋਂ ਵਿਰਵੇ ਹਨ।

ਮੰਚ ਵੱਲੋਂ ਪੁਸਤਕ ਮੇਲਿਆਂ ਦੀ ਹਰ ਸਾਲ ਨਵੰਬਰ ਮਹੀਨੇ ਚਲਾਈ ਜਾਂਦੀ ਲੜੀ ’ਚ ਹਰ ਸਾਲ ਲੱਖਾਂ ਦੀ ਕੀਮਤ ਦੀਆਂ ਪੁਸਤਕਾਂ ਵਿਕਦੀਆਂ ਹਨ। ਮੰਚ 2013 ਤੋਂ ਹਰ ਸਾਲ ਹੁੰਦੇ ਵਿਸ਼ਾਲ ਪੁਸਤਕ ਮੇਲੇ ਦੌਰਾਨ ਡਾ. ਸੁਰਜੀਤ ਕੌਰ ਬਾਜਵਾ ਦੀ ਪੁਸਤਕ ‘ਪੰਜਾਬੀ ਅਧਿਆਤਮਕ ਵਾਰਾਂ: ਅਧਿਐਨ ਤੇ ਮੁਲਾਂਕਣ, ਪ੍ਰਦੀਪ ਮੌਜੀ ਦਾ ਹਾਸ ਵਿਅੰਗ ਰਹਿ ਕੇ ਚੁੱਪ ਨਜ਼ਾਰੇ ਲੁੱਟ, ਸ਼ਾਇਰ ਮੋਹਨ ਕਾਜਲ ਦਾ ਕਾਵਿ ਸੰਗ੍ਰਹਿ ‘ਸਫ਼ਰ ਦੀ ਉਡੀਕ ’ਚ’, ਸਾਬਕਾ ਡੀ ਈ ਓ ਦਰਸ਼ਨ ਸਿੰਘ ਦਾ ਨਾਵਲ ‘ ਧੁੱਪ ਦਾ ਸਫ਼ਰ ’ ਅਤੇ ਵਰਿੰਦਰ ਸਿੰਘ ਨਿਮਾਣਾ ਦੀ ਲੋਕਧਾਰਾ ਤੇ ਸੱਭਿਆਚਾਰ ਅਧਾਰਿਤ ਪੁਸਤਕ ‘ਸੰਧੂਰੀ ਅੰਬੀਆਂ ’ ਆਦਿ ਪੁਸਤਕਾਂ ਲੋਕ ਅਰਪਣ ਕੀਤੀਆਂ ਜਾ ਚੁੱਕੀਆਂ ਹਨ।

ਸੰਸਥਾ ਦੇ ਪੁਸਤਕ ਮੇਲਿਆਂ ਦੌਰਾਨ ਨੈਸ਼ਨਲ ਬੁੱਕ ਟਰੱਸਟ ਨਵੀਂ ਦਿੱਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਬਲੀਕੇਸ਼ਨ ਬਿਊਰੋ ਅਤੇ ਪੰਜਾਬ ਦੇ ਵੱਡੇ ਪੁਸਤਕ ਪ੍ਰਕਾਸ਼ਨਾਂ ਦਾ ਸ਼ਾਮਿਲ ਹੋਣਾ ਇਸ ਦੀਆਂ ਪ੍ਰਾਪਤੀਆਂ ’ਚ ਸ਼ਾਮਿਲ ਹੈ। ਪੰਜਾਬੀ ਦੀ ਉੱਘੀ ਲੇਖਿਕਾ ਡਾ. ਹਰਸ਼ਿੰਦਰ ਕੌਰ ਤੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਵਾਤਾਵਰਨ ਪ੍ਰੇਮੀ ਮੰਚ ਦੇ ਵੱਖ-ਵੱਖ ਪ੍ਰੋਗਰਾਮਾਂ ’ਚ ਹਾਜ਼ਰੀ ਲਵਾ ਕੇ ਸੰਸਥਾ ਦੇ ਕਾਰਜਾਂ ਦੀ ਹੌਸਲਾ ਅਫਜ਼ਾਈ ਕਰ ਚੁੱਕੇ ਹਨ।

ਪੰਜਾਬੀ ਵਿਕਾਸ ਮੰਚ ਹਰਿਆਣਾ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਹਰਮੇਲ ਸਿੰਘ ਖੱਖ, ਅਮਨਦੀਪ ਸ਼ਰਮਾ, ਰਾਜਿੰਦਰ ਸਿੰਘ ਮਾਰਸ਼ਲ, ਸਰਬਜੀਤ ਸਿੰਘ ਕੰਗ, ਵਰਿੰਦਰ ਸਿੰਘ ਨਿਮਾਣਾ, ਵਿਜੇ ਕਲਸੀ, ਕੁੰਦਨ ਸਿੰਘ ਕਾਲਕਟ, ਜਗਤਜੀਤ ਸਿੰਘ,ਅਜੀਬ ਦਿਵੇਦੀ, ਪ੍ਰਿੰ. ਹਰਜਿੰਦਰ ਸਿੰਘ, ਡਾ. ਜਸਵਿੰਦਰ ਸਿੰਘ ਖੁਣਖੁਣ, ਸੁਰਜੀਤ ਰਾਜਾ, ਪ੍ਰਿੰ. ਪਰਮਜੀਤ ਸਿੰਘ, ਗੁਰਮੀਤ ਸਿੰਘ, ਰਾਜੇਸ਼ ਅਰੋੜਾ, ਜਸਵੰਤ ਸਿੰਘ, ਪ੍ਰੋ. ਗੁਰਪਿੰਦਰ ਸਿੰਘ, ਪ੍ਰਿਤਪਾਲ ਸਿੰਘ, ਪ੍ਰੋ. ਲਖਵਿੰਦਰ, ਪ੍ਰੋ. ਭੁਪਿੰਦਰ ਕੌਰ, ਪ੍ਰੋ. ਮੀਨਾ, ਰੋਮੀ ਦਿਵਗੁਣ ਵਰਗੇ ਸੁਹਿਰਦ ਇਨਸਾਨਾਂ ਵੱਲੋਂ ਵਿਸ਼ੇਸ਼ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

ਪੰਜਾਬੀ ਵਿਕਾਸ ਮੰਚ ਵੱਲੋਂ ਪੁਸਤਕ ਸੱਭਿਆਚਾਰ ਲਈ ਆਰੰਭੇ ਯਤਨਾਂ ਲਈ ਸਰ ਮਾਰਸ਼ਲ ਐਜੂਕੇਸ਼ਨਲ ਸੁਸਾਇਟੀ ਟਾਂਡਾ, ਗੁਰੂ ਨਾਨਕ ਐਜੂਕੇਸ਼ਨਲ ਕੰਪਲੈਕਸ ਡੱਲੇਵਾਲ, ਖਾਲਸਾ ਕਾਲਜ ਗੜ੍ਹਦੀਵਾਲਾ ਜੀ ਜੀ ਡੀ ਐੱਸ ਡੀ ਕਾਲਜ ਹਰਿਆਣਾ, ਪ੍ਰੈੱਸ ਕਲੱਬ ਹਰਿਆਣਾ, ਡਾਇਟ ਕਾਲਿਜ ਅੱਜੋਵਾਲ, ਗੁਰੂ ਤੇਗ ਬਹਾਦਰ ਖਾਲਸਾ ਕਾਲਜ ਆਫ਼ ਐਜੂਕੇਸ਼ਨ ਦਸੂਹਾ, ਖਾਲਸਾ ਸੀ. ਸੈ. ਸਕੂਲ ਹਰਿਆਣਾ, ਐੱਚ ਡੀ ਐੱਨ ਸੀ ਸੈ. ਸਕੂਲ ਹਰਿਆਣਾ, ਫੈਪਰੋ ਹਲਦੀ ਪਲਾਂਟ ਕੰਗਮਾਈ ਘੁਗਿਆਲ, ਚੜ੍ਹਦੀ ਕਲਾ ਸਪੋਰਟਸ ਕਲੱਬ ਕੰਗ ਮਾਈ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ। •





# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਡੇਂਗੂ ਸਮੇਤ ਗੰਦੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ, ਸੱਪ ਅਤੇ ਕੁੱਤੇ ਦੇ ਕੱਟਣ ਵਿਰੁੱਧ ਰਾਜ ਵਿਆਪੀ ਮੁਹਿੰਮ ਦੀ ਸ਼ੁਰੂਆਤ

**➢ ਕਿਸੇ ਵੀ ਸਿਹਤ ਐਮਰਜੈਂਸੀ ਲਈ ਸੂਬਾ ਨਿਵਾਸੀ 104 ਡਾਇਲ ਕਰਨ: ਸਿਹਤ ਮੰਤਰੀ ➢ ਪਟਿਆਲਾ 'ਚ ਡੇਂਗੂ ਦੀ ਸਥਿਤੀ ਦਾ ਜਾਇਜ਼ਾ ਲਿਆ; ਹੌਟਸਪੌਟ ਖੇਤਰਾਂ ਵਿੱਚ ਘਰ-ਘਰ ਜਾ ਕੇ ਜਾਂਚ ਦੇ ਨਿਰਦੇਸ਼ ➢ ਡਾ. ਬਲਬੀਰ ਸਿੰਘ ਵੱਲੋਂ ਸਾਰੇ ਵਿਭਾਗਾਂ ਨੂੰ ਬਿਮਾਰੀਆਂ ਦੀ ਰੋਕਥਾਮ ਲਈ ਸਿਹਤ ਵਿਭਾਗ ਨਾਲ ਤਾਲਮੇਲ ਕਰਨ ਦੇ ਨਿਰਦੇਸ਼**



**ਪਟਿਆਲਾ, 10 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਡੇਂਗੂ ਸਮੇਤ ਮੱਛਰਾਂ ਦੇ ਕੱਟਣ ਤੇ ਗੰਦੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ, ਸੱਪ ਅਤੇ ਕੁੱਤੇ ਦੇ ਕੱਟਣ ਨੂੰ ਰੋਕਣ ਲਈ ਰਾਜ ਵਿਆਪੀ ਮੁਹਿੰਮ ਦੀ ਸ਼ੁਰੂਆਤ ਕੀਤੀ।ਇਸ ਮੌਕੇ ਉਨ੍ਹਾਂ ਨੇ ਪਟਿਆਲਾ ਸ਼ਹਿਰ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਇੱਕ ਵਿਸ਼ੇਸ਼ ਸਫਾਈ ਮੁਹਿੰਮ ਚਲਾਉਣ ਦੇ ਵੀ ਨਿਰਦੇਸ਼ ਦਿੱਤੇ।

ਡਾ. ਬਲਬੀਰ ਸਿੰਘ ਨੇ ਅੱਜ ਇੱਥੇ ਨਗਰ ਨਿਗਮ ਦਫ਼ਤਰ ਵਿਖੇ ਇੱਕ ਜ਼ਰੂਰੀ ਸਮੀਖਿਆ ਮੀਟਿੰਗ ਬੁਲਾਈ, ਜਿਸ ਵਿੱਚ ਮੇਅਰ ਕੁੰਦਨ ਗੋਗੀਆ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਦੀਪ ਜੱਗਾ, ਨਗਰ ਕਮਿਸ਼ਨਰ ਪਰਮਵੀਰ ਸਿੰਘ, ਏਡੀਸੀ ਸਿਮਰਪ੍ਰੀਤ ਕੌਰ ਅਤੇ ਨਵਰੀਤ ਕੌਰ ਸੇਖੋਂ, ਐਸਡੀਐਮਜ਼ ਇਸਮਤ ਵਿਜੇ ਸਿੰਘ ਤੇ ਰਿਚਾ ਗੋਇਲ, ਸਿਵਲ ਸਰਜਨ ਡਾ. ਜਗਪਾਲਿੰਦਰ ਸਿੰਘ, ਨਗਰ ਕੌਂਸਲਰ ਅਤੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਸਿਹਤ ਮੰਤਰੀ ਨੇ ਪੰਜਾਬ ਭਰ ਦੇ ਵਸਨੀਕਾਂ ਨੂੰ ਤੇਜ਼ ਬੁਖਾਰ, ਦਿਲ ਦਾ ਦੌਰਾ, ਤੇਜ਼ ਦਸਤ, ਜਾਂ ਸੱਪ ਅਤੇ ਕੁੱਤੇ ਦੇ ਕੱਟਣ ਵਰਗੀ ਕਿਸੇ ਵੀ ਸਿਹਤ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ 104 ਡਾਇਲ ਕਰਨ ਦੀ ਅਪੀਲ ਕੀਤੀ ਤਾਂ ਜੋ ਸਮੇਂ ਸਿਰ ਲਾਭ ਉਠਾਇਆ ਜਾ ਸਕੇ ਅਤੇ ਮਰੀਜ਼ਾਂ ਦੀ ਜਾਨ ਬਚਾਈ ਜਾ ਸਕੇ। ਹੜ੍ਹ ਤੋਂ ਬਾਅਦ ਦੇ ਉਪਾਵਾਂ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਕਿਹਾ, "ਸਾਡਾ ਮੁੱਖ ਧਿਆਨ ਹੁਣ ਬਚਾਅ, ਰਾਹਤ, ਮੈਡੀਕਲ ਸਹਾਇਤਾ, ਰਾਸ਼ਨ ਅਤੇ ਪ੍ਰਭਾਵਿਤ ਲੋਕਾਂ ਦੇ ਪੁਨਰਵਾਸ 'ਤੇ ਹੈ।"

ਪਟਿਆਲਾ ਤੋਂ ਸਿਹਤ ਅੰਕੜਿਆਂ ਦੀ ਸਮੀਖਿਆ ਕਰਦੇ ਹੋਏ, ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਸਾਲ ਹੁਣ ਤੱਕ 88 ਡੇਂਗੂ-ਪਾਜ਼ੇਟਿਵ ਮਾਮਲੇ ਸਾਹਮਣੇ ਆਏ ਹਨ, ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਸਿਰਫ 9 ਮਾਮਲੇ ਸਾਹਮਣੇ ਆਏ ਸਨ। ਡੇਂਗੂ ਦੇ ਵੱਧਦੇ ਮਾਮਲਿਆਂ 'ਤੇ ਚਿੰਤਾ ਪ੍ਰਗਟ ਕਰਦੇ ਹੋਏ, ਉਨ੍ਹਾਂ ਨੇ ਸਾਰੇ ਸਬੰਧਤ ਵਿਭਾਗਾਂ, ਸਥਾਨਕ ਸਰਕਾਰਾਂ, ਪੇਂਡੂ ਵਿਕਾਸ, ਸਿੱਖਿਆ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਆਦਿ ਨੂੰ ਡੇਂਗੂ, ਮਲੇਰੀਆ, ਚਿਕਨਗੁਨੀਆ, ਦਸਤ, ਹੈਜ਼ਾ, ਹੈਪੇਟਾਈਟਸ ਅਤੇ ਹੋਰ ਸੰਚਾਰੀ ਬਿਮਾਰੀਆਂ ਨੂੰ ਕੰਟਰੋਲ ਕਰਨ ਲਈ ਸਿਹਤ ਵਿਭਾਗ ਨਾਲ ਨੇੜਿਓਂ ਤਾਲਮੇਲ ਕਰਨ ਦੇ ਨਿਰਦੇਸ਼ ਦਿੱਤੇ।

ਸਿਹਤ ਮੰਤਰੀ ਨੇ ਅਧਿਕਾਰੀਆਂ ਨੂੰ ਘਰ-ਘਰ ਜਾ ਕੇ ਦੌਰੇ ਕਰਨ ਤੇ ਮੱਛਰਾਂ ਦੇ ਪ੍ਰਜਨਨ ਸਥਾਨਾਂ ਦੀ ਸਖ਼ਤ ਨਿਗਰਾਨੀ ਸਮੇਤ ਮੱਛਰਾਂ ਦਾ ਲਾਰਵਾ ਨਸ਼ਟ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਖਾਸ ਤੌਰ 'ਤੇ ਲਾਹੌਰੀ ਗੇਟ, ਬਾਜਵਾ ਕਲੋਨੀ, ਗੋਬਿੰਦ ਬਾਗ, ਸਫਾਬਾਦੀ ਗੇਟ, ਹਰਪਾਲਪੁਰ (ਰਾਜਪੁਰਾ), ਅਤੇ ਕਰਤਾਰਪੁਰ (ਪਾਤੜਾਂ) ਵਰਗੇ ਡੇਂਗੂ ਹੌਟਸਪੌਟ ਖੇਤਰਾਂ ਵਿੱਚ ਜਾਂਚ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ, ਅਤੇ ਡੇਂਗੂ ਵਿਰੋਧੀ ਮੁਹਿੰਮ ਵਿੱਚ ਨਰਸਿੰਗ ਵਿਦਿਆਰਥੀਆਂ ਅਤੇ ਮੈਡੀਕਲ ਇੰਟਰਨਾਂ ਨੂੰ ਸ਼ਾਮਲ ਕਰਨ ਦੇ ਵੀ ਨਿਰਦੇਸ਼ ਦਿੱਤੇ।

ਪਟਿਆਲਾ ਵਿੱਚ ਹਾਲ ਹੀ ਵਿੱਚ ਦਸਤ ਦੇ ਪ੍ਰਕੋਪ ਦਾ ਹਵਾਲਾ ਦਿੰਦੇ ਹੋਏ, ਡਾ. ਬਲਬੀਰ ਸਿੰਘ ਨੇ ਤੁਰੰਤ ਪਾਣੀ ਦੀ ਜਾਂਚ ਅਤੇ ਸੁਰੱਖਿਅਤ ਸਪਲਾਈ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜਿਲ੍ਹੇ ਵਿੱਚ ਸੱਪ ਦੇ ਕੱਟਣ ਨਾਲ ਹੋਈਆਂ ਤਿੰਨ ਹਾਲੀਆ ਮੌਤਾਂ 'ਤੇ ਵੀ ਚਿੰਤਾ ਪ੍ਰਗਟ ਕੀਤੀ, ਭਾਵੇਂ ਕਿ ਸੱਪ-ਵਿਰੋਧੀ ਜ਼ਹਿਰ ਸੀਰਮ ਸਰਕਾਰੀ ਹਸਪਤਾਲਾਂ ਵਿੱਚ ਉਪਲਬਧ ਹੈ। ਉਨ੍ਹਾਂ ਸਮੂਹ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸੱਪ ਜਾਂ ਕੁੱਤੇ ਦੇ ਕੱਟਣ ਦੇ ਮਾਮਲਿਆਂ ਵਿੱਚ ਬਿਨਾਂ ਦੇਰੀ ਕੀਤੇ ਹਸਪਤਾਲਾਂ ਵਿੱਚ ਪਹੁੰਚ ਕੀਤੀ ਜਾਵੇ। ਪੰਜਾਬ ਵਿੱਚ ਹੜ੍ਹਾਂ ਦੌਰਾਨ ਪੰਜਾਬੀਆਂ ਦੇ ਸੇਵਾ ਦੇ ਜਜ਼ਬੇ ਨੂੰ ਉਜਾਗਰ ਕਰਦੇ ਹੋਏ, ਡਾ. ਬਲਬੀਰ ਸਿੰਘ ਨੇ ਕਿਹਾ, "ਸਾਡੇ ਗੁਰੂਆਂ ਨੇ ਸਾਨੂੰ ਚੜ੍ਹਦੀਕਲਾ ਦੀ ਭਾਵਨਾ ਦਿੱਤੀ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ, ਆਪਣੇ ਲੋਕਾਂ ਦੇ ਸਹਿਯੋਗ ਨਾਲ, ਇਸ ਮੁਸ਼ਕਲ ਸਮੇਂ ਨੂੰ ਪਾਰ ਕਰੇਗੀ ਅਤੇ ਸਰਕਾਰ ਦੀ ਤੁਰੰਤ ਤਰਜੀਹ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣਾ ਹੈ ਜਦੋਂ ਕਿ ਬਚਾਅ ਅਤੇ ਰਾਹਤ ਕਾਰਜ ਵੀ ਜੰਗੀ ਪੱਧਰ 'ਤੇ ਜਾਰੀ ਰੱਖਣੇ ਹਨ।"

ਡਾ. ਬਲਬੀਰ ਸਿੰਘ ਨੇ ਕਿਹਾ ਕਿ ਉਹ ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਦਾ ਨਿੱਜੀ ਤੌਰ 'ਤੇ ਦੌਰਾ ਕਰਨਗੇ, ਅਤੇ ਇਹ ਮੁਹਿੰਮ ਅੱਜ ਪਟਿਆਲਾ ਤੋਂ ਸ਼ੁਰੂ ਹੋ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸੰਚਾਰੀ ਬਿਮਾਰੀਆਂ ਵਿਰੁੱਧ ਸੂਬੇ ਦੀ ਲੜਾਈ ਨੂੰ ਮਜ਼ਬੂਤ ਕਰਨ ਲਈ ਵਾਰਡ ਅਤੇ ਪਿੰਡ ਸਿਹਤ ਕਮੇਟੀਆਂ ਨੂੰ ਮੁੜ ਸਰਗਰਮ ਕੀਤਾ ਜਾਵੇਗਾ।

# ਹੜ੍ਹ ਪ੍ਰਭਾਵਿਤ ਪਿੰਡਾਂ 'ਚ ਸਿਹਤ ਵਿਭਾਗ ਨੇ ਸਿਹਤ ਸੇਵਾਵਾਂ ਯਕੀਨੀ ਬਣਾਈਆਂ : ਸਿਵਲ ਸਰਜਨ



**ਪਟਿਆਲਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਰਹਿਨੁਮਾਈ ਹੇਠ ਸਿਹਤ ਵਿਭਾਗ ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ 24 ਘੰਟੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੰਮ ਕਰ ਰਿਹਾ ਹੈ। ਪ੍ਰਭਾਵਿਤ ਪਿੰਡਾਂ ਵਿੱਚ ਮੋਬਾਈਲ ਹੈਲਥ ਯੂਨਿਟ ਅਤੇ ਮੈਡੀਕਲ ਕੈਂਪ ਲਗਾਏ ਗਏ ਹਨ ਅਤੇ ਸਾਰੀਆਂ ਲਾਜ਼ਮੀ ਦਵਾਈਆਂ ਉਪਲਬਧ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਉਹ 104 ਨੰਬਰ 'ਤੇ ਸੰਪਰਕ ਕਰ ਸਕਦੇ ਹਨ।

ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਵਿਭਾਗ ਨੇ ਰਾਜਪੁਰਾ ਨੇੜਲੇ ਘਨੌਰ ਖੇਤਰ ਵਿੱਚ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮੋਬਾਈਲ ਹੈਲਥ ਯੂਨਿਟਾਂ ਰਾਹੀਂ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਮੈਡੀਕਲ ਟੀਮਾਂ ਜੰਡੀ ਮੰਗੋਲੀ ਅਤੇ ਉਟਸਰ ਪਿੰਡਾਂ ਵਿੱਚ ਗਈਆਂ, ਜਿੱਥੇ ਕੁੱਲ 233 ਮਰੀਜ਼ਾਂ ਦਾ ਇਲਾਜ ਕੀਤਾ ਗਿਆ। ਇਨ੍ਹਾਂ ਵਿੱਚੋਂ 145 ਮਰੀਜ਼ ਜੰਡੀ ਮੰਗੋਲੀ ਅਤੇ 88 ਮਰੀਜ਼ ਉਟਸਰ ਵਿੱਚ ਚੈੱਕ ਕੀਤੇ ਗਏ। ਇਲਾਜ ਦੇ ਨਾਲ-ਨਾਲ ਮਰੀਜ਼ਾਂ ਨੂੰ ਲਾਜ਼ਮੀ ਦਵਾਈਆਂ ਵੀ ਦਿੱਤੀਆਂ ਗਈਆਂ ਤਾਂ ਜੋ ਉਹ ਸਿਹਤਯਾਬ ਹੋ ਸਕਣ ਅਤੇ ਪਾਣੀ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕੇ।

ਉਨ੍ਹਾਂ ਨੇ ਅੱਗੇ ਦੱਸਿਆ ਕਿ ਅੱਜ ਮੋਬਾਈਲ ਹੈਲਥ ਯੂਨਿਟਾਂ ਲਾਛੜੂ ਅਤੇ ਚਮਾਰੂ ਪਿੰਡਾਂ ਵਿੱਚ ਸੇਵਾਵਾਂ ਦੇ ਰਹੀਆਂ ਹਨ। ਸਿਵਲ ਸਰਜਨ ਨੇ ਦੁਹਰਾਇਆ ਕਿ ਸਿਹਤ ਵਿਭਾਗ ਹਰ ਪ੍ਰਭਾਵਿਤ ਪਿੰਡ ਵਿੱਚ ਸਿਹਤ ਸੇਵਾਵਾਂ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਪਰਸ਼ੂਰਾਮ ਬ੍ਰਾਹਮਣ ਸਭਾ ਪਟਿਆਲਾ ਨੇ ਰਾਮ ਭਵਨ ਦੇ ਨਿਰਮਾਣ ਲਈ ਇੱਕ ਲੱਖ ਇੱਕ ਹਜ਼ਾਰ ਰੁਪਏ ਭੇਂਟ ਕੀਤੇ



**ਪਟਿਆਲਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਰਸ਼ੂਰਾਮ ਬ੍ਰਾਹਮਣ ਸਭਾ ਪਟਿਆਲਾ ਨੇ ਸਮਾਜ ਦੇ ਹਿੱਤ ਵਿੱਚ ਇੱਕ ਸ਼ਲਾਘਾਯੋਗ ਪਹਿਲਕਦਮੀ ਕਰਦੇ ਹੋਏ, ਰਾਮ ਭਵਨ ਦੇ ਨਿਰਮਾਣ ਲਈ ਸ਼੍ਰੀ ਸ਼ਿਵ ਕੁਮਾਰ ਸ਼ਰਮਾ ਦੀ ਪ੍ਰਧਾਨਗੀ ਹੇਠ ਸ਼੍ਰੀ ਰਾਮਲੀਲਾ ਕਮੇਟੀ ਨੂੰ ਇੱਕ ਲੱਖ ਇੱਕ ਹਜ਼ਾਰ ਰੁਪਏ ਭੇਂਟ ਕੀਤੇ। ਮੁੱਖ ਸਲਾਹਕਾਰ ਸ਼੍ਰੀ ਰਾਜੇਸ਼ ਪੰਜੋਲਾ, ਅਤੇ ਸਾਰੇ ਸਰਪ੍ਰਸਤ ਸ਼੍ਰੀ ਵਿਨੋਦ ਸ਼ਰਮਾ, ਪ੍ਰਵੀਨ ਸ਼ਰਮਾ, ਸੰਜੀਵ ਸ਼ਰਮਾ ਬਿੱਟੂ, ਵਿਸ਼ਨੂੰ ਸ਼ਰਮਾ, ਕੇਕੇ ਸ਼ਰਮਾ ਨੇ ਇਹ ਰਾਸ਼ੀ ਸ਼੍ਰੀ ਸੁਸ਼ੀਲ ਗੌਤਮ (ਪ੍ਰਧਾਨ ਜੀ) ਨੂੰ ਭੇਂਟ ਕੀਤੀ। ਪ੍ਰਧਾਨ ਸ਼੍ਰੀ ਸੁਸ਼ੀਲ ਗੌਤਮ ਜੀ ਨੇ ਸ਼੍ਰੀ ਪਰਸ਼ੂਰਾਮ ਬ੍ਰਾਹਮਣ ਸਭਾ ਦੇ ਲੋਕ ਭਲਾਈ ਕਾਰਜਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਸਭਾ ਵੈਦਿਕ ਸੱਭਿਆਚਾਰ, ਰਸਮਾਂ ਅਤੇ ਸਾਡੇ ਰਿਸ਼ੀਆਂ-ਸੰਤਾਂ ਦੀ ਅਨਮੋਲ ਵਿਰਾਸਤ ਨੂੰ ਅੱਜ ਦੀ ਪੀੜ੍ਹੀ ਤੱਕ ਪਹੁੰਚਾਉਣ ਲਈ ਲਗਾਤਾਰ ਸ਼ਲਾਘਾਯੋਗ ਯਤਨ ਕਰ ਰਹੀ ਹੈ। ਇਹ ਇਮਾਰਤ ਸਮਾਜ ਦੇ ਹਰ ਵਰਗ ਦੇ ਲੋਕਾਂ ਦੇ ਸੁੱਖ-ਦੁੱਖ ਵਿੱਚ ਲਾਭਦਾਇਕ ਸਾਬਤ ਹੋਵੇਗੀ। ਸਭਾ ਦੇ ਹਰ ਮੈਂਬਰ ਦਾ ਦ੍ਰਿੜ ਇਰਾਦਾ ਅਤੇ ਸਮੂਹਿਕ ਯੋਗਦਾਨ ਸਮਾਜ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੰਸਕ੍ਰਿਤ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਇਹ ਯਤਨ ਨਾ ਸਿਰਫ਼ ਸਾਡੀ ਸਨਾਤਨ ਪਰੰਪਰਾ ਨੂੰ ਜ਼ਿੰਦਾ ਰੱਖ ਰਿਹਾ ਹੈ, ਸਗੋਂ ਸਮਾਜ ਵਿੱਚ ਸੱਭਿਆਚਾਰਕ ਚੇਤਨਾ ਜਗਾਉਣ ਦਾ ਇੱਕ ਪ੍ਰੇਰਨਾਦਾਇਕ ਮਾਧਿਅਮ ਵੀ ਬਣ ਰਿਹਾ ਹੈ। ਸ਼੍ਰੀ ਰਾਜੇਸ਼ ਸ਼ਰਮਾ ਪੰਜੋਲਾ ਨੇ ਕਿਹਾ ਕਿ ਸ਼੍ਰੀ ਰਾਮਲੀਲਾ ਕਮੇਟੀ ਪੂਰੇ ਉੱਤਰ ਭਾਰਤ ਵਿੱਚ ਇੱਕੋ ਇੱਕ ਸੰਸਥਾ ਹੈ ਜੋ ਪਿਛਲੇ 100 ਸਾਲਾਂ ਤੋਂ ਭਗਵਾਨ ਸ਼੍ਰੀ ਰਾਮ ਦੇ ਮਹਾਨ ਨਾਟਕਾਂ ਦਾ ਮੰਚਨ ਕਰ ਰਹੀ ਹੈ ਅਤੇ ਆਪਣੀ ਸ਼ਾਨ, ਸੱਭਿਆਚਾਰ ਅਤੇ ਸਨਾਤਨ ਸੋਚ ਲਈ ਮਸ਼ਹੂਰ ਹੈ। ਇਸੇ ਆਦਰਸ਼ ਨੂੰ ਧਿਆਨ ਵਿੱਚ ਰੱਖਦੇ ਹੋਏ, ਸ਼੍ਰੀ ਰਾਮਲੀਲਾ ਕਮੇਟੀ ਹਰ ਸਾਲ ਰਾਮ ਕਥਾ ਦਾ ਮੰਚਨ ਕਰਕੇ ਲੋਕਾਂ ਵਿੱਚ ਭਾਈਚਾਰਾ, ਪਿਆਰ, ਸੇਵਾ ਅਤੇ ਰਾਮ ਦੇ ਗੁਣਾਂ ਦਾ ਸੰਦੇਸ਼ ਫੈਲਾਉਂਦੀ ਹੈ। ਸ਼੍ਰੀ ਸ਼ਿਵ ਕੁਮਾਰ ਸ਼ਰਮਾ ਅਤੇ ਰਾਜੇਸ਼ ਜੌਲੀ ਨੇ ਇਸ ਕਾਰਜ ਵਿੱਚ ਯੋਗਦਾਨ ਪਾਉਣ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜੇਕਰ ਕਿਸੇ ਸੰਸਥਾ ਵਿੱਚ ਸਨਾਤਨ ਸੋਚ ਹੈ, ਤਾਂ ਸ਼੍ਰੀ ਪਰਸ਼ੂਰਾਮ ਬ੍ਰਾਹਮਣ ਸਭਾ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹੀ ਹੈ। ਸ਼੍ਰੀ ਵਿਸ਼ਵੇਸ਼ਵਰ ਪ੍ਰਸਾਦ ਅਤੇ ਧਾਰਮਿਕ ਗੁਰੂ ਰਾਜੇਂਦਰ ਸ਼ਰਮਾ ਨੇ ਮੰਤਰਾਂ ਦਾ ਜਾਪ ਕੀਤਾ ਅਤੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਡਾ. ਆਰ.ਸੀ. ਸ਼ਰਮਾ, ਰਾਜੀਵ ਸ਼ਰਮਾ, ਡਾ.ਅਜੇ ਭਾਸਕਰ, ਸੋਮਦੱਤ ਸ਼ਰਮਾ, ਪ੍ਰਵੀਨ ਸ਼ਰਮਾ, ਰਾਮ ਟੰਡਨ, ਵਰਿੰਦਰ ਪਟਵਾਲ, ਲਕਸ਼ਮਣ ਟੰਡਨ, ਅਜੇ ਸ਼ਰਮਾ, ਮੋਹਨਾਥ ਸ਼ਰਮਾ, ਚਿੰਤਾਮਣੀ, ਵਲਵੰਤ ਸ਼ਰਮਾ, ਰਸ਼ਮੀ ਸ਼ਰਮਾ, ਰਮਨ ਸ਼ਰਮਾ, ਅਸ਼ੋਕ ਪਰਾਸ਼ਰ, ਨੀਰਜ ਸ਼ਰਮਾ, ਗਗਨ ਸ਼ਾਸਤਰੀ, ਅਨਿਲ ਗੌਤਮ, ਮਦਨ ਸ਼ਰਮਾ, ਕ੍ਰਿਸ਼ਨਾ ਸ਼ਰਮਾ, ਐੱਮ.ਐੱਸ. ਕੌਸ਼ਲ, ਦਰਸ਼ਨ ਸ਼ਰਮਾ, ਉਮੇਸ਼ ਗੁਪਤਾ, ਵਿਜੇ ਸ਼ਰਮਾ, ਡੀ.ਐਮ. ਸ਼ਰਮਾ, ਅਤੁਲ ਜੋਸ਼ੀ, ਸੁਮੰਤ ਮੇਹਰਿਸ਼, ਸ਼ਿਆਮ ਸੁੰਦਰ ਸ਼ਰਮਾ, ਐਨ.ਕੇ. ਗੌੜ, ਭਾਰਤ ਭੂਸ਼ਣ, ਰਾਮ ਦਾਸ ਬਾਤਿਸ਼, ਧਰਮਵੀਰ, ਸੁਖਵੀਰ ਸ਼ਰਮਾ, ਅਵਿਨਾਸ਼ ਸ਼ਰਮਾ, ਤਰਸੇਮ ਚੰਦ ਸ਼ਰਮਾ, ਨਰੇਸ਼ ਬਾਵਲੀ, ਸੰਦੀਪ ਦੀਕਸ਼ਿਤ, ਸ਼੍ਰੀਮਤੀ ਵਿਮਲਾ ਸ਼ਰਮਾ, ਸੁਨੀਤਾ ਅਤਰੀ, ਯਤੇਂਦਰ ਨਾਥ ਸ਼ਰਮਾ ਨੇ ਭਰਪੂਰ ਯੋਗਦਾਨ ਪਾਇਆ।

# ਕਾਂਗਰਸੀ ਨੇਤਾ ਗੌਰਵ ਸੰਧੂ ਸਨੌਰ 'ਚ ਜ਼ਰੂਰਤਮੰਦ ਲੋਕਾਂ ਦੀ ਮੱਦਦ ਲਈ ਹਮੇਸ਼ਾ ਰਹਿੰਦੇ ਨੇ ਤਿਆਰ



**ਸਨੌਰ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੌਰਵ ਸੰਧੂ ਅੱਜ ਸ਼੍ਰੀ ਖਾਟੂ ਸ਼ਿਆਮ ਜੀ ਟਰੱਸਟ ਸਨੌਰ ਵੱਲੋ ਜਰੂਰਤਮੰਦ ਲੜਕੀਆਂ ਦੇ ਵਿਆਹ ਸਮਾਗਮਾਂ ਚ ਸ਼ਿਰਕਤ ਕਰਨ ਲਈ ਪਹੁੰਚੇ ,ਇਸ ਮੌਕੇ ਕਮੇਟੀ ਦੇ ਮੈਂਬਰਾਂ ਵਲੋਂ ਗੌਰਵ ਸੰਧੂ ਦਾ ਭਰਵਾਂ ਸਵਾਗਤ ਕਰਕੇ ਸਨਮਾਨ ਕੀਤਾ.

ਇਸ ਮੌਕੇ ਗੌਰਵ ਸੰਧੂ ਨੇ ਸਾਰੀ ਕਮੇਟੀ ਦਾ ਬਹੁਤ ਬਹੁਤ ਧੰਨਵਾਦ ਕੀਤਾ ਤੇ ਉਨ੍ਹਾਂ ਕਿਹਾ ਕਿ ਮੈਂ ਆਪਣੇ ਆਪ ਨੂੰ ਬਹੁਤ ਖੁਸ਼ਨਸੀਬ ਸਮਝਦਾ ਹੈ ਕੇ ਮੈਨੂੰ ਅਜਿਹੇ ਨੇਕ ਕੱਮਾ ਚ, ਆਉਣ ਦਾ ਮੌਕਾ ਮਿਲਦਾ ਹੈ।
ਉਨਾ ਸਨੌਰ ਨਿਵਾਸੀਆਂ ਨੂੰ ਭਰੋਸਾ ਵੀ ਦਿੱਤਾ ਕਿ ਉਹ ਉਨਾ ਦੀ ਸੇਵਾ ਚ 24 ਘੰਟੇ ਹਾਜ਼ਰ ਰਹਿਣਗੇ।

# ਹਥਿਆਰਾਂ ਦੀ ਨੋਕ 'ਤੇ ਮਜ਼ਦੂਰਾਂ ਨੂੰ ਬੰਧਕ ਬਣਾਇਆ ਫੈਕਟਰੀ 'ਚੋ 5 ਲੱਖ ਦੇ ਸੀਮਿੰਟ ਪਾਈਪ ਚੋਰੀ



**ਸਮਾਣਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਰਾਤ ਗਾਜੇਵਾਸ ਸਥਿਤ ਇੱਕ ਸੀਮਿੰਟ ਪਾਈਪ ਫੈਕਟਰੀ ਵਿੱਚ ਅਣਪਛਾਤੇ ਚੋਰਾਂ ਦੇ ਇੱਕ ਗਿਰੋਹ ਵੱਲੋਂ ਹਥਿਆਰਾਂ ਦੀ ਨੋਕ 'ਤੇ ਮਜ਼ਦੂਰਾਂ ਨੂੰ ਬੰਧਕ ਬਣਾ ਕੇ 5 ਲੱਖ ਰੁਪਏ ਕੀਮਤ ਦੇ ਸੀਮਿੰਟ ਪਾਈਪਾਂ 'ਤੇ ਚੜ੍ਹਨ ਵਾਲੇ ਲੋਹੇ ਦੇ 50 ਤੋਂ ਵੱਧ ਰਿੰਗ ਚੋਰੀ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਸੂਚਨਾ ਮਿਲਣ 'ਤੇ ਗਾਜੇਵਾਸ ਪੁਲਿਸ ਚੌਂਕੀ ਇੰਚਾਰਜ ਸਬ ਇੰਸਪੈਕਟਰ ਬਲਦੇਵ ਸਿੰਘ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਫੈਕਟਰੀ ਵਿੱਚ ਕੰਮ ਕਰ ਰਹੇ ਮਜ਼ਦੂਰਾਂ ਨਾਲ ਗੱਲਬਾਤ ਕਰਕੇ ਜਾਣਕਾਰੀ ਪ੍ਰਾਪਤ ਕੀਤੀ। ਫੈਕਟਰੀ ਮਾਲਕ ਚੰਦਰਮੋਹਨ ਸਿੰਗਲਾ ਨੇ ਦੱਸਿਆ ਕਿ ਵੀਰਵਾਰ ਦੇਰ ਰਾਤ ਰਿਵਾਲਵਰ ਅਤੇ ਤੇਜ਼ਧਾਰ ਹਥਿਆਰਾਂ ਨਾਲ ਲੈਸ ਚੋਰਾਂ ਦਾ ਇੱਕ ਗਿਰੋਹ ਫੈਕਟਰੀ ਵਿੱਚ ਦਾਖਲ ਹੋਇਆ ਅਤੇ ਹਥਿਆਰਾਂ ਦੀ ਨੋਕ 'ਤੇ ਮਜ਼ਦੂਰਾਂ ਨੂੰ ਪਏ ਲਗਭਗ 5 ਲੱਖ ਰੁਪਏ ਤੋਂ ਵੱਧ ਕੀਮਤ ਦੇ ਰਿੰਗ ਚੋਰੀ ਕਰਕੇ ਲੈ ਗਿਆ। ਚੋਰਾਂ ਨੇ ਮਜ਼ਦੂਰਾਂ ਦੇ ਮੋਬਾਈਲਾਂ ਤੋਂ ਸਿਮ ਕਾਰਡ ਕੱਢ ਲਏ। ਅਤੇ ਉਨ੍ਹਾਂ ਤੋਂ ਪੈਸੇ ਵੀ ਖੋਹ ਲਏ।

ਪ੍ਰਬੰਧਕਾਂ ਅਨੁਸਾਰ ਪਹਿਲਾਂ ਤੋਂ ਹੀ ਇਲਾਕੇ ਵਿੱਚ ਹੋ ਰਹੀਆਂ ਲਗਾਤਾਰ ਚੋਰੀਆਂ ਕਾਰਨ ਮਜ਼ਦੂਰ ਘਬਰਾਹਟ ਵਿੱਚ ਹਨ ਅਤੇ ਰਿੰਗ ਚੋਰੀ ਹੋ ਜਾਣ ਕਾਰਨ ਫੈਕਟਰੀ ਦਾ ਉਤਪਾਦਨ (ਪ੍ਰੋਡਕਸ਼ਨ) ਦਾ ਕੰਮ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਜਾਵੇਗਾ।ਇਸ ਵਾਰਦਾਤ ਦੇ ਸਬੰਧ ਵਿੱਚ ਗਾਜੇਵਾਸ ਪੁਲਿਸ ਚੌਂਕੀ ਇੰਚਾਰਜ ਨੇ ਦੱਸਿਆ ਕਿ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਸਥਿਤੀ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਜ਼ਦੂਰਾਂ ਅਤੇ ਫੈਕਟਰੀ ਮਾਲਕਾਂ ਦੇ ਬਿਆਨ ਦਰਜ ਕਰਕੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ, ਦੋਸ਼ੀਆਂ ਨੂੰ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

# ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਪੀੜ੍ਹਤਾਂ ਲਈ ਮੈਡੀਕਲ ਕੈਂਪ ਲਗਾਏ



**ਪਟਿਆਲਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਲਗੀਧਰ ਟਰੱਸਟ ਗੁਰਦਵਾਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ। ਕਲਗੀਧਰ ਟਰੱਸਟ ਬੜੂ ਸਾਹਿਬ ਦੇ ਉੱਪ-ਪ੍ਰਧਾਨ ਭਾਈ ਜਗਜੀਤ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਕਿਹਾ ਗਿਆ ਕਿ ਹੜ੍ਹਾਂ ਦੀ ਮਾਰ ਕਰਕੇ ਪਿੰਡਾਂ ਵਿੱਚ ਮਨੁੱਖਤਾ ਅਤੇ ਪਸ਼ੂਆਂ ਵਿੱਚ ਬਿਮਾਰੀਆਂ ਫੈਲ ਸਕਦੀਆਂ ਹਨ ਇਸੇ ਤਹਿਤ ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਡੇਰਾ ਬਾਬਾ ਨਾਨਕ ਦਾਨਾ ਮੰਡੀ ਵਿੱਚ ਪਸ਼ੂਆਂ ਅਤੇ ਮਨੁੱਖਾਂ ਲਈ ਫਰੀ ਮੈਡੀਕਲ ਕੈਂਪ ਜਗਤਜੀਤ ਇੰਡਸਟਰੀ ਚੀਮਾ ਦੇ ਸਹਿਯੋਗ ਨਾਲ ਲਗਾਇਆ ਗਿਆ। ਜਿਸ ਵਿੱਚ 8 ਡਾਕਟਰ ਅਤੇ 12 ਵੈਟਨਰੀ ਡਾਕਟਰ ਮੌਜੂਦ ਸਨ। ਇਸ ਮੌਕੇ ਜਾਣਕਾਰੀ ਦਿੰਦੇ ਦੱਸਿਆ ਕਿ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਫਾਜ਼ਿਲਕਾ ਅਤੇ ਫਿਰੋਜਪੁਰ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਆਉਂਣ ਵਾਲੇ ਦਿਨਾਂ ਵਿੱਚ ਮੈਡੀਕਲ ਕੈਂਪ ਇਸੇ ਤਰ੍ਹਾਂ ਹੀ ਲਗਾਏ ਜਾਣਗੇ। ਜਿਕਰਯੋਗ ਹੈ ਕਿ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਫਾਜ਼ਿਲਕਾ ਅਤੇ ਫਿਰੋਜਪੁਰ ਜ਼ਿਲ੍ਹੇ ਦੇ ਕਈ ਪਿੰਡਾਂ 'ਚ ਟਰੱਸਟ ਵੱਲੋਂ ਹੜ੍ਹ ਪੀੜਤਾਂ ਦੇ ਰਾਹਤ ਕਾਰਜਾਂ ਲਈ ÷ਹੜ੍ਹ ਪੀੜਤ ਰਾਹਤ ਕੈਂਪ÷ ਬਣਾਏ ਗਏ ਹਨ, ਜੋ ਕਿ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹੇ ਲਈ ਅਕਾਲ ਅਕੈਡਮੀ ਤਿੱਬੜ, ਦੀਨਾਨਗਰ, ਸੁਜਾਨਪੁਰ ਅਤੇ ਡੇਰਾ ਬਾਬਾ ਨਾਨਕ ਵਿਖੇ, ਅੰਮ੍ਰਿਤਸਰ ਜ਼ਿਲੇ ਲਈ ਅਕਾਲ ਅਕੈਡਮੀ ਵਛੋਆ ਅਤੇ ਅਕਾਲ ਅਕੈਡਮੀ ਦਦੇਹਰ ਸਾਹਿਬ ਵਿਖੇ ਅਤੇ ਫਾਜ਼ਿਲਕਾ ਜ਼ਿਲ੍ਹੇ ਵਿੱਚ ਅਕਾਲ ਅਕੈਡਮੀ ਥੇਹ ਕਲੰਦਰ ਵਿਖੇ ਕੈਂਪ ਬਣਾਇਆ ਗਿਆ। ਜਿਥੋਂ ਨੇੜੇ ਦੇ ਹੜ੍ਹ ਪ੍ਰਵਾਭਿਤ ਇਲਾਕਿਆਂ ਵਿੱਚ ਅਤੇ ਢਾਣੀਆਂ ਵਿੱਚ ਕਿਸ਼ਤੀ ਰਾਹੀਂ ਹੜ੍ਹ ਪੀੜਤਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਇਹਨਾਂ ਕੈਂਪਾਂ ਤੋਂ ਹੜ੍ਹ ਪੀੜਤਾਂ ਨੂੰ ਘਰੋਂ-ਘਰੀ ਲੰਗਰ, ਦੁੱਧ, ਪਾਣੀ, ਰਾਹਤ ਕਿੱਟਾਂ, ਪਸ਼ੂਆਂ ਲਈ ਚਾਰਾ, ਫੀਡ ਆਦਿ ਲੈ ਕੇ ਬੇੜੀਆਂ ਰਾਹੀਂ ਵੰਡਿਆ ਜਾ ਰਿਹਾ ਹੈ। ਹੁਣ ਤੱਕ ਲਗਪਗ 153 ਪਿੰਡਾਂ ਵਿੱਚੋਂ 5500 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ। ਇਥੇ ਜਿਕਰਯੋਗ ਹੈ ਕਿ ਦੇਸ਼ ਵਿੱਚ ਜਦੋ ਵੀ ਕੁਦਰਤੀ ਆਫ਼ਤਾਂ ਆਉਦੀਆਂ ਹਨ ਤਾ ਟਰੱਸਟ ਦੀ ਅਕਾਲ ਸੇਵਾ ਟੀਮ ਵੱਲੋਂ ਨਿਧੜਕ ਹੋ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਤਤਪਰ ਰਹਿੰਦੇ ਹਨ।

# ਗੌਰਵ ਮਾਛੀਵਾੜਾ ਨੇ 10 ਮਿੰਟ ਵਿੱਚ ਸਿਕੰਦਰ ਸ਼ੇਖ ਨੂੰ ਚਿੱਤ ਕਰਕੇ ਜਿੱਤਿਆ ਟਰੈਕਟਰ

**ਮਾਛੀਵਾੜਾ ਸਾਹਿਬ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਛੀਵਾੜਾ ਇਲਾਕੇ ਦਾ ਗੌਰਵ ਗੌਰਵ ਮਾਛੀਵਾੜਾ ਪਹਿਲਵਾਨ ਦਿਨ ਪ੍ਰਤੀ ਦਿਨ ਹੋਰ ਬੁਲੰਦੀਆਂ ਛੂੰਹਦਾ ਜਾ ਰਿਹਾ ਹੈ। ਸਵਰਗਵਾਸੀ ਕੋਚ ਪਹਿਲਵਾਨ ਦਿਲਜੀਤ ਸਿੰਘ ਦਾ ਸ਼ਾਗਿਰਦ ਅਤੇ ਪਹਿਲਵਾਨ ਸ਼ਮੀ ਮਾਛੀਵਾੜਾ ਦਾ ਸਪੁੱਤਰ ਗੌਰਵ ਮਾਛੀ ਬੜਾ ਪੰਜਾਬ ਹਰਿਆਣਾ ਹਿਮਾਚਲ ਮਹਾਰਾਸ਼ਟਰ ਅਤੇ ਵਿਦੇਸ਼ੀ ਧਰਤੀ ਤੇ ਵੀ ਆਪਣੀ ਕੁਸ਼ਤੀ ਰਾਹੀਂ ਮਾਛੀਵਾੜਾ ਇਲਾਕੇ ਦਾ ਨਾਮ ਰੌਸ਼ਨ ਕਰ ਚੁੱਕਾ ਹੈ। ਦੇਸ਼ ਦੇ ਵੱਡੇ ਮੱਲਾਂ ਦੇ ਨਾਲ ਇੱਕ ਨੰਬਰ ਝੰਡੀ ਦੀ ਕੁਸ਼ਤੀ ਲੜਦਿਆਂ ਵਿਦੇਸ਼ੀ ਧਰਤੀ ਦੇ ਪਹਿਲਵਾਨਾਂ ਨੂੰ ਵੀ ਚਿੱਤ ਕਰਦਾ ਆ ਰਿਹਾ ਹੈ। ਬੀਤੇ ਕੱਲ੍ਹ ਦੁਆਬੇ ਦੀ ਧਰਤੀ ਤੇ ਵੱਡਾ ਦੰਗਲ ਮੇਲਾ ਗੜ੍ਹੀ ਅਜੀਤ ਸਿੰਘ ਵਿਖੇ ਕਰਵਾਇਆ ਗਿਆ ਜਿੱਥੇ ਝੰਡੀ ਦੀ ਇੱਕ ਨੰਬਰ ਦੀ ਕੁਸ਼ਤੀ ਫੋਰਡ 3600 ਟਰੈਕਟਰ ਤੇ ਗੌਰਵ ਮਾਛੀਵਾੜਾ ਅਤੇ ਮਹਾਂਰਾਸ਼ਟਰ ਦੇ ਪਹਿਲਵਾਨ ਸਿਕੰਦਰ ਸ਼ੇਖ ਅਖਾੜਾ ਮੁੱਲਾਪੁਰ ਗਰੀਬਦਾਸ ਵਿਚਕਾਰ ਕਰਵਾਈ ਗਈ।

ਸਿਰਫ 10 ਮਿੰਟ ਦੇ ਸਮੇਂ ਵਿੱਚ ਹੀ ਗੌਰਵ ਮਾਛੀਵਾੜਾ ਨੇ ਸਿਕੰਦਰ ਸ਼ੇਖ ਨੂੰ ਚਿੱਤ ਕਰਦਿਆਂ ਝੰਡੀ ਦੀ ਕੁਸ਼ਤੀ ਆਪਣੇ ਨਾਂ ਕੀਤੀ। ਇਸ ਵੱਡੀ ਜਿੱਤ ਤੇ ਗੌਰਵ ਮਾਛੀਵਾੜਾ ਤੇ ਉਸਦੇ ਦੇ ਪਿਤਾ ਸ਼ਮੀ ਪਹਿਲਵਾਨ ਨੂੰ ਗੌਰਵ ਦੇ ਪ੍ਰਸ਼ੰਸਕਾਂ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

# ਘੱਗਰ ਦੇ ਪਾਣੀ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਬਿਮਾਰੀਆਂ ਦੀ ਰੋਕਥਾਮ ਲਈ ਉਪਰਾਲੇ



**ਘਨੌਰ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਘਨੌਰ ਹਲਕੇ ਦੇ ਪਿੰਡਾਂ ਚਮਾਰੂ, ਕਾਮੀ ਖੁਰਦ, ਊਂਟਸਰ, ਸਮਸ਼ਪੁਰ, ਸੰਜਰਪੁਰ,ਸਰਾਲਾ ਖੁਰਦ ਅਤੇ ਲਾਛੜੂ ਸਮੇਤ ਕਈ ਪਿੰਡਾਂ ਵਿੱਚ ਆਏ ਘੱਗਰ ਦਰਿਆ ਦੇ ਪਾਣੀ ਕਾਰਨ ਬਿਮਾਰੀਆਂ ਫੈਲਣ ਦੇ ਖਦਸ਼ੇ ਨੂੰ ਦੇਖਦੇ ਹੋਏ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਉਪ ਚੇਅਰਮੈਨ, ਮਨਿੰਦਰਜੀਤ ਸਿੰਘ ਵਿੱਕੀ ਘਨੌਰ, ਨੇ ਅੱਜ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ।
ਇਸ ਦੌਰੇ ਦਾ ਮੁੱਖ ਮੰਤਵ ਪਾਣੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਡੇਂਗੂ, ਡਾਇਰੀਆ ਅਤੇ ਚਮੜੀ ਦੇ ਰੋਗਾਂ ਦੀ ਰੋਕਥਾਮ ਲਈ ਤਿਆਰੀਆਂ ਦਾ ਜਾਇਜ਼ਾ ਲੈਣਾ ਸੀ। ਉਨ੍ਹਾਂ ਨੇ ਸਥਿਤੀ ਦਾ ਜਾਇਜ਼ਾ ਲੈਣ ਲਈ ਘਨੌਰ ਕਮਿਊਨਿਟੀ ਹੈਲਥ ਸੈਂਟਰ ਦਾ ਵੀ ਦੌਰਾ ਕੀਤਾ। ਉਪ ਚੇਅਰਮੈਨ ਨੇ ਸਿਹਤ ਕੇਂਦਰ ਵਿੱਚ ਵਾਰਡ ਬਣਾਉਣ, ਦਵਾਈਆਂ ਦਾ ਉਚਿਤ ਪ੍ਰਬੰਧ ਕਰਨ ਅਤੇ ਹਸਪਤਾਲਾਂ ਵਿੱਚ ਲੋੜੀਂਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ। ਉਹਨਾਂ ਕਿਹਾ ਕਿ ਸਿਹਤ ਮੰਤਰੀ ਪੰਜਾਬ ਡਾਕਟਰ ਬਲਵੀਰ ਸਿੰਘ ਨੇ ਵੀ ਫੋਨ ਕਰ ਹਲਕਾ ਘਨੌਰ ਦੇ ਪਿੰਡਾ ਦੀ ਸਥਿਤੀ ਦਾ ਜਾਇਜ਼ਾ ਲਿਆ ਹੈ। ਤੇ ਨਾਲ ਹੀ ਉਹਨਾਂ ਕਿਹਾ ਕਿ ਜਿਨਾਂ ਪਿੰਡਾਂ ਦੇ ਵਿੱਚ ਡਾਇਰੀਆ ਫੈਲਣ ਦਾ ਖਤਰਾ ਹੈ ਉਹਨਾਂ ਪਿੰਡਾਂ ਦੇ ਵਿੱਚ ਪਾਣੀ ਵੀ ਟੈਸਟ ਕਰਾਏ ਜਾਣਗੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਉਹਨਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਪਾਣੀ ਨੂੰ ਉਬਾਲ ਕੇ ਪੀਣ ਅਤੇ ਕੁਝ ਦਿਨਾਂ ਦੇ ਲਈ ਆਪਣੇ ਟੋਟਿਆਂ ਟਿਊਬਵੈਲ ਨਲਕਿਆਂ ਦਾ ਪਾਣੀ ਨਾ ਪੀਣ। ਉਹਨਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਪਿੰਡਾਂ ਦੇ ਵਿੱਚ ਲਗਾਤਾਰ ਜਾਂਚ ਕਰ ਰਹੀਆਂ ਹਨ ਜੇਕਰ ਕਿਸੇ ਵੀ ਮਰੀਜ਼ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਆਉਂਦੀ ਹੈ ਤਾਂ ਉਹ ਉਹਨਾਂ ਦੇ ਨਾਲ ਸੰਪਰਕ ਕਰ ਸਕਦਾ ਹੈ।

# ਚੋਰੀ ਹੋਏ ਟਰੱਕ ਸਮੇਤ ਵਿਅਕਤੀ ਕਾਬੂ ਮਾਮਲਾ ਦਰਜ

**ਸਮਾਣਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਘਰ ਦੇ ਨੇੜੇ ਖੜ੍ਹੇ ਕੀਤੇ ਗਏ ਟਰੱਕ ਨੂੰ ਚੋਰੀ ਕਰਕੇ ਲੈ ਜਾਣ ਦੇ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਦੇ ਹੋਏ, ਸਿਟੀ ਪੁਲਿਸ ਨੇ ਸੁਖਬੀਰ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀ ਪਿੰਡ ਬਦਨਪੁਰ ਨੂੰ ਚੋਰੀ ਹੋਏ ਟਰੱਕ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐਸ.ਆਈ. ਸਿਮਰ ਸਿੰਘ ਨੇ ਦੱਸਿਆ ਕਿ ਗੁਰਨਾਮ ਸਿੰਘ ਵਾਸੀ ਗੁਰੂ ਤੇਗ ਬਹਾਦਰ ਕਲੋਨੀ, ਨੇੜੇ ਗੁਰਦੁਆਰਾ ਸਾਹਿਬ, ਸਮਾਣਾ, ਦੁਆਰਾ ਦਰਜ ਕਰਵਾਈ ਸ਼ਿਕਾਇਤ ਅਨੁਸਾਰ 2-3 ਸਤੰਬਰ ਦੀ ਦਰਮਿਆਨੀ ਰਾਤ ਨੂੰ ਉਸਦੇ ਘਰ ਦੇ ਨੇੜੇ ਖੜ੍ਹਾ ਉਸਦਾ ਟਰੱਕ ਚੋਰੀ ਹੋ ਗਿਆ। ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਅਨਾਜ ਮੰਡੀ ਸਮਾਣਾ ਦੇ ਨੇੜੇ ਮੁਲਜ਼ਮ ਨੂੰ ਟਰੱਕ ਸਮੇਤ ਕਾਬੂ ਕਰਕੇ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਮੁਤਾਬਕ ਫੜੇ ਗਏ ਮੁਲਜ਼ਮ ਖ਼ਿਲਾਫ਼ ਪਹਿਲਾਂ ਵੀ ਕੇਸ ਦਰਜ ਹਨ।

# ਰਾਣਾ ਇੰਦਰ ਪਾਰਤਾਪ ਸਿੰਘ ਵੱਲੋਂ ਬੀਬੀਐਮਬੀ ਤੇ ਜ਼ਿੰਮੇਵਾਰੀ ਤੈਅ ਕਰਨ ਦੀ ਮੰਗ

**ਕਪੂਰਥਲਾ 6 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸੁਲਤਾਨਪੁਰ ਲੋਧੀ ਤੋਂ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਇੱਕ ਸਖ਼ਤ ਬਿਆਨ ਵਿੱਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਤੋਂ ਤੁਰੰਤ ਜ਼ਿੰਮੇਵਾਰੀ ਤੈਅ ਕਰਨ ਅਤੇ ਢਾਂਚਾਗਤ ਸੁਧਾਰਾਂ ਦੀ ਮੰਗ ਕੀਤੀ ਹੈ। ਇਹ ਬਿਆਨ ਉਨ੍ਹਾਂ ਵੱਲੋਂ ਪੰਜਾਬ ਭਰ ਵਿੱਚ ਲੱਖਾਂ ਹੈਕਟੇਅਰਾਂ ਵਿੱਚ ਖੜ੍ਹੀਆਂ ਫ਼ਸਲਾਂ ਨੂੰ ਡੁੱਬਣ ਵਾਲੀਆਂ ਭਿਆਨਕ ਬਾਰਸ਼ਾਂ ਅਤੇ ਹੜ੍ਹ ਦੇ ਮੱਦੇਨਜ਼ਰ ਦਿੱਤਾ ਗਿਆ। ਰਾਣਾ ਇੰਦਰ ਪ੍ਰਤਾਪ ਸਿੰਘ ਨੇ ਬੀਬੀਐਮਬੀ ਦੀ ਅਸਮਰਥਾ ਅਤੇ ਗੈਰ-ਸਰਗਰਮੀ 'ਤੇ ਗੰਭੀਰ ਚਿੰਤਾ ਜਤਾਈ, ਜਿਸ ਦੇ ਹਵਾਲੇ ਭਾਖੜਾ ਅਤੇ ਪੌਂਗ ਡੈਮ ਤੋਂ ਸੁਤਲਜ ਅਤੇ ਬਿਆਸ ਦਰਿਆਵਾਂ ਦਾ ਪਾਣੀ ਸੰਭਾਲਣਾ ਹੁੰਦਾ ਹੈ।

ਉਨ੍ਹਾਂ ਕਿਹਾ - ਬੀਬੀਐਮਬੀ ਪੰਜਾਬ ਦੇ ਲੋਕਾਂ ਅਤੇ ਖੇਤੀਬਾੜੀ ਦੀ ਸੁਰਖਿਆ ਕਰਨ ਵਿੱਚ ਫੇਲ੍ਹ ਰਹੀ ਹੈ, ਸਮੇਂ-ਸਿਰ ਤੇ ਉਚਿਤ ਉਪਰਾਲੇ ਨਹੀਂ ਕੀਤੇ ਗਏ, ਜਿਸ ਕਰਕੇ ਇਹ ਤਬਾਹੀ ਵਾਪਰੀ ਹੈ। ਬੀਬੀਐਮਬੀ ਵੱਲੋਂ ਸੰਭਾਵੀ ਦਾਅਵੇ ਕਿ ਇਸ ਸਾਲ ਮਾਨਸੂਨ ਦੌਰਾਨ ਬੇਹਿਸਾਬ ਪਾਣੀ ਆਇਆ ਸੀ, ਨੂੰ ਖੰਡਨ ਕਰਦਿਆਂ, ਸੁਲਤਾਨਪੁਰ ਲੋਧੀ ਦੇ ਵਿਧਾਇਕ ਨੇ ਦਲੀਲ ਦਿੱਤੀ ਕਿ ਪਿਛਲੇ ਸੀਜ਼ਨ ਦਾ ਵਾਧੂ ਪਾਣੀ ਸਮੇਂ-ਸਿਰ ਰਿਲੀਜ਼ ਨਹੀਂ ਕੀਤਾ ਗਿਆ, ਜਿਸ ਨਾਲ ਹਾਲਾਤ ਹੋਰ ਵੀ ਬਦਤਰ ਹੋ ਗਏ। ਉਨ੍ਹਾਂ ਕਿਹਾ ਜੇ ਬੋਰਡ ਨੇ ਪਿਛਲੇ ਸਾਲ ਦਾਇਕਠਾ ਹੋਇਆ ਪਾਣੀ ਸਮੇਂ ਸਿਰ ਰਿਲੀਜ਼ ਕਰ ਦਿੱਤਾ ਹੁੰਦਾ, ਤਾਂ ਅੱਜ ਦੀ ਤਬਾਹੀ ਇੰਨੀ ਵੱਡੀ ਨਾ ਹੁੰਦੀ। ਇਹ ਤਬਾਹੀ ਅਗਾਊਂ ਸਮਝੀ ਜਾ ਸਕਦੀ ਸੀ ਅਤੇ ਇਸ ਤੋਂ ਬਚਿਆ ਜਾ ਸਕਦਾ ਸੀ।

ਰਾਜਨੀਤਿਕ ਪੱਧਰ 'ਤੇ ਸਾਂਝੀ ਕਾਰਵਾਈ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ, ਰਾਣਾ ਇੰਦਰ ਪ੍ਰਤਾਪ ਸਿੰਘ ਨੇ ਬੀਬੀਐਮਬੀ ਉੱਤੇ ਜ਼ਿੰਮੇਵਾਰੀ ਤੈਅ ਕਰਨ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਤਬਾਹੀਆਂ ਤੋਂ ਬਚਾਅ ਲਈ ਇੱਕ ਵਿਸ਼ਾਲ ਤੇ ਸਰਗਰਮ ਵਿਉਂਤਬੰਦੀ ਬਣਾਉਣ ਲਈ ਸਰਵ ਮੀਟਿੰਗ ਬੁਲਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ - ਹੁਣ ਸਮਾਂ ਆ ਗਿਆ ਹੈ ਕਿ ਸਾਰੀਆਂ ਰਾਜਨੀਤਿਕ ਪਾਰਟੀਆਂ ਆਪਣੇ ਵੱਖ-ਵੱਖ ਹਿੱਤਾਂ ਤੋਂ ਉੱਪਰ ਉਠ ਕੇ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ, ਰੋਜ਼ੀ-ਰੋਟੀ ਅਤੇ ਖੇਤਾਂ ਦੀ ਰੱਖਿਆ ਲਈ ਇਕੱਠੇ ਹੋਣ।

ਆਪਣੇ ਖੇਤਰ ਦੀ ਸਥਿਤੀ ਬਾਰੇ ਦੱਸਦੇ ਹੋਏ, ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਸੁਲਤਾਨਪੁਰ ਲੋਧੀ ਹੜ੍ਹ ਨਾਲ ਸਭ ਤੋਂ ਪਹਿਲਾਂ ਪ੍ਰਭਾਵਿਤ ਹੋਇਆ, ਕਿਉਂਕਿ ਇਹ ਹਰੀਕੇ ਨਾਲ ਭੂਗੋਲਿਕ ਤੌਰ 'ਤੇ ਸਭ ਤੋਂ ਨੇੜੇ ਹੈ, ਜਿੱਥੇ ਸੁਤਲਜ ਅਤੇ ਬਿਆਸ ਦਰਿਆ ਮਿਲਦੇ ਹਨ। ਬਾਅਦ ਵਿੱਚ ਹੜ੍ਹ ਦਾ ਪਾਣੀ ਹਰ ਪਾਸੇ ਫੈਲ ਗਿਆ ਅਤੇ ਪੱਕ ਰਹੀ ਝੋਨੇ ਦੀ ਫਸਲ ਨੂੰ ਡੁੱਬੋ ਦਿੱਤਾ, ਜਿਸ ਦੀ ਕਟਾਈ ਵਿੱਚ ਕੇਵਲ ਇਕ ਮਹੀਨਾ ਬਚਿਆ ਸੀ।

ਉਨ੍ਹਾਂ ਕਿਹਾ ਪੰਜਾਬ ਦੇ ਲੋਕ, ਵਿਸ਼ੇਸ਼ ਕਰਕੇ ਕਿਸਾਨ, ਸਭ ਤੋਂ ਵੱਧ ਪੀੜਤ ਹੋਏ ਹਨ। ਫਿਰ ਵੀ ਅਸੀਂ ਪੰਜਾਬ ਅਤੇ ਕੇਂਦਰ ਵੱਲੋਂ ਸਹਾਇਤਾ ਦੀ ਉਡੀਕ ਕਰ ਰਹੇ ਹਾਂ।

ਵਿਧਾਇਕ ਨੇ ਬੁਨਿਆਦੀ ਹੜ੍ਹ-ਨਿਯੰਤਰਣ ਵਿਉਂਤਬੰਦੀ ਨੂੰ ਲਾਗੂ ਨਾ ਕਰਨ ਨੂੰ ਵੀ ਵੱਡੀ ਨਾਕਾਮੀ ਦੱਸਿਆ। ਉਨ੍ਹਾਂ ਕਿਹਾ - ਵਾਰ-ਵਾਰ ਚੇਤਾਵਨੀਆਂ ਦੇ ਬਾਵਜੂਦ ਦਰਿਆ, ਨਹਿਰਾਂ ਅਤੇ ਕੱਸੀਆਂ ਦੀ ਸਫਾਈ ਨਹੀਂ ਕੀਤੀ ਗਈ। ਬੰਨ੍ਹਾ ਦੀ ਮਜ਼ਬੂਤੀ ਦਾ ਕੰਮ ਨਹੀਂ ਹੋਇਆ । ਮੈਂ ਇਹ ਮੁੱਦਾ ਬਹੁਤ ਪਹਿਲਾਂ ਉਠਾਇਆ ਸੀ, ਪਰ ਚੇਤਾਵਨੀਆਂ ਨੂੰ ਅਣਡਿੱਠਾ ਕਰ ਦਿੱਤਾ ਗਿਆ।

ਉਨ੍ਹਾਂ ਹੋਰ ਕਿਹਾ - ਮੇਰੇ ਵਿਚਾਰ ਵਿੱਚ, ਰਾਜਨੀਤਿਕ ਨੇਤਾ ਅਕਸਰ ਅਜਿਹੀਆਂ ਸਮੱਸਿਆਵਾਂ ਨੂੰ ਪਹਿਲਾਂ ਤੋਂ ਭਾਂਪ ਲੈਂਦੇ ਹਨ। ਪਰ ਇਸ ਵਾਰੀ, ਉਹ ਫੇਲ੍ਹ ਹੋ ਗਏ—ਅਤੇ ਲੋਕਾਂ ਨੇ ਇਸ ਦੀ ਕੀਮਤ ਚੁਕਾਈ।

# ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਬਚਾਅ ਤੇ ਰਾਹਤ ਕਾਰਜਾਂ ਦੀ ਨਿਗਰਾਨੀ ਲਈ ਪੀ.ਸੀ.ਐਸ ਅਧਿਕਾਰੀ ਤੇ ਕਾਰਜਕਾਰੀ ਇੰਜੀਨੀਅਰ ਤਾਇਨਾਤ

**ਪ੍ਰਭਾਵਿਤ ਪਿੰਡਾਂ ਦੇ ਲੋਕਾਂ ਤੇ ਪ੍ਰਸ਼ਾਸਨ ਦਰਮਿਆਨ ਸਿੱਧਾ ਰਾਬਤਾ ਕਾਇਮ ਕਰਨਾ ਯਕੀਨੀ ਬਣਾਇਆ: ਡਿਪਟੀ ਕਮਿਸ਼ਨਰ**

**ਪਟਿਆਲਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਬਚਾਅ ਅਤੇ ਰਾਹਤ ਕਾਰਜਾਂ ਦੀ ਨਿਗਰਾਨੀ ਲਈ ਪੀ.ਸੀ.ਐਸ ਅਧਿਕਾਰੀਆਂ ਸਮੇਤ ਸਬੰਧਤ ਐਸ.ਡੀ.ਐਮਜ ਨਾਲ ਤਾਲਮੇਲ ਕਰਨ ਲਈ ਕਾਰਜਕਾਰੀ ਇੰਜੀਨੀਅਰਾਂ ਦੀ ਤਾਇਨਾਤੀ ਕੀਤੀ ਹੈ।

ਡਾ. ਪ੍ਰੀਤੀ ਯਾਦਵ ਵੱਲੋਂ ਜਾਰੀ ਹੁਕਮਾਂ ਮੁਤਾਬਕ ਇਹ ਅਧਿਕਾਰੀ ਸਬੰਧਤ ਐਸ.ਡੀ.ਐਮਜ ਨਾਲ ਤਾਲਮੇਲ ਕਰਨ ਦੇ ਨਾਲ-ਨਾਲ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਨਾਲ ਮੁਲਾਕਾਤ ਕਰਦੇ ਹੋਏ ਬਚਾਅ ਤੇ ਰਾਹਤ ਕਾਰਜਾਂ ਦੀ ਨਿਗਰਾਨੀ ਨੂੰ ਅਸਰਦਾਰ ਬਣਾਉਣਗੇ। ਉਨ੍ਹਾਂ ਕਿਹਾ ਕਿ ਇਹ ਆਦੇਸ਼ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਹੁਕਮਾਂ ਦੇ ਸਨਮੁੱਖ ਜਾਰੀ ਕੀਤੇ ਗਏ ਹਨ।

ਡਿਪਟੀ ਕਮਿਸ਼ਨਰ ਵੱਲੋਂ ਜਾਰੀ ਆਦੇਸ਼ਾਂ ਮੁਤਾਬਕ ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ ਅਮਰਿੰਦਰ ਸਿੰਘ ਟਿਵਾਣਾ ਨੂੰ ਪਾਤੜਾਂ ਸਬ ਡਵੀਜਨ ਦਾ ਖੇਤਰ ਸੌਂਪਿਆ ਗਿਆ ਹੈ। ਪੀ.ਡੀ.ਏ. ਦੇ ਏ.ਸੀ.ਏ. ਜਸ਼ਨਪ੍ਰੀਤ ਕੌਰ ਗਿੱਲ ਨੂੰ ਸ਼ੰਭੂ ਤੇ ਘਨੌਰ ਦੇ ਪਿੰਡ, ਰੀਜ਼ਨਲ ਟਰਾਂਸਪੋਰਟ ਅਫ਼ਸਰ ਬਬਨਦੀਪ ਸਿੰਘ ਵਾਲੀਆ ਨੂੰ ਰਾਜਪੁਰਾ ਅਤੇ ਰੀਜ਼ਨਲ ਟਰਾਂਸਪੋਰਟ ਅਥਾਰਟੀ ਦੇ ਸਕੱਤਰ ਮਨਜੀਤ ਸਿੰਘ ਚੀਮਾ ਨੂੰ ਦੂਧਨਸਾਧਾਂ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਤਾਇਨਾਤ ਕੀਤਾ ਗਿਆ ਹੈ।ਇਸੇ ਤਰ੍ਹਾਂ ਰਾਜ ਕਰ ਦੇ ਸਹਾਇਕ ਕਰ ਕਮਿਸ਼ਨਰ ਕੰਨੂ ਗਰਗ ਨੂੰ ਸਨੌਰ ਹਲਕੇ ਦੇ ਪਿੰਡਾਂ ਲਈ ਤਾਇਨਾਤ ਕੀਤਾ ਗਿਆ ਹੈ। ਜਦਕਿ ਪੀ.ਆਰ.ਟੀ.ਸੀ. ਦੇ ਏ.ਐਮ.ਡੀ. ਨਵਦੀਪ ਕੁਮਾਰ ਨੂੰ ਪਟਿਆਲਾ ਦੀ ਛੋਟੀ ਤੇ ਵੱਡੀ ਨਦੀ ਦੇ ਇਲਾਕਿਆਂ ਲਈ ਤਾਇਨਾਤ ਕੀਤਾ ਗਿਆ ਹੈ। ਇਸੇ ਤਰ੍ਹਾਂ ਇੱਕ ਹੋਰ ਹੁਕਮਾਂ ਮੁਤਾਬਕ ਵੱਖ-ਵੱਖ ਵਿਭਾਗਾਂ ਦੇ ਕਾਰਜਕਾਰੀ ਇੰਜੀਨੀਅਰਾਂ ਦੀ ਵੀ ਤਾਇਨਾਤੀ ਕੀਤੀ ਗਈ ਹੈ।ਇਨ੍ਹਾਂ ਵਿੱਚ ਮੰਡੀਕਰਨ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਅੰਮ੍ਰਿਤਪਾਲ ਸਿੰਘ ਨੂੰ ਰਾਜਪੁਰਾ, ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਨਵੀਨ ਮਿੱਤਲ ਨੂੰ ਦੂਧਨਸਾਧਾਂ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਭਲੀਨ ਸਿੰਘ ਧੰਜੂ ਨੂੰ ਵੀ ਦੂਧਨਸਾਧਾਂ ਤੇ ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰਾਂ ਹਰਪ੍ਰੀਤ ਸਿੰਘ ਕਟਾਰੀਆ ਤੇ ਪਰਮਜੀਤ ਸਿੰਘ ਨੂੰ ਪਾਤੜਾਂ ਖੇਤਰ ਵਿੱਚ ਤਾਇਨਾਤ ਕੀਤਾ ਗਿਆ ਹੈ। ਇਹ ਅਧਿਕਾਰੀ ਸਬੰਧਤ ਐਸ.ਡੀ.ਐਮਜ ਨਾਲ ਤਾਲਮੇਲ ਕਰਕੇ ਆਪਣੀ ਡਿਊਟੀ ਨਿਭਾਉਣਗੇ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਇਹ ਅਧਿਕਾਰੀ ਮੁੱਖ ਮੰਤਰੀ ਦੇ ਆਦੇਸ਼ਾਂ ਮੁਤਾਬਕ ਪਿੰਡ ਵਾਸੀਆਂ ਅਤੇ ਪ੍ਰਸ਼ਾਸਨ ਦਰਮਿਆਨ ਸਿੱਧਾ ਰਾਬਤਾ ਕਾਇਮ ਰੱਖਣ ਨੂੰ ਯਕੀਨੀ ਬਣਾਉਣਗੇ। ਉਨ੍ਹਾਂ ਕਿਹਾ ਕਿ ਇਸ ਨਾਲ ਕੁਦਰਤੀ ਆਫਤ ਦਾ ਸਾਹਮਣਾ ਕਰ ਰਹੇ ਲੋਕ ਅਧਿਕਾਰੀ ਨਾਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰ ਸਕਣਗੇ ਜਿਸ ਨਾਲ ਹਰ ਸਮੱਸਿਆ ਦਾ ਫੌਰੀ ਹੱਲ ਨਿਕਲ ਸਕੇਗਾ।

# ਸਰਕਾਰ ਕਿਸਾਨਾਂ ਦੇ ਦਰਦ ਨੂੰ ਸਮਝਦੀ ਹੈ, ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ: ਕਪਿਲ ਮਿਸ਼ਰਾ

ਕੌਮੀ ਪਤ੍ਰਿਕਾ

**ਸੰਜੈ ਕੁਮਾਰ**

ਨਵੀਂ ਦਿੱਲੀ; 10 ਸਤੰਬਰ: ਦਿੱਲੀ ਸਰਕਾਰ ਕਿਸਾਨਾਂ ਅਤੇ ਪਿੰਡ ਵਾਸੀਆਂ ਪ੍ਰਤੀ ਪੂਰੀ ਤਰ੍ਹਾਂ ਸੰਵੇਦਨਸ਼ੀਲ ਹੈ। ਇਸੇ ਲਈ, ਮੁੱਖ ਮੰਤਰੀ ਰੇਖਾ ਗੁਪਤਾ ਦੇ ਨਿਰਦੇਸ਼ਾਂ 'ਤੇ, ਦਿੱਲੀ ਸਰਕਾਰ ਦੇ ਦੋ ਮੰਤਰੀਆਂ ਨੇ ਕੱਲ੍ਹ ਦਿੱਲੀ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਫੀਲਡ ਨਿਰੀਖਣ ਕੀਤਾ। ਦਿੱਲੀ ਵਿੱਚ ਹੜ੍ਹਾਂ ਕਾਰਨ ਕਿਸਾਨਾਂ ਅਤੇ ਜਨਤਾ ਨੂੰ ਹੋਏ ਭਾਰੀ ਨੁਕਸਾਨ ਦਾ ਮੁਲਾਂਕਣ ਕਰਨ ਅਤੇ ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਉਦੇਸ਼ ਨਾਲ, ਅੱਜ ਵਿਕਾਸ ਮੰਤਰੀ ਸ਼੍ਰੀ ਕਪਿਲ ਮਿਸ਼ਰਾ ਅਤੇ ਸਮਾਜ ਭਲਾਈ ਮੰਤਰੀ ਸ਼੍ਰੀ ਰਵਿੰਦਰ ਇੰਦਰਾਜ ਸਿੰਘ ਨੇ ਪੱਲਾ ਚੌਕ ਤੋਂ ਹੀਰਾਂਕੀ ਤੱਕ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਸਰਵੇਖਣ ਕੀਤਾ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਦਰਦ ਨੂੰ ਸਿੱਧੇ ਤੌਰ 'ਤੇ ਸਮਝਿਆ। ਇਸ ਦੌਰਾਨ, ਦੋਵਾਂ ਮਾਣਯੋਗ ਮੰਤਰੀਆਂ ਨੇ ਦਿੱਲੀ ਸਰਕਾਰ ਦੁਆਰਾ ਕੀਤੇ ਗਏ ਪ੍ਰਸ਼ਾਸਕੀ ਪ੍ਰਬੰਧਾਂ ਦੀ ਵਿਆਪਕ ਸਮੀਖਿਆ ਵੀ ਕੀਤੀ। ਖੇਤ ਨਿਰੀਖਣ ਦੌਰਾਨ, ਕਿਸਾਨ ਆਗੂ ਅਤੇ ਵਿਕਾਸ ਮੰਤਰੀ ਕਪਿਲ ਮਿਸ਼ਰਾ ਨੇ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਰੇਖਾ ਗੁਪਤਾ ਯਮੁਨਾ ਨਦੀ ਵਿੱਚ ਆਏ ਹੜ੍ਹ ਤੋਂ ਬਹੁਤ ਚਿੰਤਤ ਹਨ। ਪੂਰੀ ਤਰ੍ਹਾਂ ਤਬਾਹ ਹੋਈਆਂ ਸਬਜ਼ੀਆਂ, ਝੋਨਾ ਅਤੇ ਹੋਰ ਫਸਲਾਂ ਨੂੰ ਦੇਖ ਕੇ, ਉਨ੍ਹਾਂ ਨੇ ਕਿਸਾਨਾਂ ਦੇ ਦਰਦ ਨੂੰ ਸਿੱਧੇ ਤੌਰ 'ਤੇ ਮਹਿਸੂਸ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਨਦੀ ਦੇ ਵਹਾਅ ਅਤੇ ਟੁੱਟੇ ਬੰਨ੍ਹਾਂ ਦੀ ਸਥਿਤੀ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਅੱਗੇ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ ਦਿੱਲੀ ਸਰਕਾਰ ਕਿਸਾਨਾਂ ਦੀ ਹਰ ਸੰਭਵ ਮਦਦ ਕਰਨ ਲਈ ਵਚਨਬੱਧ ਹੈ। ਅਸੀਂ ਸਾਰੇ ਕਿਸਾਨਾਂ ਦੇ ਸੁੱਖ-ਦੁੱਖ ਵਿੱਚ ਉਨ੍ਹਾਂ ਦੇ ਨਾਲ ਖੜ੍ਹੇ ਹਾਂ। ਦਿੱਲੀ ਦੇ



ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਦਿੱਲੀ ਸਰਕਾਰ ਦੇ ਮੰਤਰੀ ਮੰਡਲ ਦੇ ਦੋ ਮੰਤਰੀਆਂ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਹੈ। ਦਿੱਲੀ ਸਰਕਾਰ ਕਿਸਾਨਾਂ ਦੇ ਦਰਦ ਨੂੰ ਸਮਝਦੀ ਹੈ ਅਤੇ ਨੁਕਸਾਨੀਆਂ ਗਈਆਂ ਫਸਲਾਂ ਦੀ ਭਰਪਾਈ ਲਈ ਢੁਕਵਾਂ ਮੁਆਵਜ਼ਾ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਸਮਾਜ ਭਲਾਈ ਮੰਤਰੀ ਰਵਿੰਦਰ ਇੰਦਰਾਜ ਸਿੰਘ ਨੇ ਕਿਹਾ ਕਿ ਪੱਲਾ, ਝੰਗੋਲਾ ਤੋਂ ਹੀਰਾਂਕੀ ਤੱਕ ਹੜ੍ਹ ਪ੍ਰਭਾਵਿਤ ਕਿਸਾਨਾਂ ਦੇ ਦੁੱਖ ਨੂੰ ਦੇਖ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਕਿਸਾਨਾਂ ਦੇ ਪੂਰੀ ਤਰ੍ਹਾਂ ਤਬਾਹ ਹੋਏ ਝੋਨੇ ਅਤੇ ਸਬਜ਼ੀਆਂ ਦੀਆਂ ਫਸਲਾਂ ਨੂੰ ਮਹਿਸੂਸ ਕੀਤਾ ਅਤੇ ਨਦੀ ਦੇ ਵਹਾਅ ਦੇ ਨਾਲ-ਨਾਲ ਟੁੱਟੇ ਬੰਨ੍ਹਾਂ ਦੀ ਹਾਲਤ ਦਾ ਵੀ ਨੋਟਿਸ ਲਿਆ। ਮਾਣਯੋਗ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਦੀ ਅਗਵਾਈ ਹੇਠ ਦਿੱਲੀ ਸਰਕਾਰ ਕਿਸਾਨਾਂ ਦੇ ਦੁੱਖ-ਸੁੱਖ ਵਿੱਚ ਪੂਰੀ ਤਰ੍ਹਾਂ ਨਾਲ ਖੜ੍ਹੀ ਹੈ ਅਤੇ ਜਲਦੀ ਹੀ ਸਾਰੇ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਪ੍ਰਦਾਨ ਕੀਤੀ ਜਾਵੇਗੀ। ਦਿੱਲੀ ਦੇ ਹੜ੍ਹ ਪ੍ਰਭਾਵਿਤ ਖੇਤਰ ਦੇ ਨਿਰੀਖਣ ਦੌਰਾਨ, ਦੋਵੇਂ ਮਾਣਯੋਗ ਮੰਤਰੀਆਂ ਦੇ ਨਾਲ ਸਥਾਨਕ ਜ਼ਿਲ੍ਹਾ ਮੈਜਿਸਟ?ਰੇਟ, ਉਪ-ਜ਼ਿਲ੍ਹਾ ਮੈਜਿਸਟ?ਰੇਟ, ਖੇਤੀਬਾੜੀ ਵਿਭਾਗ, ਹੜ੍ਹ ਕੰਟਰੋਲ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

### ਵਿਧਾਇਕ ਡਾ. ਅਜੇ ਗੁਪਤਾ ਨੇ ਮ੍ਰਿਤਕ ਔਰਤ ਪ੍ਰਵੀਨ ਦੇ ਪਰਿਵਾਰ ਨੂੰ 4 ਲੱਖ ਰੁਪਏ ਦੀ ਸਹਾਇਤਾ ਦਿੱਤੀ

ਅੰਮ੍ਰਿਤਸਰ, 10 ਸਤੰਬਰ: ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਅਜੇ ਗੁਪਤਾ ਨੇ ਅੱਜ ਕਟੜਾ ਜੈਮਲ ਸਿੰਘ ਦੇ ਗਲੀ ਭਟਾਰੀਆ ਵਿੱਚ ਭਾਰੀ ਮੀਂਹ ਕਾਰਨ ਘਰ ਦੀ ਛੱਤ ਡਿੱਗਣ ਕਾਰਨ ਮੌਤ ਹੋ ਗਈ ਬਜ਼ੁਰਗ ਔਰਤ ਪ੍ਰਵੀਨ ਕੁਮਾਰੀ ਦੇ ਪਰਿਵਾਰ ਨੂੰ 4 ਲੱਖ ਰੁਪਏ ਦੀ ਸਹਾਇਤਾ ਦਾ ਚੈੱਕ ਭੇਟ ਕੀਤਾ। ਇਸ ਮੌਕੇ ਵਿਧਾਇਕ ਡਾ. ਗੁਪਤਾ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਹ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਇਸ ਕੁਦਰਤੀ ਆਫ਼ਤ ਵਿੱਚ ਪਰਿਵਾਰ ਨੂੰ ਹਰ ਸੰਭਵ ਮਦਦ ਪ੍ਰਦਾਨ ਕਰਾਂਗੇ ਅਤੇ ਇਸ ਵੇਲੇ ਅਸੀਂ 4 ਲੱਖ ਰੁਪਏ ਦਾ ਚੈੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਔਰਤ ਦੀ ਧੀ ਨੂੰ ਸਰਕਾਰੀ ਨੌਕਰੀ ਦਿਵਾਉਣ ਲਈ ਅਸੀਂ ਹਰ ਸੰਭਵ ਕੋਸ਼ਿਸ਼ ਕਰਾਂਗੇ। ਉਨ੍ਹਾਂ ਕਿਹਾ ਕਿ ਘਰ ਬਣਾਉਣ ਲਈ ਵੀ ਸਹਾਇਤਾ ਦਿੱਤੀ ਜਾਵੇਗੀ। ਇਸ ਮੌਕੇ ਕੌਂਸਲਰ ਜਰਨੈਲ ਸਿੰਘ ਢੋਟ, ਗੁਰਦਾਸ ਸਿੰਘ, ਮਨਜੀਤ ਸਿੰਘ, ਸੁਰਜੀਤ ਬਿੱਟੂ ਦੋਧੀ, ਚਰਨਜੀਤ ਸਿੰਘ, ਦੀਪਕ ਚੱਢਾ, ਸੁਦੇਸ਼ ਕੁਮਾਰ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਸਨ।

## ਸੂਬੇ ਵਿੱਚ ਸਵਦੇਸ਼ੀ ਮੇਲਿਆਂ ਦਾ ਆਯੋਜਨ ਕੀਤਾ ਜਾਵੇਗਾ: ਖੇਤੀਬਾੜੀ ਮੰਤਰੀ

ਚੰਡੀਗੜ੍ਹ, 10 ਸਤੰਬਰ: ਹਰਿਆਣਾ ਦੇ ਖੇਤੀਬਾੜੀ, ਮੱਛੀ ਤੇ ਪਸ਼ੂਪਾਲਣ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਅੱਜ ਸੂਬੇ ਵਿੱਚ ਸਵਦੇਸ਼ੀ ਮੇਲਿਆਂ ਦੇ ਆਯੋਜਨ ਨੂੰ ਪ੍ਰੋਤਸਾਹਨ ਦੇਣ ਦਾ ਐਲਾਨ ਕੀਤਾ। ਇੰਨ੍ਹਾਂ ਮੇਲਿਆਂ ਵਿੱਚ ਖੇਤੀਬਾੜੀ ਵਿਭਾਗ ਕਿਸਾਨਾਂ ਨੂੰ ਜੈਵਿਕ ਖੇਤੀ ਅਤੇ ਨਵੀਨ ਤਕਨੀਕਾਂ ਦੀ ਜਾਣਕਾਰੀ ਦਵੇਗੀ। ਨਾਲ ਹੀ, ਸਾਰੇ ਵਿਭਾਗਾਂ ਨੂੰ ਸ਼ਾਮਿਲ ਕਰ ਸਵਦੇਸ਼ ਉਤਪਾਦਾਂ ਨੂੰ ਪ੍ਰੋਤਸਾਹਨ ਦਿੱਤਾ ਜਾਵੇਗਾ, ਜੋ ਦੇਸ਼ ਦੀ ਅਰਥਵਿਵਸਥਾ ਨੂੰ ਮਜਬੂਤ ਬਨਾਉਣ ਵਿੱਚ ਮਹਤੱਵਪੂਰਣ ਭੂਮਿਕਾ ਨਿਭਾਏਗਾ। ਉਨ੍ਹਾਂ ਨੇ ਅੱਜ ਮੀਡੀਆ ਨਾਲ ਗੱਲ ਕਰਦੇ ਹੋਏ ਕਿਹਾ ਕਿ 17 ਸਤੰਬਰ ਤੋਂ 2 ਅਕਤੂਬਰ 2025 ਤੱਕ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੇਵਾ ਪਖਵਾੜਾ ਮਨਾਇਆ ਜਾਵੇਗਾ। ਇਸ ਦੌਰਾਨ ਸਾਰੇ ਵਿਧਾਇਕ ਅਤੇ ਮੰਤਰੀ ਕਿਸਾਨਾਂ ਨਾਲ ਮਿਲ ਕੇ ਰਬੀ ਫਸਲਾਂ ਦੀ ਤਿਆਰੀਆਂ 'ਤੇ ਵਿਚਾਰ-ਵਟਾਂਦਰਾਂ ਕਰਣਗੇ ਅਤੇ ਉਨ੍ਹਾਂ ਦੀ ਸਮਸਿਆਵਾਂ ਦਾ ਹੱਲ ਕਰਣਗੇ। ਸ੍ਰੀ ਰਾਣਾ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਹਰਿਆਣਾ ਸਰਕਾਰ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਖੜੀ ਹੈ ਅਤੇ ਉਨ੍ਹਾਂ ਦੀ ਹਰ ਸਮਸਿਆ ਦੇ ਹੱਲ ਲਈ ਤਿਆਰ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਕਿਸਾਨਾਂ ਦੀ ਭਲਾਈ ਲਈ ਪੂਰੀ ਤਰ੍ਹਾ ਪ੍ਰਤੀਬੱਧ ਹੈ ਅਤੇ ਬਰਸਾਤੀ ਜਲਭਰਾਵ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਤੁਰੰਤ ਕਦਮ ਚੁੱਕੇ ਜਾ ਰਹੇ ਹਨ।

## ਡਿਪਟੀ ਕਮਿਸ਼ਨਰ ਨੇ ਹੜ੍ਹ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਸਵੈ ਸੇਵੀ ਜਥੇਬੰਦੀਆਂ ਦੀ ਟੀਮ ਕੀਤੀ ਗਠਿਤ

ਅੰਮ੍ਰਿਤਸਰ, 10 ਸਤੰਬਰ। ਹੜ੍ਹ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਸੈਮਸਨ ਮਸੀਹ ਦੀ ਦੇਖਰੇਖ ਹੇਠ ਵਲੰਟੀਅਰਾਂ ਦੀ ਟੀਮ ਗਠਿਤ ਕੀਤੀ ਹੈ ਜਿਸ ਵਿੱਚ ਬਿਕਰਮਜੀਤ ਸਿੰਘ ਅਤੇ ਡਾ: ਸ਼ਰਨਪ੍ਰੀਤ ਕੌਰ ਕੇ:ਵੀ:ਆਈ ਵੈਲਫੇਅਰ ਸੁਸਾਇਟੀ ਅਤੇ ਸਹਾਇਕ ਪ੍ਰੋ: ਸਕੂਲ ਆਫ ਸਾਇੰਸਿਜ਼ ਦੇ ਵਲੰਟੀਅਰ ਸ਼ਾਮਲ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਇਨ੍ਹਾਂ ਟੀਮਾਂ ਨੂੰ ਵੱਖ ਵੱਖ ਖੇਤਰਾਂ ਵਿੱਚ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਤਾਇਨਾਤ ਕੀਤਾ ਗਿਆ ਹੈ, ਜਿਥੇ ਇਹ ਲੋਕਾਂ ਨੂੰ ਖੜ੍ਹੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਅਤੇ ਸਿਹਤ ਸਫਾਈ ਪ੍ਰਬੰਧਾਂ ਬਾਰੇ ਜਾਗਰੂਕ ਕਰੇਗੀ। ਉਨ੍ਹਾਂ ਦੱਸਿਆ ਕਿ ਇਹ ਪ੍ਰਭਾਵਿਤ ਖੇਤਰਾਂ ਵਿੱਚ ਕੈਂਪ ਲਗਾ ਕੇ ਪੀੜਤ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਏਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖੜ੍ਹੇ ਹੋਏ ਪਾਣੀ ਨਾਲ ਕਈ ਤਰ੍ਹਾਂ ਦੀਆ ਚਮੜੀ ਸਮੱਸਿਆਵਾਂ, ਪੈਰਾਂ ਤੇ ਫੰਗਲ ਇਨਫੈਕਸ਼ਨ ਨੂੰ ਦੂਰ ਕਰਨ ਲਈ ਫੰਗਲ ਓਇੰਟਮੈਂਟਸ ਕਰੀਮਾਂ ਦੀ ਵੰਡ ਕਰੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਟੀਮਾਂ ਦੀ ਸਭ ਤੋਂ ਵੱਡੀ ਤਰਜੀਹੀ ਹੜ੍ਹ ਪ੍ਰਭਾਵਿਤ ਲੋਕਾਂ, ਖਾਸ ਤੌਰ ਤੇ ਮਹਿਲਾਵਾਂ ਤੱਕ ਸੈਨੀਟਰੀ ਨੈਪਕਿਨ ਪੁੱਜਦਾ ਕਰਨਾ ਹੈ ਅਤੇ ਉਨ੍ਹਾਂ ਨੂੰ ਮਹਾਂਵਾਰੀ, ਸਫਾਈ ਅਤੇ ਪੈਰਾਂ ਦੀਆਂ ਫੰਗਸ ਵਰਗੀਆਂ ਘਾਤਕ ਬਿਮਾਰੀਆਂ ਨੂੰ ਬਚਾਉਣ ਲਈ ਸਿਖਿਆ ਦੇਣਾ ਹੈ। ਇਸ ਮੌਕੇ ਵੱਖ ਵੱਖ ਸੰਸਥਾਵਾਂ ਵੱਲੋਂ ਅੱਜ 1000 ਫੰਗਲ ਓਇੰਟਮੈਂਟਸ ਵੰਡੀਆਂ ਗਈਆਂ ਹਨ। ਇਹ ਸੇਵਾ ਸੁਖਦੇਵ ਸਿੰਘ ਛੀਨਾ IPS, ਪ੍ਰਧਾਨ ਸਰਵਿਸਿਜ਼ ਕਲੱਬ, ਰੂਬਿੰਦਰ ਸਿੰਘ (ਰੂਬੀ) ਪ੍ਰਧਾਨ ਲਮਜ਼ਡਨ ਕਲੱਬ, ਸ਼੍ਰੀ ਲਲਿਤ ਚੰਦੋਕ ਪ੍ਰਧਾਨ ਅੰਮ੍ਰਿਤਸਰ ਕਲੱਬ ਅਤੇ ਸੈਮਸਨ ਮਸੀਹ, ਸਕੱਤਰ ਰੈਡ ਕ੍ਰਾਸ ਵੱਲੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਹੋਰ ਕਈ ਜਥੇਬੰਦੀਆਂ ਵੀ ਪੀੜਤ ਪਰਿਵਾਰਾਂ ਲਈ ਅੱਗੇ ਆ ਰਹੀਆਂ ਹਨ।

## ਆਮਦਨ ਕਰ ਵਿਭਾਗ ਵੱਲੋਂ 35 ਥਾਵਾਂ 'ਤੇ ਛਾਪੇਮਾਰੀ , 90 ਘੰਟੇ ਚੱਲੀ ਕਾਰਵਾਈ

ਲੁਧਿਆਣਾ 10 ਸਤੰਬਰ। ਆਮਦਨ ਕਰ ਵਿਭਾਗ ਦੇ ਜਾਂਚ ਵਿੰਗ ਵੱਲੋਂ ਲੁਧਿਆਣਾ, ਚੰਡੀਗੜ੍ਹ, ਫਿਰੋਜ਼ਪੁਰ ਅਤੇ ਜਲੰਧਰ 'ਚ 35 ਥਾਵਾਂ 'ਤੇ ਕੀਤੀ ਛਾਪੇਮਾਰੀ ਸ਼ੁੱਕਰਵਾਰ ਦੇਰ ਰਾਤ ਸਮਾਪਤ ਹੋ ਗਈ। ਕਾਰਵਾਈ ਦੌਰਾਨ ਅਧਿਕਾਰੀਆਂ ਨੇ 10 ਕਰੋੜ ਤੋਂ ਵੱਧ ਦੀ ਨਕਦੀ, ਗਹਿਣੇ-ਸੋਨੇ, 15 ਤੋਂ 16 ਲਾਕਰ, ਬੇਹਿਸਾਬੀ ਜਾਇਦਾਦ ਵਿਕਰੀ-ਖਰੀਦ ਸਮਝੌਤੇ, ਵਿਦੇਸ਼ੀ ਕਰੰਸੀ ਜ਼ਬਤ ਕੀਤੀ। ਮੰਗਲਵਾਰ ਸਵੇਰੇ 30 ਥਾਵਾਂ ਤੋਂ ਸ਼ੁਰੂ ਹੋਈ ਆਮਦਨ ਕਰ ਵਿਭਾਗ ਦੀ ਕਾਰਵਾਈ ਵਧ ਕੇ 35 ਥਾਵਾਂ ਤੱਕ ਪਹੁੰਚ ਗਈ ਹੈ, ਜਿਨ੍ਹਾਂ 'ਚ ਫਾਈਨਾਂਸਰ ਚੇਤਨ ਜੈਨ, ਫਾਈਨਾਂਸਰ ਮੋਹਿਤ ਜੈਨ, ਝੰਡੂ ਪ੍ਰਮੋਟਰ, ਮਸ਼ਹੂਰ ਮੋਬਾਈਲ ਵਿਕ੍ਰੇਤਾ, ਰਾਣਾ ਪ੍ਰਾਪਰਟੀ, ਮਨੀ




ਐਕਸਚੇਂਜ ਡੀਲਰ ਪ੍ਰਿੰਸ, ਸੁਭਾਸ਼ ਪੋਲੀਟੈਕਸ ਦੇ ਸੌਰਭ ਕੇਜਰੀਵਾਲ, ਮਨਪ੍ਰੀਤ ਸਿੰਘ ਬੰਟੀ ਅਤੇ ਉਕਤ ਸਾਰੇ ਵਿਅਕਤੀਆਂ ਨਾਲ ਲੈਣ-ਦੇਣ ਕਰਨ ਵਾਲੇ ਸ਼ਾਮਲ ਹਨ। ਛਾਪੇਮਾਰੀ ਦੌਰਾਨ ਮਹੱਤਵਪੂਰਨ ਦਸਤਾਵੇਜ਼ ਅਤੇ ਡੇਟਾ ਜ਼ਬਤ ਕੀਤਾ ਗਿਆ ਹੈ। ਵਿਭਾਗੀ ਸੂਤਰਾਂ ਦਾ ਮੰਨਣਾ ਹੈ ਕਿ ਇਸ ਕਾਰਵਾਈ ਤੋਂ ਕਰੋੜਾਂ ਰੁਪਏ ਬਰਾਮਦ ਕੀਤੇ ਗਏ ਹਨ। ਇਸ ਦੇ ਨਾਲ ਹੀ, ਅਧਿਕਾਰੀ ਨੇ ਹਰ ਚੀਜ਼ ਦੀ ਸੂਚੀ ਵੀ ਬਣਾਈ ਅਤੇ ਸ਼ੁੱਕਰਵਾਰ ਨੂੰ ਛਾਪੇਮਾਰੀ ਪੂਰੀ ਕਰਨ ਤੋਂ ਬਾਅਦ ਚਲੇ ਗਏ। ਦੱਸ ਦੇਈਏ ਕਿ ਮੋਬਾਈਲ ਵੇਚਣ ਵਾਲੇ ਦੇ ਟਿਕਾਣੇ 'ਤੇ ਇਸ ਛਾਪੇਮਾਰੀ ਦੌਰਾਨ ਜ਼ਰੂਰੀ ਦਸਤਾਵੇਜ਼ਾਂ ਦੀ ਸੂਚੀ ਤਿਆਰ ਕਰਦੇ ਸਮੇਂ ਅਤੇ ਵਿਭਾਗ ਨੂੰ ਜੋ ਕੁਝ ਮਿਲਿਆ, ਉਸ ਤੋਂ ਬਾਅਦ ਉਕਤ ਕਾਰੋਬਾਰੀ ਦੀ ਸਿਹਤ ਵਿਗੜ ਗਈ, ਜਿਸ ਕਾਰਨ ਉਸ ਨੂੰ ਤੁਰੰਤ ਹਸਪਤਾਲ ?ਵਿਖੇ ਦਾਖਲ ਕਰਵਾਇਆ ਗਿਆ। ਕਾਰਵਾਈ ਦੌਰਾਨ, ਅਧਿਕਾਰੀਆਂ ਨੂੰ ਵਿਦੇਸ਼ੀ ਕਰੰਸੀ ਮਿਲੀ ਹੈ, ਜੇਕਰ ਜ਼ਬਤ ਕੀਤੀ ਕਰੰਸੀ ਹੱਦ ਤੋਂ ਵੱਧ ਹੈ, ਤਾਂ ਆਮਦਨ ਕਰ ਵਿਭਾਗ ਇਸ ਮਾਮਲੇ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਸੌਂਪ ਸਕਦਾ ਹੈ, ਜਿਸ ਤੋਂ ਬਾਅਦ ਈ. ਡੀ. ਮਨੀ ਲਾਂਡਰਿੰਗ ਐਕਟ ਤਹਿਤ ਮਾਮਲੇ 'ਚ ਅੱਗੇ ਦੀ ਕਾਰਵਾਈ ਕਰੇਗੀ।

### ਹੜ੍ਹ ਪ੍ਰਭਾਵਿਤ ਖੇਤਰਾਂ ਦੇ ਵਸਨੀਕਾਂ ਨੂੰ ਚਮੜੀ ਅਤੇ ਅੱਖਾਂ 'ਚ ਇਨਫੈਕਸ਼ਨ ਦੀਆਂ ਬੀਮਾਰੀਆਂ ਨੇ ਪਾਇਆ ਘੇਰਾ

ਅੰਮ੍ਰਿਤਸਰ 10 ਸਤੰਬਰ। ਹੜ੍ਹ ਪ੍ਰਭਾਵਿਤ ਖੇਤਰਾਂ 'ਚ ਰਹਿਣ ਵਾਲੇ ਕਈ ਲੋਕਾਂ ਨੂੰ ਹੁਣ ਚਮੜੀ ਦੇ ਰੋਗ ਅਤੇ ਅੱਖਾਂ 'ਚ ਇਨਫੈਕਸ਼ਨ ਆਦਿ ਬੀਮਾਰੀਆਂ ਨੇ ਘੇਰਾ ਪਾ ਲਿਆ। ਹੜ੍ਹਾਂ ਦੇ ਪਾਣੀ ਕਾਰਨ ਲੋਕਾਂ ਦੇ ਪੈਰਾਂ 'ਚ ਜਿੱਥੇ ਖਾਰਿਸ਼ ਹੋ ਰਹੀ ਹੈ, ਉਥੇ ਹੀ ਕਈਆਂ ਦੇ ਪੈਰਾਂ 'ਚ ਜ਼ਖਮ ਹੋ ਗਏ ਹਨ। ਇਸੇ ਤਰ੍ਹਾਂ ਅੱਖਾਂ 'ਚ ਲੋਕਾਂ ਦੇ ਖਾਰਿਸ਼ ਹੋ ਰਹੀ ਹੈ ਅਤੇ ਅੱਖਾਂ ਦਾ ਰੰਗ ਲਾਲ ਹੋ ਗਿਆ ਹੈ। ਨਵ-ਨਿਯੁਕਤ ਸਿਵਲ ਸਰਜਨ ਡਾ. ਸਵਰਨਜੀਤ ਧਵਨ ਵੱਲੋਂ ਹੜ੍ਹਾਂ ਦੀ ਸਥਿਤੀ ਨੂੰ ਮੱਦੇਨਜ਼ਰ ਰੱਖਦਿਆਂ ਖੁਦ ਪ੍ਰਭਾਵਿਤ ਇਲਾਕਿਆਂ 'ਚ ਜਾ ਕੇ ਜਿੱਥੇ ਮੈਡੀਕਲ ਕੈਂਪਾਂ 'ਚ ਡਾਕਟਰਾਂ ਅਤੇ ਮੁਲਾਜ਼ਮਾਂ ਦਾ ਮਾਰਗਦਰਸ਼ਨ ਕੀਤਾ ਜਾ ਰਿਹਾ ਹੈ, ਉਥੇ ਹੀ ਡੇਂਗੂ ਅਤੇ ਹੋਰ ਭਿਆਨਕ ਮਛਰਾਂ ਦੀ ਰੋਕਥਾਮ ਲਈ ਖੁਦ ਮਸ਼ੀਨਾਂ ਰਾਹੀਂ ਛਿੜਕਾਅ ਕੀਤਾ ਜਾ ਰਿਹਾ ਹੈ। ਡਾ. ਧਵਨ ਪ੍ਰਭਾਵਿਤ ਖੇਤਰਾਂ 'ਚ ਦਿਨ-ਰਾਤ ਚੱਲਣ ਵਾਲੇ ਮੈਡੀਕਲ ਕੈਂਪਾਂ ਦੀ ਅਗਵਾਈ ਕਰ ਰਹੇ ਹਨ। ਸਿਵਲ ਸਰਜਨ ਡਾ. ਸਵਰਨਜੀਤ ਧਵਨ ਨੇ ਦੱਸਿਆ ਕਿ ਲੋਕਾਂ ਨੂੰ ਵੱਡੇ ਪੱਧਰ 'ਤੇ ਸਿਹਤ ਵਿਭਾਗ ਵੱਲੋਂ ਦਵਾਈਆਂ ਉਪਲੱਬਧ ਕਰਵਾਈਆਂ ਗਈਆਂ। ਚਮੜੀ ਦੇ ਰੋਗਾਂ ਸਬੰਧੀ ਟਿਊਬਾਂ ਅਤੇ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਮਾਹਿਰ ਡਾਕਟਰਾਂ ਵੱਲੋਂ ਅੱਖਾਂ ਦੀ ਜਾਂਚ ਕਰ ਕੇ ਮੁਫਤ ਆਈ ਡਰੋਪ ਦਿੱਤੇ ਜਾ ਰਹੇ ਹਨ। ਡਾ. ਧਵਨ ਅਨੁਸਾਰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਫੌਗਿੰਗ, ਸਪ੍ਰੇਅ ਅਤੇ ਜਾਗਰੂਕਤਾ ਗਤੀਵਿਧਿਆਂ ਕੀਤੀਆਂ ਗਈਆਂ, ਜਿਸ 'ਚ ਵੱਖ-ਵੱਖ ਬੀਮਾਰੀਆਂ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ।

# ਨਗਰ ਨਿਗਮ ਕਮਿਸ਼ਨਰ ਨੇ ਕੀਤਾ ਅਚਨਚੇਤ ਨਿਰੀਖਣ, ਸਫਾਈ ਦੀ ਕਮੀ ਕਾਰਨ ਸੈਨੇਟਰੀ ਸੁਪਰਵਾਈਜ਼ਰ ਮੁਅੱਤਲ

ਕੌਮੀ ਪਤ੍ਰਿਕਾ

ਲੁਧਿਆਣਾ 10 ਸਤੰਬਰ। ਸੋਮਵਾਰ ਨੂੰ ਸਫਾਈ ਨੂੰ ਯਕੀਨੀ ਬਣਾਉਣ ਲਈ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਅਚਨਚੇਤ ਨਿਰੀਖਣ ਕਰਦੇ ਹੋਏ, ਨਗਰ ਨਿਗਮ ਕਮਿਸ਼ਨਰ ਆਦਿਤਿਆ ਡੇਚਲਵਾਲ ਨੇ ਇੱਕ ਸੈਨੇਟਰੀ ਸੁਪਰਵਾਈਜ਼ਰ (ਲੰਬੜਦਾਰ) ਨੂੰ ਉਸਦੇ ਸਬੰਧਤ ਇਲਾਕੇ ਵਿੱਚ ਸਫਾਈ ਦੀ ਕਮੀ ਹੋਣ ਕਾਰਨ ਮੁਅੱਤਲ ਕਰ ਦਿੱਤਾ। ਇਸ ਤੋਂ ਇਲਾਵਾ, ਡੇਚਲਵਾਲ ਨੇ ਸੈਨੇਟਰੀ ਇੰਸਪੈਕਟਰਾਂ (ਐੱਸ.ਆਈਜ਼), ਸੈਨੇਟਰੀ ਸੁਪਰਵਾਈਜ਼ਰਾਂ ਅਤੇ ਹੋਰ ਫੀਲਡ ਸਟਾਫ ਨੂੰ ਆਪਣੇ-ਆਪਣੇ ਇਲਾਕਿਆਂ ਵਿੱਚ ਸਫਾਈ ਯਕੀਨੀ ਬਣਾਉਣ ਲਈ ਸਖ਼ਤ ਚੇਤਾਵਨੀ ਜਾਰੀ ਕੀਤੀ, ਨਹੀਂ ਤਾਂ ਉਨ੍ਹਾਂ ਵਿਰੁੱਧ ਸਖ਼ਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਅਭਿਸ਼ੇਕ ਸ਼ਰਮਾ ਦੇ ਨਾਲ, ਨਗਰ ਨਿਗਮ ਕਮਿਸ਼ਨਰ ਡੇਚਲਵਾਲ ਨੇ ਪੱਖੋਵਾਲ ਰੋਡ, ਮਾਡਲ ਟਾਊਨ ਐਕਸਟੈਂਸ਼ਨ ਵਿੱਚ ਸ਼ਮਸ਼ਾਨਘਾਟ ਰੋਡ, ਦੁੱਗਰੀ ਰੋਡ, ਮਾਡਲ ਟਾਊਨ ਗੋਲ ਮਾਰਕੀਟ, ਪ੍ਰੀਤ ਪੈਲੇਸ ਨੇੜੇ ਜੰਮੂ ਕਲੋਨੀ, ਅਬਦੁੱਲਾਪੁਰ ਬਸਤੀ, ਆਤਮ ਨਗਰ, ਗਿੱਲ ਰੋਡ ਸਮੇਤ ਹੋਰ ਇਲਾਕਿਆਂ ਦਾ ਨਿਰੀਖਣ ਕੀਤਾ। ਨਿਰੀਖਣ ਦੌਰਾਨ ਸਿਹਤ ਅਧਿਕਾਰੀ ਡਾ. ਵਿਪਲ



ਮਲਹੋਤਰਾ, ਸੀ.ਐੱਸ.ਆਈ ਸੁਰਿੰਦਰ ਡੋਗਰਾ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ। ਜੰਮੂ ਕਲੋਨੀ ਅਤੇ ਅਬਦੁੱਲਾਪੁਰ ਬਸਤੀ ਇਲਾਕੇ ਵਿੱਚ ਸਫਾਈ ਦੀ ਕਮੀ ਨੂੰ ਵੇਖਦਿਆਂ, ਨਗਰ ਨਿਗਮ ਕਮਿਸ਼ਨਰ ਡੇਚਲਵਾਲ ਨੇ ਇਲਾਕੇ ਦੇ ਸੈਨੇਟਰੀ ਸੁਪਰਵਾਈਜ਼ਰ (ਲੰਬੜਦਾਰ) ਨੀਰਜ ਸਭਾਓ ਨੂੰ ਮੁਅੱਤਲ ਕਰਨ ਦੇ ਹੁਕਮ ਦਿੱਤੇ। ਡੇਚਲਵਾਲ ਨੇ ਦੱਸਿਆ ਕਿ ਸਿਹਤ ਸ਼ਾਖਾ ਦੇ ਸਟਾਫ ਨੂੰ ਸ਼ਹਿਰ ਭਰ ਵਿੱਚ ਸਫਾਈ ਨੂੰ ਯਕੀਨੀ ਬਣਾਉਣ ਲਈ ਪਹਿਲਾਂ ਹੀ ਸਖ਼ਤ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ। ਉਹ ਸਥਿਤੀ ਦਾ ਜਾਇਜ਼ਾ ਲੈਣ ਲਈ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਨਿਰੀਖਣ ਕਰ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਵੀ ਅਚਨਚੇਤ ਨਿਰੀਖਣ ਜਾਰੀ ਰਹਿਣਗੇ। ਸਟਾਫ਼ ਨੂੰ ਗੈਰ-ਕਾਨੂੰਨੀ ਮੀਟ ਕਟਾਈ ਵਿਰੁੱਧ ਕਾਰਵਾਈ ਕਰਨ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਚਲਾਨ ਜਾਰੀ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਹਨ। ਇੱਥੇ ਇਹ ਦੱਸਣਾ ਉਚਿਤ ਹੈ ਕਿ ਅਗਸਤ ਮਹੀਨੇ ਵਿੱਚ ਨਗਰ ਨਿਗਮ ਕਮਿਸ਼ਨਰ ਡੇਚਲਵਾਲ ਨੇ ਚੰਡੀਗੜ੍ਹ ਰੋਡ 'ਤੇ ਸਫਾਈ ਦੀ ਕਮੀ ਕਾਰਨ ਇੱਕ ਲੰਬੜਦਾਰ ਨੂੰ ਵੀ ਮੁਅੱਤਲ ਕਰ ਦਿੱਤਾ ਸੀ, ਜਦੋਂ ਕਿ ਡੰਡੀ ਸਵਾਮੀ ਚੌਕ ਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਸਫਾਈ ਦੀ ਕਮੀ ਕਾਰਨ ਲੰਬੜਦਾਰ ਅਤੇ ਸੀ.ਐੱਸ.ਆਈ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਸਨ। ਇਸ ਦੌਰਾਨ, ਨਗਰ ਨਿਗਮ ਕਮਿਸ਼ਨਰ ਡੇਚਲਵਾਲ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਨੂੰ ਸਾਫ਼ ਰੱਖਣ ਵਿੱਚ ਨਗਰ ਨਿਗਮ ਦਾ ਸਾਥ ਦੇਣ ਅਤੇ ਖੁੱਲ੍ਹੀਆਂ ਥਾਵਾਂ 'ਤੇ ਕੂੜਾ ਸੁੱਟਣਾ ਬੰਦ ਕਰਨ।

# ਹੜ੍ਹ ਪ੍ਰਭਾਵਿਤ ਖੇਤਰਾਂ ਦੇ ਪੁਨਰ ਨਿਰਮਾਣ 'ਚ ਅਹਿਮ ਭੂਮਿਕਾ ਨਿਭਾਵੇਗਾ ਪੰਜਾਬ ਦਾ ਉਦਯੋਗਿਕ ਖੇਤਰ: ਅਰੋੜਾ

ਕੌਮੀ ਪਤ੍ਰਿਕਾ

ਚੰਡੀਗੜ੍ਹ/ਜਲੰਧਰ 10 ਸਤੰਬਰ। ਉਦਯੋਗ ਮੰਤਰੀ ਸੰਜੀਵ ਅਰੋੜਾ ਨੇ ਸੂਖਮ, ਲਘੂ ਤੇ ਦਰਮਿਆਨੇ ਉਦਯੋਗ ਮੰਤਰਾਲੇ ਦੇ ਸਕੱਤਰ, ਸੰਯੁਕਤ ਸਕੱਤਰ ਤੇ ਵਾਤਾਵਰਨ, ਜੰਗਲਾਤ ਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ ਸਕੱਤਰ ਤੇ ਚੇਅਰਮੈਨ ਨਾਲ ਸੂਬੇ ਦੇ ਉਦਯੋਗਿਕ ਵਿਕਾਸ ਅਤੇ ਵਾਤਾਵਰਨੀ ਸਥਿਰਤਾ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਮੁੱਦਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਪਰਸਨ ਰੀਨਾ ਗੁਪਤਾ ਸਮੇਤ ਸੂਖਮ, ਲਘੂ ਤੇ ਦਰਮਿਆਨੇ ਉਦਯੋਗ ਮੰਤਰਾਲੇ ਦੇ ਸਕੱਤਰ ਨਾਲ ਮੁਲਾਕਾਤ ਕਰ ਕੇ ਕੇਂਦਰੀ ਖੇਤਰ ਦੀਆਂ ਯੋਜਨਾਵਾਂ ਦੇ ਲਾਗੂ ਕਰਨ ਤੇ ਪੰਜਾਬ ਲਈ ਹੋਰ ਮੌਕਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਮਾਈਕ੍ਰੋ ਐਂਡ ਸਮਾਲ ਐਂਟਰਪ੍ਰਾਈਜ਼ਿਜ਼ ਕਲੱਸਟਰ ਡਿਵੈਲਪਮੈਂਟ ਪ੍ਰੋਗਰਾਮ ਬਾਰੇ ਜਾਣੂ ਕਰਵਾਇਆ, ਜਿਸ ਦਾ ਉਦੇਸ਼ ਤਕਨਾਲੋਜੀ ਸੁਧਾਰ, ਹੁਨਰ ਵਿਕਾਸ, ਗੁਣਵੱਤਾ 'ਚ ਵਾਧਾ, ਮਾਰਕੀਟ ਪਹੁੰਚ, ਪੂੰਜੀ ਤੱਕ ਪਹੁੰਚ ਵਰਗੇ ਸਾਂਝੇ ਮੁੱਦਿਆਂ ਨੂੰ ਹੱਲ ਕਰ ਕੇ ਸੂਖਮ ਅਤੇ ਲਘੂ ਉਦਯੋਗਾਂ ਦੀ ਸਥਿਰਤਾ ਅਤੇ ਵਿਕਾਸ ਦਾ ਸਮਰਥਨ ਕਰਨਾ ਹੈ। ਉਨ੍ਹਾਂ ਨੇ ਕ੍ਰੈਡਿਟ ਗਾਰੰਟੀ ਫੰਡ ਟਰੱਸਟ ਫਾਰ ਮਾਈਕ੍ਰੋ ਐਂਡ ਸਮਾਲ ਐਂਟਰਪ੍ਰਾਈਜ਼ਿਜ਼ ਸਕੀਮ 'ਤੇ ਵੀ ਚਰਚਾ ਕੀਤੀ, ਜੋ ਨਵੇਂ ਤੇ ਮੌਜੂਦਾ ਸੂਖਮ, ਲਘੂ ਤੇ ਦਰਮਿਆਨੇ ਉਦਯੋਗਾਂ ਨੂੰ ਕਰਜ਼ਾ ਗਾਰੰਟੀ ਪ੍ਰਦਾਨ ਕਰਦੀ ਹੈ। ਇਸ ਮੌਕੇ ਬੁੱਢੇ ਨਾਲੇ



ਅਤੇ ਮੰਡੀ ਗੋਬਿੰਦਗੜ੍ਹ ਦੀਆਂ ਸਟੀਲ ਰੋਲਿੰਗ ਮਿੱਲਾਂ ਨਾਲ ਸਬੰਧਤ ਮੁੱਦਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ 'ਚ ਵਾਤਾਵਰਣ ਸੰਬੰਧੀ ਚਿੰਤਾਵਾਂ ਤੇ ਉਦਯੋਗਿਕ ਵਿਕਾਸ 'ਚ ਸੰਤੁਲਨ ਬਣਾਉਣ ਲਈ ਥੋੜ੍ਹੇ ਸਮੇਂ ਤੇ ਲੰਬੇ ਸਮੇਂ ਦੇ ਹੱਲ ਲੱਭਣ 'ਤੇ ਜ਼ੋਰ ਦਿੱਤਾ ਗਿਆ। ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਦਾ ਉਦਯੋਗਿਕ ਖੇਤਰ ਸੂਬੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਮੁੜ ਵਸੇਬੇ ਅਤੇ ਪੁਨਰ ਨਿਰਮਾਣ 'ਚ ਸਰਗਰਮੀ ਨਾਲ ਯੋਗਦਾਨ ਪਾਵੇਗਾ। ਉਨ੍ਹਾਂ ਕਿਹਾ ਕਿ ਉਦਯੋਗ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਬੁਨਿਆਦੀ ਢਾਂਚੇ, ਰੋਜ਼ੀ-ਰੋਟੀ ਅਤੇ ਜ਼ਰੂਰੀ ਸੇਵਾਵਾਂ ਨੂੰ ਬਹਾਲ ਕਰਨ ਲਈ ਹਰ ਸੰਭਵ ਅਤੇ ਵੱਧ ਤੋਂ ਵੱਧ ਮਦਦ ਕਰੇਗਾ। ਇੰਡਸਟਰੀ ਲੀਡਰਾਂ ਤੇ ਐਸੋਸੀਏਸ਼ਨਾਂ ਨੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਜਲਦੀ ਤੋਂ ਜਲਦੀ ਆਮ ਜੀਵਨ 'ਚ ਵਾਪਸ ਲਿਆਉਣ 'ਚ ਮਦਦ ਕਰਨ ਲਈ ਸਰਕਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਣ ਦੀ ਆਪਣੀ ਵਚਨਬੱਧਤਾ ਪ੍ਰਗਟਾਈ ਹੈ।

## ਮੰਤਰੀ ਸ਼ਿਵਰਾਜ ਚੌਹਾਨ ਅੱਗੇ ਅਰੁਣਾ ਚੌਧਰੀ ਨੇ ਡਿੱਗੇ ਮਕਾਨਾਂ ਦੀ ਗ੍ਰਾਂਟ ਪਹਿਲ ਦੇ ਆਧਾਰ 'ਤੇ ਦੇਣ ਦੀ ਕੀਤੀ ਮੰਗ

ਦੀਨਾਨਗਰ 10 ਸਤੰਬਰ। ਵਿਧਾਇਕਾ ਅਰੁਣਾ ਚੌਧਰੀ ਨੇ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਅੱਗੇ ਹਲਕਾ ਦੀਨਾਨਗਰ ਦੇ ਲੋਕਾਂ ਦੀਆਂ ਅਹਿਮ ਮੰਗਾਂ ਰੱਖਦਿਆਂ ਇਨ੍ਹਾਂ ਨੂੰ ਜਲਦ ਪੂਰਾ ਕਰਨ ਲਈ ਵਿਸ਼ੇਸ਼ ਬੇਨਤੀ ਕੀਤੀ ਹੈ। ਉਨ੍ਹਾਂ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਨ ਲਈ ਹਲਕਾ ਦੀਨਾਨਗਰ ਵਿਖੇ ਪਹੁੰਚੇ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਨੂੰ ਦੱਸਿਆ ਕਿ ਇੱਥੇ ਹੜ੍ਹ ਕਾਰਨ ਬਹੁਤ ਸਾਰੇ ਪਰਿਵਾਰਾਂ ਦੇ ਕੱਚੇ ਘਰ ਢਹਿ ਗਏ ਹਨ ਅਤੇ ਲੋਕਾਂ ਨੂੰ ਰਹਿਣ ਲਈ ਘਰ ਨਾ ਹੋਣ ਕਾਰਨ ਬਹੁਤ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ। ਜਿਸ ਕਾਰਨ ਉਹ ਅਪੀਲ ਕਰਦੇ ਹਨ ਕਿ ਅਜਿਹੇ ਪਰਿਵਾਰਾਂ ਨੂੰ ਮੁਆਵਜ਼ਾ ਪਹਿਲ ਦੇ ਆਧਾਰ 'ਤੇ ਦਿੱਤਾ ਜਾਵੇ। ਉਨ੍ਹਾਂ ਮੰਤਰੀ ਅੱਗੇ ਇਹ ਸੁਝਾਅ ਵੀ ਰੱਖਿਆ ਕਿ ਜਿਨ੍ਹਾਂ ਗਰੀਬ ਪਰਿਵਾਰਾਂ ਦੇ ਕੱਚੇ ਘਰਾਂ ਦੀ ਜੀਓ ਟੈਗਿੰਗ ਦੋ ਜਾਂ ਤਿੰਨ ਮਹੀਨੇ ਪਹਿਲਾਂ ਹੋਈ ਹੈ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਤਹਿਤ ਪਹਿਲ ਦੇ ਆਧਾਰ 'ਤੇ ਤੁਰੰਤ ਗ੍ਰਾਂਟਾਂ ਜਾਰੀ ਕਰਵਾਈਆਂ ਜਾਣ ਅਤੇ ਜਿਹੜੇ ਰਹਿ ਗਏ ਹਨ ਉਨ੍ਹਾਂ ਦਾ ਤੁਰੰਤ ਸਰਵੇ ਕਰਵਾ ਕੇ ਗ੍ਰਾਂਟਾਂ ਜਲਦ ਤੋਂ ਜਲਦ ਦਿਵਾਈਆਂ ਜਾਣ ਤਾਂ ਜੋ ਘਰਾਂ ਤੋਂ ਬੇਘਰ ਹੋ ਚੁੱਕੇ ਲੋਕ ਆਪਣਾ ਘਰ ਬਣਾ ਸਕਣ। ਇਸੇ ਤਰ੍ਹਾਂ ਵਿਧਾਇਕਾ ਅਰੁਣਾ ਚੌਧਰੀ ਨੇ ਇਲਾਕੇ ਅੰਦਰ ਫ਼ਸਲਾਂ ਅਤੇ ਪਸ਼ੂਆਂ ਤੋਂ ਇਲਾਵਾ ਹੋਰ ਮਾਲੀ ਨੁਕਸਾਨ ਲਈ ਵੀ ਜਲਦ ਰਿਲੀਫ਼ ਪੈਕੇਜ ਜਾਰੀ ਕਰਨ ਦੀ ਮੰਗ ਕੀਤੀ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਅਰੁਣਾ ਚੌਧਰੀ ਨੇ ਕਿਹਾ ਕਿ ਉਹ ਦੀਨਾਨਗਰ ਹਲਕੇ ਦੀ ਨੁਮਾਇੰਦਗੀ ਕਰਦੇ ਹਨ ਅਤੇ ਵਿਧਾਇਕਾ ਹੋਣ ਦੇ ਨਾਤੇ ਇੱਥੋਂ ਦੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਕੇਂਦਰੀ ਮੰਤਰੀ ਅੱਗੇ ਰੱਖਣਾ ਉਨ੍ਹਾਂ ਨੇ ਆਪਣਾ ਫ਼ਰਜ਼ ਸਮਝਿਆ ਅਤੇ ਉਹ ਆਸ ਕਰਦੇ ਹਨ ਕਿ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਇਸ ਬਾਰੇ ਜਲਦ ਹੀ ਚੰਗਾ ਸੁਨੇਹਾ ਦੇਣਗੇ ਅਤੇ ਲੋਕਾਂ ਨੂੰ ਰਾਹਤ ਪਹੁੰਚਾਈ ਜਾਵੇਗੀ।

# ਪੀ. ਜੀ. ਆਈ. ਫਿਰ ਚਮਕਿਆ, ਦੇਸ਼ ਦਾ ਦੂਜਾ ਸਭ ਤੋਂ ਵਧੀਆ ਮੈਡੀਕਲ ਸੰਸਥਾਨ

ਏਜੰਸੀਆਂ

ਚੰਡੀਗੜ੍ਹ 10 ਸਤੰਬਰ। ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਇੱਕ ਵਾਰ ਫਿਰ ਦੇਸ਼ ਦੀਆਂ ਮੋਹਰੀ ਸਿਹਤ ਸੰਸਥਾਵਾਂ 'ਚ ਸ਼ਾਮਲ ਹੋ ਗਿਆ ਹੈ। ਸਿੱਖਿਆ ਮੰਤਰਾਲੇ ਦੀ ਨੈਸ਼ਨਲ ਇੰਸਟੀਚਿਊਸ਼ਨਲ ਰੈਂਕਿੰਗ ਫਰੇਮਵਰਕ (ਨਿਰਫ) 2025 'ਚ ਪੀ. ਜੀ. ਆਈ. ਨੂੰ ਮੈਡੀਕਲ ਕੈਟੇਗਰੀ 'ਚ ਦੇਸ਼ ਦਾ ਦੂਜਾ ਸਭ ਤੋਂ ਵਧੀਆ ਹਸਪਤਾਲ ਦਾ ਸਥਾਨ ਮਿਲਿਆ ਹੈ। ਇਹ ਪ੍ਰਾਪਤੀ ਪੀ. ਜੀ. ਆਈ. ਦੇ ਨਾਂ ਲਗਾਤਾਰ 8ਵੀਂ ਵਾਰ ਦਰਜ ਹੋਈ ਹੈ, ਜੋ ਇਸਦੀ ਮੈਡੀਕਲ ਸਿੱਖਿਆ, ਖੋਜ ਅਤੇ ਮਰੀਜ਼ਾਂ ਦੀ ਸੇਵਾ ਦੇ ਖੇਤਰ ਵਿਚ ਇਸਦੇ ਸ਼ਾਨਦਾਰ ਯੋਗਦਾਨ ਨੂੰ ਦਰਸਾਉਂਦੀ ਹੈ। ਨਵੀਂ ਦਿੱਲੀ 'ਚ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਰੈਂਕਿੰਗ ਦਾ ਐਲਾਨ ਕੀਤਾ। ਪੀ. ਜੀ. ਆਈ. ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਕਿਹਾ ਕਿ ਇਹ ਰੈਂਕਿੰਗ ਸਿਰਫ਼ ਸਨਮਾਨ ਨਹੀਂ, ਸਗੋਂ ਸਾਡੀ ਸੰਸਥਾ ਦੀ ਮਰੀਜ਼ਾਂ ਦੀ




ਦੇਖਭਾਲ, ਮੈਡੀਕਲ ਸਿੱਖਿਆ ਅਤੇ ਖੋਜ ਪ੍ਰਤੀ ਅਟੁੱਟ ਵਚਨਬੱਧਤਾ ਦਾ ਪ੍ਰਤੀਕ ਹੈ। ਇਹ ਪ੍ਰਾਪਤੀ ਫੈਕਲਟੀ, ਸਟਾਫ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਦਾ ਨਤੀਜਾ ਹੈ, ਜਿਨ੍ਹਾਂ ਨੇ ਲਗਾਤਾਰ ਪੀ. ਜੀ. ਆਈ. ਨੂੰ ਦੇਸ਼ ਦੀਆਂ ਸਭ ਤੋਂ ਵਧੀਆ ਸੰਸਥਾਵਾਂ 'ਚ ਬਰਕਰਾਰ ਰੱਖਿਆ ਹੈ। ਇਹ ਸਨਮਾਨ ਪੀ. ਜੀ. ਆਈ. ਦੇ ਡੀਨ ਅਕਾਦਮਿਕ ਪ੍ਰੋਫੈਸਰ ਆਰ. ਕੇ. ਰਾਠੌਰ ਨੇ ਪ੍ਰਾਪਤ ਕੀਤਾ। ਸਾਲ 2018 ਤੋਂ 2025 ਤੱਕ ਲਗਾਤਾਰ ਦੂਜਾ ਸਥਾਨ ਪ੍ਰਾਪਤ ਕਰਕੇ ਪੀ. ਜੀ. ਆਈ. ਨੇ ਸਥਾਈ ਗੁਣਵੱਤਾ ਅਤੇ ਮਜਬੂਤੀ ਨੂੰ ਸਾਬਤ ਕੀਤਾ ਹੈ। ਇਹ ਨਾ ਸਿਰਫ ਸ਼ਾਨਦਾਰ ਅਕਾਦਮਿਕ ਅਤੇ ਕਲੀਨਿਕਲ ਸੇਵਾਵਾਂ ਦਾ ਨਤੀਜਾ ਹੈ, ਸਗੋਂ ਸੰਸਥਾ ਦੀ ਸਖ਼ਤ ਮਿਹਨਤ ਅਤੇ ਅਗਵਾਈ ਦਾ ਵੀ ਸਬੂਤ ਹੈ। ਪੀ. ਜੀ. ਆਈ. ਦਾ ਇਹ ਸ਼ਾਨਦਾਰ ਸਫ਼ਰ ਦੇਸ਼ ਭਰ ਦੀਆਂ ਮੈਡੀਕਲ ਸੰਸਥਾਵਾਂ ਲਈ ਪ੍ਰੇਰਨਾ ਸਰੋਤ ਹੈ।

# ਬਿਆਸ ਤੇ ਸਤਲੁਜ ਦਰਿਆ 'ਤੇ ਬਣੇ ਧੁੱਸੀ ਬੰਨ੍ਹ ਦੀ 24 ਘੰਟੇ ਰੱਖੀ ਜਾ ਰਹੀ ਨਿਗਰਾਨੀ: 43 ਤਰਨਤਾਰਨ ਰਾਹੁਲ

ਕੌਮੀ ਪਤ੍ਰਿਕਾ

ਹਰੀਕੇ ਪੱਤਣ 10 ਸਤੰਬਰ। ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਰਿਆ ਬਿਆਸ ਤੇ ਸਤਲੁਜ 'ਚ ਪਾਣੀ ਦਾ ਪੱਧਰ ਘੱਟ ਹੋਣ ਜ਼ਿਲ੍ਹਾ ਤਰਨ ਤਾਰਨ ਵਿੱਚ ਦਰਿਆ ਕੰਢੇ ਵਸੇ ਲੋਕਾਂ ਨੇ ਰਾਹਤ ਮਹਿਸੂਸ ਕੀਤੀ ਹੈ। ਉਨ੍ਹਾਂ ਦੱਸਿਆ ਕਿ ਹਰੀਕੇ ਹੈੱਡਵਰਕਸ ਵਿਖੇ ਵੀ ਪਾਣੀ ਦਾ ਪੱਧਰ ਘਟਿਆ ਹੈ ਅਤੇ ਹੈੱਡਵਰਕਸ ਤੋਂ ਡਾਊਨ ਸਟਰੀਮ ਛੱਡੇ ਜਾਣ ਵਾਲੇ ਪਾਣੀ ਵਿੱਚ ਵੀ ਕਮੀ ਆਈ ਹੈ, ਜਿਸ ਨਾਲ ਹਰੀਕੇ ਹਥਾੜ ਖੇਤਰ ਵਿੱਚ ਦਰਿਆ ਸਤਲੁਜ ਵਿੱਚ ਪਾਣੀ ਵਹਾਅ ਘਟਿਆ ਹੈ। ਉਨ੍ਹਾਂ ਕਿਹਾ ਕਿ ਦਰਿਆਂਵਾਂ ਵਿੱਚ ਪਾਣੀ ਦਾ ਵਹਾਅ ਘੱਟ ਹੋਣ ਨਾਲ ਸਾਨੂੰ ਦਰਿਆਂ ਨਾਲ ਲੱਗਦੇ ਕਮਜ਼ੋਰ ਸਥਾਨਾਂ ਅਤੇ ਧੁੱਸੀ ਬੰਨ੍ਹ 'ਤੇ ਨਾਜ਼ੁਕ ਸਥਾਨਾਂ ਨੂੰ ਮਜ਼ਬੂਤ ਕਰਨ ਲਈ ਹੋਰ ਸਮਾਂ ਮਿਲੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਾਵੇਂ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਘੱਟ ਹੋਇਆ ਹੈ, ਫਿਰ ਵੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡਾਂ ਦੇ ਲੋਕਾਂ ਤੇ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨਾਲ ਮਿਲ ਕੇ ਪੂਰੀ ਚੌਕਸੀ ਵਰਤਦਿਆਂ ਦਰਿਆ 'ਤੇ ਬਣੇ ਧੁੱਸੀ ਬੰਨ੍ਹ 'ਤੇ 24 ਨਿਗਰਾਨੀ ਰੱਖੀ ਜਾ ਰਹੀ ਹੈ ਤਾਂ ਜੋ ਬੰਨ੍ਹ ਵਿੱਚ ਨਾਜ਼ੁਕ ਸਥਾਨਾਂ 'ਤੇ ਕਿਸੇ ਵੀ ਤਰ੍ਹਾਂ ਦਾ ਰਿਸਾਵ ਪਤਾ ਲੱਗਣ 'ਤੇ ਉਸ ਨੂੰ ਮਜ਼ਬੂਤ ਕੀਤਾ ਜਾ ਸਕੇ। ਡਿਪਟੀ ਕਮਿਸ਼ਨਰ ਨੇ ਹੜ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਪਿੰਡਾਂ ਦੇ ਲੋਕਾਂ ਅਤੇ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਅਤੇ ਆਰਮੀ ਵੱਲੋਂ ਦਿੱਤੇ



ਗਏ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਇਹਨਾਂ ਦੇ ਸਹਿਯੋਗ ਤੋਂ ਬਿਨ੍ਹਾਂ ਅਜਿਹੇ ਹਾਲਾਤਾਂ ਦਾ ਸਾਹਮਣਾ ਕਰਨਾ ਬਹੁਤ ਮੁਸ਼ਕਿਲ ਹੈ। ਉਨ੍ਹਾਂ ਕਿਹਾ ਅਜੇ ਵੀ ਕਸਬਾ ਹਰੀਕੇ ਨੇੜੇ ਪਿੰਡ ਮਰੜ ਵਿਖੇ ਦਰਿਆਂ ਦੀ ਢਾਹ ਲੱਗਣ ਕਾਰਨ ਬੰਨ੍ਹ ਨੂੰ ਨੁਕਸਾਨ ਪਹੁੰਚਿਆ ਸੀ, ਜਿਸ ਨੂੰ ਮਜ਼ਬੂਤ ਕਰਨ ਦਾ ਕੰਮ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡਾਂ ਦੇ ਲੋਕਾਂ, ਸਮਾਜਿਕ ਤੇ ਧਾਰਮਿਕ ਸੰਸਥਾਵਾਂ ਅਤੇ ਆਰਮੀ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਸੰਪਰਦਾਇ ਕਾਰਸੇਵਾ ਸਰਹਾਲੀ ਵਾਲੇ ਸੰਤ ਬਾਬਾ ਸੁੱਖਾ ਸਿੰਘ ਅਤੇ ਸੰਤ ਬਾਬਾ ਹਾਕਮ ਸਿੰਘ ਵੱਲੋਂ ਪਿੰਡ ਘੜੁੰਮ ਤੇ ਕੁੱਤੀਵਾਲਾ ਵਿਖੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਵਿੱਚ ਮਿਲੇ ਸਹਿਯੋਗ ਦਾ ਵਿਸ਼ੇਸ ਧੰਨਵਾਦ ਕੀਤਾ, ਜਿਸ ਸਦਕਾ ਬੰਨ੍ਹ ਨੂੰ ਸਮੇਂ ਸਿਰ ਮਜ਼ਬੂਤ ਕੀਤਾ ਜਾ ਸਕਿਆ। ਉਨ੍ਹਾਂ ਕਿਹਾ ਕਿ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਅਤੇ ਲੋਕਾਂ ਦੇ ਸਹਿਯੋਗ ਤੋਂ ਵਗੈਰ ਅਜਿਹੀਆਂ ਕੁਦਰਤੀ ਆਫ਼ਤਾਂ ਨੂੰ ਨਜਿੱਠਣਾ ਅਸੰਭਵ ਹੈ। ਇਸ ਮੌਕੇ ਸੰਪਰਦਾਇ ਕਾਰ ਸੇਵਾ ਸਰਹਾਲੀ ਵਾਲੇ ਸੰਤ ਬਾਬਾ ਹਾਕਮ ਸਿੰਘ ਜੀ ਨੇ ਕਿਹਾ ਕਿ ਇਸ ਕੁਦਰਤ ਆਫਤ ਦਾ ਸਾਨੂੰ ਸਭ ਨੂੰ ਮਿਲ ਕੇ ਸਾਹਮਣਾ ਕਰਨਾ ਚਾਹੀਦਾ ਹੈ ਤਾਂ ਜੋ ਇਸ ਨਾਲ ਹੋਣ ਵਾਲੇ ਨੁਕਸਾਨ ਨੂੰ ਘੱਟ ਕੀਤਾ ਜਾ ਸਕੇ ਅਤੇ ਪ੍ਰਭਾਵਿਤ ਲੋਕਾਂ ਨੂੰ ਫੌਰੀ ਰਾਹਤ ਪਹੁੰਚਾਈ ਜਾ ਸਕੇ। ਉਨ੍ਹਾਂ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਸਮੂਹ ਸੰਗਤਾਂ ਅਤੇ ਪੰਜਾਬੀਆਂ ਦਾ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਇਸ ਕਾਰਜ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ।